ੴ ਸਤਿਗੁਰ ਪ੍ਰਸਾਦਿ॥

# ਨਿਰਮਲ ਉਪਦੇਸ਼

ਸ੍ਰੀਮਾਨ ੧੦੮ ਮਹੰਤ ਬੁੱਢਾ ਸਿੰਘ ਜੀ ਮਹਾਰਾਜ

ਨਿਰਮਲ ਆਸ਼ਰਮ ਰਿਸ਼ੀਕੇਸ਼

ਪ੍ਰਕਾਸ਼ਕ
**ਮਹੰਤ ਰਾਮ ਸਿੰਘ**
ਨਿਰਮਲ ਆਸ਼ਰਮ, ਨਿਰਮਲ ਮਾਰਗ
ਰਿਸ਼ੀਕੇਸ਼ – 249201
ਜਿਲ੍ਹਾ ਦੇਹਰਾਦੂਨ (ਉੱਤਰਾਖੰਡ)

- ਪਹਿਲੀ ਵਾਰ : ਮਾਰਚ, 1994
- ਦੂਜੀ ਵਾਰ : ਜੂਨ, 1996
- ਤੀਸਰੀ ਵਾਰ : ਜੂਨ, 1998
- ਚੌਥੀ ਵਾਰ : ਜੁਲਾਈ, 2000
- ਪੰਜਵੀਂ ਵਾਰ : ਸਿਤੰਬਰ, 2004
- ਛੇਵੀਂ ਵਾਰ : ਅਕਤੂਬਰ, 2007
- ਸੱਤਵੀਂ ਵਾਰ (ਸੰਸ਼ੋਧਿਤ) : ਜੂਨ 2012

- ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਮੁਦਰਕ :
ਸੰਜਯ ਪ੍ਰੈਸ
ਸ਼ਾਹਦਰਾ, ਦਿੱਲੀ।

# ਨਵੇਂ ਸੰਸ਼ੋਧਿਤ ਐਡੀਸ਼ਨ ਬਾਰੇ

ਮਈ 1981 ਈ. ਵਿੱਚ ਪਰਮ ਸਤਿਕਾਰਯੋਗ ਬ੍ਰਹਮਲੀਨ ਗੁਰੂਦੇਵ ਸ੍ਰੀਮਾਨ 108 ਸੰਤ ਬਾਬਾ ਨਿੱਕਾ ਸਿੰਘ 'ਵਿਰੱਕਤ' ਜੀ ਮਹਾਰਾਜ ਨੇ ਆਪਣੇ ਅਨਿੰਨ ਸੇਵਕ ਭਾਈ ਰਾਮ ਸਿੰਘ ਨੂੰ 'ਸੰਤ' ਪਦਵੀ ਬਖ਼ਸ਼ਿਸ਼ ਕੀਤੀ। ਨਿਰਮਲ ਭੇਖ ਬਖ਼ਸ਼ ਕੇ ਸ੍ਰੀ ਨਿਰਮਲ ਆਸ਼ਰਮ, ਰਿਸ਼ੀਕੇਸ਼ ਦਾ ਮਹੰਤ ਥਾਪ ਦਿੱਤਾ ਜੋ ਇਸ ਸਮੇਂ ਗੱਦੀ-ਨਸ਼ੀਨ ਹਨ। ਥੋੜ੍ਹੇ ਸਮੇਂ ਬਾਅਦ ਅਪ੍ਰੈਲ 1983 ਈ. ਵਿੱਚ ਦਾਸ ਜੋਧ ਸਿੰਘ ਅਤੇ ਗੁਰਿੰਦਰ ਸਿੰਘ 'ਛੋਟੂ' ਨੂੰ ਨਿਰਮਲ ਭੇਖ ਬਖਸ਼ਿਸ਼ ਕੀਤਾ। ਅਸ਼ੀਰਵਾਦ ਦੇਕੇ ਪੂਜਨੀਕ ਮਹੰਤ ਬਾਬਾ ਰਾਮ ਸਿੰਘ ਜੀ ਨਾਲ ਰਿਸ਼ੀਕੇਸ਼ ਜਾਕੇ ਨਿਰਮਲ ਆਸ਼ਰਮ ਦੀ ਚੜ੍ਹਦੀ ਕਲਾ ਲਈ ਸੇਵਾ ਕਰਨ ਦਾ ਹੁਕਮ ਕੀਤਾ। ਸਮੂਹ ਸੰਗਤਾਂ ਉੱਤੇ ਬੇਅੰਤ ਕ੍ਰਿਪਾ ਕਰਦੇ ਹੋਏ, ਗੁਰੂ ਹੁਕਮ ਅਨੁਸਾਰ ਆਪ ਜੀ 22 ਜੁਲਾਈ 1983 ਈ. ਦਿਨ ਸ਼ੁੱਕਰਵਾਰ, ਮੁਤਾਬਿਕ ਹਾੜ ਸੁਦੀ 13 ਨੂੰ ਗੋਰਾਇਆ ਵਿਖੇ ਸੱਚਖੰਡ ਪਿਆਨਾ ਕਰ ਗਏ।

ਆਪ ਜੀ ਦੇ ਇਲਾਹੀ ਬਚਨਾਂ ਦੇ ਫਲ-ਸਰੂਪ ਨਿਰਮਲ ਆਸ਼ਰਮ ਵਿਖੇ ਲੰਗਰ, ਅੰਨ-ਛੇਤਰ, ਭੰਡਾਰੇ, ਗਰੀਬਾਂ, ਲੋੜਵੰਦਾਂ ਅਤੇ ਸਾਧੂ-ਸੰਤਾਂ ਦੀ ਸੇਵਾ ਆਦਿ ਦੇ ਕੰਮਾਂ ਵਿੱਚ ਵਿਸ਼ੇਸ਼ ਸੁਧਾਰ ਅਤੇ ਵਾਧਾ ਹੋਣਾ ਸ਼ੁਰੂ ਹੋਇਆ। ਸ੍ਰੀਮਾਨ ਮਹੰਤ ਬਾਬਾ ਰਾਮ ਸਿੰਘ ਜੀ ਦੀ ਦਿਆਲੂ ਸੋਚ ਦੇ ਕਾਰਣ ਹੀ 13 ਅਪ੍ਰੈਲ,1986 ਈ. ਵਾਲੇ ਦਿਨ ਹਰਿਦੁਆਰ ਕੁੰਭ ਮੇਲੇ ਦੇ ਸ਼ੁੱਭ ਮੌਕੇ ਤੇ ਨਿਰਮਲ ਆਸ਼ਰਮ ਹਸਪਤਾਲ ਦਾ ਨੀਂਹ-ਪੱਥਰ ਰੱਖਿਆ ਗਿਆ ਅਤੇ ਅਪ੍ਰੈਲ 1990 ਈ. ਵਿੱਚ ਇਸ ਹਸਪਤਾਲ ਨੂੰ ਮਾਨਵਤਾ ਦੀ ਸੇਵਾ ਲਈ, ਲੋਕ ਅਰਪਣ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਨਿਰਮਲ ਆਸ਼ਰਮ ਦੀ ਰਿਹਾਇਸ਼ੀ ਇਮਾਰਤ ਵਿੱਚ ਤਕਰੀਬਨ ਵੀਹ (20) ਕੁ ਕਮਰੇ ਨਵੇਂ ਉਸਾਰੇ ਗਏ ਅਤੇ ਕੁੱਝ ਕੁ ਪੁਰਾਣੇ ਕਮਰਿਆਂ ਦਾ ਸੁਧਾਰ ਕਰਾਇਆ ਗਿਆ। ਸੰਨ 1992 ਈ. ਨੂੰ ਨਿਰਮਲ ਬਾਗ, ਕਨਖਲ (ਹਰਿਦੁਆਰ) ਦੀ ਨਵੀਂ ਇਮਾਰਤ (ਸਤਿਸੰਗ ਹਾਲ) ਦੀ ਉਸਾਰੀ ਸ਼ੁਰੂ ਕਰਵਾਈ ਜਿਸਦਾ ਉਦਘਾਟਨ ਸੰਨ 1994 ਈ. ਵਿੱਚ ਕੀਤਾ ਗਿਆ। ਗਊਸ਼ਾਲਾ, ਬਾਗ-ਬਗੀਚਾ ਅਤੇ ਖੇਤੀਬਾੜੀ ਵਿੱਚ ਹੋਰ ਆਧੁਨਿਕ ਤਕਨੀਕਾਂ ਜੋੜੀਆਂ ਗਈਆਂ। ਇਸ ਤਰ੍ਹਾਂ ਆਸ਼ਰਮ ਦੀ ਬਹੁਪੱਖੀ ਉੱਨਤੀ ਹੋਣ ਲੱਗੀ।

ਹਥਲੀ ਪੁਸਤਕ 'ਨਿਰਮਲ ਉਪਦੇਸ਼' ਦੇ ਪ੍ਰਕਾਸ਼ਕ ਪਰਮ ਪੂਜਨੀਕ ਸ੍ਰੀਮਾਨ 108 ਬ੍ਰਹਮ ਗਿਆਨੀ, ਬ੍ਰਹਮਨਿਸ਼ਠ, ਜਪ-ਤਪ ਦੇ ਧਾਰਣੀ, ਸੇਵਾ ਦੇ ਪੁੰਜ ਅਤੇ ਮਹਾਨ ਪਰਉਪਕਾਰੀ ਮਹੰਤ ਬਾਬਾ ਰਾਮ ਸਿੰਘ ਜੀ, ਨਿਰਮਲ ਆਸ਼ਰਮ-ਰਿਸ਼ੀਕੇਸ਼ ਵਾਲੇ ਹਨ। ਹੁਣ ਆਪ ਜੀ ਦੀ ਆਗਿਆ ਅਤੇ ਅਸ਼ੀਰਵਾਦ ਲੈਣ ਉਪ੍ਰੰਤ ਇਸ ਪੁਸਤਕ ਨੂੰ ਕੁੱਝ ਜ਼ਰੂਰੀ ਸੋਧਾਂ ਕਰਕੇ, ਨਵੇਂ ਸਿਰਿਉਂ ਛਪਵਾਇਆ ਗਿਆ ਹੈ। ਇਸ ਪੁਸਤਕ ਦੇ ਹੋਂਦ ਵਿੱਚ ਆਉਣ ਦੀ ਕਹਾਣੀ ਕੁੱਝ ਇਸ ਪ੍ਰਕਾਰ ਹੈ-

1993 ਈ. ਦੌਰਾਨ ਇੱਕ ਦਿਨ ਦਾਸ ਨੂੰ ਨਿਰਮਲ ਆਸ਼ਰਮ, ਰਿਸ਼ੀਕੇਸ਼ ਦੀ ਲਾਇਬਰੇਰੀ ਵਿੱਚ ਪੁਸਤਕਾਂ ਦੀ ਦੇਖ-ਭਾਲ ਕਰਦੇ ਹੋਇਆਂ ਸਿੰਧੀ ਭਾਸ਼ਾ ਵਿੱਚ ਛਪੀਆਂ ਹੋਈਆਂ ਕੁੱਝ ਕੁ ਪੁਸਤਕਾਂ ਮਿਲੀਆਂ। ਆਸ਼ਰਮ ਵਿੱਚ ਠਹਿਰੇ ਹੋਏ ਇੱਕ ਸਿੰਧੀ ਪ੍ਰੇਮੀ ਤੋਂ ਉਨ੍ਹਾਂ ਪੁਸਤਕਾਂ ਤੇ ਲਿਖਾਰੀਆਂ ਦੇ ਨਾਮ ਅਤੇ ਵਿਸ਼ੇ-ਵਸਤੂਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਵਿੱਚੋਂ ਇੱਕ ਪੁਸਤਕ ਦਾ ਨਾਮ ਸੀ 'ਨਿਰਮਲ ਉਪਦੇਸ਼ ਅਥਵਾ ਗੁਰਮੁਖਿ ਅਤੇ ਮਨਮੁਖਿ ਦੇ ਲੱਛਣ'। ਇਹ ਪੁਸਤਕ ਮਹਾਨ ਵਿੱਦਵਾਨ, ਤੱਤਵੇਤਾ, ਬ੍ਰਹਮਗਿਆਨੀ ਮਹੰਤ ਬੁੱਢਾ ਸਿੰਘ ਜੀ ਮਹਾਰਾਜ ਦੇ ਪ੍ਰਵਚਨਾਂ ਦਾ ਸੰਗ੍ਰਹਿ ਸੀ।

ਆਪ ਜੀ ਨੇ ਦੇਸ਼ ਦੇ ਕੋਨੇ-ਕੋਨੇ ਵਿੱਚ ਜਾ ਕੇ ਸਾਧ-ਸੰਗਤ ਨੂੰ ਗੁਰਬਾਣੀ ਨਾਲ ਜੋੜਿਆ ਅਤੇ ਪਰਮ ਅਨੰਦ ਦਾ ਮਾਰਗ ਦਰਸਾਇਆ। ਇਸ ਤਰ੍ਹਾਂ ਪ੍ਰਚਾਰ ਕਰਦੇ ਹੋਏ ਸੰਨ 1923 ਈ. ਵਿੱਚ ਇੱਕ ਵਾਰ ਉਨ੍ਹਾਂ ਨੇ ਰਾਗ ਮਾਝ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਣ ਕੀਤੀ ਹੋਈ ਇੱਕ ਅਸ਼ਟਪਦੀ ਦੀ ਸੰਪੂਰਣ ਵਿਆਖਿਆ ਕੀਤੀ। ਮਹਾਰਾਜ ਜੀ ਦੁਆਰਾ ਕੀਤੇ ਪ੍ਰਵਚਨਾਂ ਨੂੰ ਉਨ੍ਹਾਂ ਦੇ ਸਤਸੰਗੀ ਇੱਕ ਸਿੰਧੀ ਸੇਵਕ ਨੇ ਨਾਲ-ਨਾਲ ਲਿਖਕੇ ਬਾਅਦ ਵਿੱਚ ਪੁਸਤਕ ਦਾ ਰੂਪ ਦੇ ਦਿੱਤਾ। ਇਸ ਪੁਸਤਕ ਦੇ ਲਾਇਬਰੇਰੀ ਵਿੱਚੋਂ ਪ੍ਰਾਪਤ ਹੋਣ ਤੋਂ ਬਾਅਦ ਅਸੀਂ ਆਪਸੀ ਵਿਚਾਰ ਕੀਤਾ ਕਿ ਇਸ ਪੁਸਤਕ ਦਾ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਕੇ ਛਪਵਾਉਣਾ ਚਾਹੀਦਾ ਹੈ ਤਾਂ ਕਿ ਸਿੰਧੀ ਸੰਗਤਾਂ ਤੋਂ ਇਲਾਵਾ ਹੋਰ ਸੰਗਤਾਂ ਵੀ ਲਾਭ ਲੈ ਸਕਣ। ਸੰਤ ਗੁਰਿੰਦਰ ਸਿੰਘ 'ਛੋਟੂ' ਜੀ ਨੇ ਇੱਕ ਸਿੰਧੀ ਪ੍ਰੇਮੀ ਭਾਈ ਮੂਲ ਚੰਦ ਜੀ ਬੰਬਈ ਨਿਵਾਸੀ ਦੀ ਸਹਾਇਤਾ ਨਾਲ ਇਸ ਪੁਸਤਕ ਦਾ ਪੰਜਾਬੀ ਵਿੱਚ ਉਲੱਥਾ (ਹਿੰਦੀ ਪੰਜਾਬੀ ਮਿਲਵੀਂ ਜਿਹੀ ਭਾਸ਼ਾ ਵਿੱਚ) ਕਰਨਾ ਸ਼ੁਰੂ ਕਰ ਦਿੱਤਾ। ਬਾਅਦ ਵਿੱਚ ਦਾਸ ਨੇ ਉਨ੍ਹਾਂ ਲੇਖਾਂ ਦੀ ਭਾਸ਼ਾ ਦਾ ਸੁਧਾਰ ਕਰਕੇ ਸ਼ੁੱਧ

ਪੰਜਾਬੀ ਬਣਾਉਣ ਦੀ ਸੇਵਾ ਕੀਤੀ। ਇਉਂ ਪਹਿਲਾ ਐਡੀਸ਼ਨ ਮਾਰਚ 1994 ਈ. ਵਿੱਚ ਛਪਿਆ ਅਤੇ ਪੰਜਾਬੀ ਪੜ੍ਹ ਸਕਣ ਵਾਲੇ ਦੇਸ਼-ਵਿਦੇਸ਼ ਵਿੱਚ ਬੈਠੇ ਪ੍ਰੇਮੀਆਂ ਨੇ ਇਸ ਉੱਤਮ ਅਤੇ ਸਰਲ ਗ੍ਰੰਥ ਨੂੰ ਪੜ੍ਹ ਕੇ ਲਾਹਾ ਲਿਆ। ਕਿਉਂਕਿ ਸਾਰੀ ਪੁਸਤਕ ਸਰਲ ਭਾਸ਼ਾ ਵਿੱਚ ਪ੍ਰਸ਼ਨ-ਉੱਤਰ ਦੇ ਕ੍ਰਮ ਨਾਲ ਦ੍ਰਿਸ਼ਟਾਂਤਾਂ ਸਹਿਤ ਲਿਖੀ ਹੋਈ ਹੈ ਅਤੇ ਪੁਸਤਕ ਦੇ ਵਿਸ਼ਾ-ਵਸਤੂ ਦੀ ਆਸਾਨੀ ਨਾਲ ਸਮਝ ਪੈਂਦੀ ਹੈ ਇਸ ਲਈ ਹਿੰਦੀ ਭਾਸ਼ੀ ਸੰਗਤਾਂ ਵੱਲੋਂ ਵੀ ਮੰਗ ਵਧਣ ਲੱਗੀ। ਸੋ 'ਨਿਰਮਲ ਉਪਦੇਸ਼' ਦਾ ਹਿੰਦੀ ਅਨੁਵਾਦ ਡਾ. ਮਦਨ ਗੁਲਾਟੀ ਜੀ, ਕਰਨਾਲ ਤੋਂ ਕਰਵਾ ਕੇ ਪਹਿਲੀ ਵਾਰ ਸੰਨ 1995 ਈ. ਵਿੱਚ ਛਪਵਾਇਆ ਗਿਆ। ਵੱਡੇ ਸ਼ਹਿਰਾਂ ਅਤੇ ਵਿਦੇਸ਼ਾਂ ਵਿੱਚ ਬੈਠੇ ਕੁੱਝ ਕੁ ਪੜ੍ਹੇ ਲਿਖੇ ਸੱਜਣਾਂ ਅਤੇ ਖਾਸ ਕਰਕੇ ਨਵੀਂ ਪੀੜ੍ਹੀ ਦੇ ਬੱਚਿਆਂ ਨੇ ਜੋ ਪੰਜਾਬੀ ਤੇ ਹਿੰਦੀ ਕੋਈ ਵੀ ਭਾਸ਼ਾ ਨਹੀਂ ਪੜ੍ਹ ਸਕਦੇ, ਇਸ ਪੁਸਤਕ ਨੂੰ ਅੰਗਰੇਜ਼ੀ ਵਿੱਚ ਛਪਾਉਣ ਦੀ ਮੰਗ ਕੀਤੀ। ਉਨ੍ਹਾਂ ਦੀ ਮੰਗ ਅਨੁਸਾਰ ਅੰਗ੍ਰੇਜ਼ੀ ਅਨੁਵਾਦ ਵੀ ਕਰਵਾ ਕੇ ਛਪਵਾ ਦਿੱਤਾ ਗਿਆ। ਹੁਣ ਜਦੋਂ 'ਪੰਜਾਬੀ' ਵਿੱਚ ਛਪੀ ਹੋਈ ਪੁਸਤਕ ਦਾ ਭੰਡਾਰ ਖਤਮ ਹੋਣ ਤੇ ਆਇਆ ਤਾਂ ਛਪਵਾਉਣ ਤੋਂ ਪਹਿਲਾਂ ਇਹ ਵਿਚਾਰ ਆਇਆ ਕਿ ਕਿਉਂ ਨਾ ਇਸ ਪਹਿਲਾਂ ਛਪੀ 'ਪੰਜਾਬੀ' ਅਨੁਵਾਦਤ ਪੁਸਤਕ ਨੂੰ ਕੁੱਝ ਜਰੂਰੀ ਸੋਧਾਂ ਕਰਕੇ ਛਪਵਾਇਆ ਜਾਵੇ। ਸੋ, ਅਜਿਹਾ ਹੀ ਕੀਤਾ ਗਿਆ ਹੈ।

ਮੈਨੂੰ ਪੂਰੀ ਉਮੀਦ ਹੈ ਕਿ ਪੁਸਤਕ ਦਾ ਇਹ ਨਵਾਂ ਸੰਸ਼ੋਧਿਤ ਐਡੀਸ਼ਨ ਸਮੂਹ ਸੰਗਤਾਂ, ਪਾਠਕਾਂ ਅਤੇ ਬੁੱਧੀਜੀਵੀ ਸਤਿਸੰਗੀਆਂ ਨੂੰ ਪਸੰਦ ਆਵੇਗਾ। ਕਿਸੇ ਵੀ ਕੰਮ ਨੂੰ ਕਰਦੇ ਹੋਇਆਂ ਗਲਤੀਆਂ ਹੋ ਜਾਣੀਆਂ ਸੁਭਾਵਿਕ ਹਨ, ਸੋ ਨਿਵੇਦਨ ਹੈ ਕਿ ਸੁਝਾਉ ਦੇਣ ਦੀ ਕ੍ਰਿਪਾਲਤਾ ਕਰਨਾ ਜੀ।

ਧੰਨਵਾਦ ਸਹਿਤ!

ਨਿਵੇਦਕ

**ਸੰਤ ਜੋਧ ਸਿੰਘ**

ਜੂਨ, 2012 ਨਿਰਮਲ ਆਸ਼ਰਮ-ਰਿਸ਼ੀਕੇਸ਼

# ਨਿਰਮਲ ਉਪਦੇਸ਼

ੴ ਸਤਿਗੁਰ ਪ੍ਰਸਾਦਿ॥

ਮਾਝ ਮਹਲਾ ੫

ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ॥
ਕਉਣੁ ਸੁ ਗਿਆਨੀ ਕਉਣੁ ਸੁ ਬਕਤਾ॥
ਕਉਣੁ ਸੁ ਗਿਰਹੀ ਕਉਣੁ ਉਦਾਸੀ ਕਉਣੁ ਸੁ ਕੀਮਤਿ ਪਾਏ ਜੀਉ॥੧॥
ਕਿਨਿ ਬਿਧਿ ਬਾਧਾ ਕਿਨਿ ਬਿਧਿ ਛੂਟਾ॥
ਕਿਨਿ ਬਿਧਿ ਆਵਣੁ ਜਾਵਣੁ ਤੂਟਾ॥
ਕਉਣ ਕਰਮ ਕਉਣ ਨਿਹਕਰਮਾ ਕਉਣੁ ਸੁ ਕਹੈ ਕਹਾਏ ਜੀਉ॥੨॥
ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ॥
ਕਉਣੁ ਸੁ ਸਨਮੁਖੁ ਕਉਣੁ ਵੇਮੁਖੀਆ
ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ
ਇਹ ਬਿਧਿ ਕਉਣੁ ਪ੍ਰਗਟਾਏ ਜੀਉ॥੩॥
ਕਉਣੁ ਸੁ ਅਖਰੁ ਜਿਤੁ ਧਾਵਤੁ ਰਹਤਾ॥
ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ॥
ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ
ਕਿਨਿ ਬਿਧਿ ਕੀਰਤਨੁ ਗਾਏ ਜੀਉ॥੪॥
ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ॥
ਗੁਰਮੁਖਿ ਗਿਆਨੀ ਗੁਰਮੁਖਿ ਬਕਤਾ॥

**ਧੰਨੁ ਗਿਰਹੀ ਉਦਾਸੀ ਗੁਰਮੁਖਿ**
**ਗੁਰਮੁਖਿ ਕੀਮਤਿ ਪਾਏ ਜੀਉ ॥੫॥**
**ਹਉਮੈ ਬਾਧਾ ਗੁਰਮੁਖਿ ਛੂਟਾ॥**
**ਗੁਰਮੁਖਿ ਆਵਣੁ ਜਾਵਣੁ ਤੂਟਾ॥**
**ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ**
**ਗੁਰਮੁਖਿ ਕਰੇ ਸੁ ਸੁਭਾਏ ਜੀਉ ॥੬॥**
**ਗੁਰਮੁਖਿ ਸੁਖੀਆ ਮਨਮੁਖਿ ਦੁਖੀਆ॥**
**ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ॥**
**ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ**
**ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥੭॥**
**ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ॥**
**ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ॥**
**ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ**
**ਗੁਰਮੁਖਿ ਕੀਰਤਨੁ ਗਾਏ ਜੀਉ ॥੮॥**
**ਸਗਲੀ ਬਣਤ ਬਣਾਈ ਆਪੇ॥**
**ਆਪੇ ਕਰੇ ਕਰਾਏ ਥਾਪੇ॥**
**ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ ॥॥੯॥੨॥੩੬॥** (ਅੰਗ ੧੩੧)

---

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਬਾਣੀ ਵਿੱਚ, ਸਭ ਤੋਂ ਵੱਧ ਬਾਣੀ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਹਿਰਦੇ ਰਾਹੀਂ ਉੱਤਰੀ ਹੈ। ਆਪ ਜੀ, ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੀ ਵਡਭਾਗੀ ਸਪੁੱਤਰੀ ਬੀਬੀ ਭਾਨੀ ਜੀ ਦੇ ਸਪੁੱਤਰ ਸਨ। ਇਸ ਵਾਸਤੇ ਸੰਸਾਰਿਕ

ਰਿਸ਼ਤੇ ਵਿੱਚ ਆਪ ਜੀ, ਤੀਜੇ ਗੁਰੂ ਸਾਹਿਬ ਜੀ ਦੇ ਦੋਹਤੇ ਲੱਗਦੇ ਸਨ। ਸ਼ਰਧਾ, ਪ੍ਰੇਮ ਨਾਲ ਸੇਵਾ, ਸਿਮਰਨ ਕਰਨਾ, ਆਗਿਆ-ਕਾਰੀ ਹੋਣਾ ਆਦਿ ਹੋਰ ਅਨੇਕਾਂ ਦੈਵੀ ਗੁਣਾਂ ਦੇ ਭੰਡਾਰ ਹੋਣ ਕਰਕੇ, ਆਪ ਜੀ ਨੂੰ ਨਾਨਾ ਗੁਰੂ ਜੀ ਵੱਲੋਂ 'ਦੋਹਿਤਾ, ਬਾਣੀ ਕਾ ਬੋਹਿਥਾ' ਦਾ ਵਰਦਾਨ ਪ੍ਰਾਪਤ ਸੀ। ਸੱਚ-ਮੁੱਚ ਹੀ ਆਪ ਜੀ ਬਾਣੀ ਦੇ ਮਹਾਨ ਰਚਨਾਕਾਰ ਹੋਏ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜਵੇਂ ਸਰੂਪ ਵਜੋਂ, ਰੱਬੀ ਹੁਕਮ ਅਤੇ ਸਮੇਂ ਅਨੁਸਾਰ ਗੁਰਤਾ-ਗੱਦੀ ਤੇ ਬਿਰਾਜਮਾਨ ਹੋਣ ਉਪ੍ਰੰਤ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ 'ਰਾਗ ਮਾਝ' ਵਿੱਚ ਇੱਕ ਅਸਟਪਦੀ ਰਚੀ ਜੋ ਕਿ ਅੰਗ ੧੩੧ ਤੇ ਦਰਜ ਹੈ। ਇਸ ਅਸਟਪਦੀ ਦੇ ਅੱਠਾਂ ਪਦਿਆਂ ਵਿੱਚੋਂ, ਪਹਿਲੇ ਚਾਰ ਪਦਾਂ ਵਿੱਚ 24 ਪ੍ਰਸ਼ਨ ਹਨ ਅਤੇ ਅਗਲੇ ਪਦਾਂ ਵਿੱਚ ਉਨ੍ਹਾਂ 24 ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਪਹਿਲੇ ਪ੍ਰਸ਼ਨ ਅਤੇ ਉੱਤਰ ਦੀ ਵਿਚਾਰ ਹੇਠਾਂ ਵਿਸਥਾਰ ਪੂਰਬਕ ਦ੍ਰਿਸ਼ਟਾਂਤਾਂ ਰਾਹੀਂ ਦਿੱਤੀ ਜਾਂਦੀ ਹੈ-

**ਪ੍ਰਸ਼ਨ 1. ਕਉਣੁ ਸੁ ਮੁਕਤਾ** - ਮੁਕਤ ਕੌਣ ਹੁੰਦਾ ਹੈ?

**ਉੱਤਰ-ਗੁਰਮੁਖਿ ਮੁਕਤਾ** - ਭਾਵ, 'ਗੁਰਮੁਖਿ' ਮੁਕਤ ਹੁੰਦਾ ਹੈ। 'ਮੁਕਤਾ' ਦਾ ਮਤਲਬ (ਅਰਥ) ਬੰਧਨਾਂ ਤੋਂ ਮੁਕਤ ਹੋਣਾ, ਅਜ਼ਾਦ ਹੋਣਾ ਜਾਂ ਛੁੱਟਣਾ ਯਾਨੀ ਸਭ ਦੁੱਖਾਂ ਦੀ ਨਵਿਰਤੀ ਹੋਣ ਉਪ੍ਰੰਤ ਪਰਮਾਨੰਦ ਦੀ ਪ੍ਰਾਪਤੀ ਹੋ ਜਾਣੀ।

ਅਜਿਹਾ ਦੇਖਣ ਵਿੱਚ ਆ ਰਿਹਾ ਹੈ ਕਿ ਸਾਰੀ ਸ੍ਰਿਸ਼ਟੀ ਵਿੱਚ ਸਾਰੇ ਮਜ਼ਬਾਂ ਯਾਨੀ ਹਿੰਦੂ, ਮੁਸਲਮਾਨ, ਈਸਾਈ, ਯਹੂਦੀ, ਪਾਰਸੀ ਅਤੇ ਹੋਰ ਅਨੇਕਾਂ ਮਜ਼ਬਾਂ ਦੇ ਪੈਰੋਕਾਰ ਇਸ ਸੁੱਖ ਦੀ ਚਾਹਨਾ ਕਰਦੇ ਹਨ ਪ੍ਰੰਤੂ ਅਗਿਆਨ ਦੇ ਕਾਰਨ ਜੋ ਇਸ ਸੁੱਖ ਨੂੰ ਹਾਸਲ ਕਰਨ ਦਾ ਸਹੀ ਉਪਾਉ ਹੈ, ਉਸ ਉਪਾਉ ਨੂੰ ਛੱਡ ਕੇ ਸਭ ਹੋਰ-ਹੋਰ ਉਪਾਵਾਂ ਵਿੱਚ ਲੱਗੇ ਹੋਏ ਹਨ। "ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ 'ਮੁਕਤ' ਹੋਣ ਦਾ ਸੱਚਾ ਰਸਤਾ ਕਿਹੜਾ ਹੈ? ਇਸ ਦਾ ਉੱਤਰ ਗੁਰੂ ਸਾਹਿਬ ਨੇ ਇਹ ਦਿੱਤਾ ਹੈ ਕਿ 'ਗੁਰਮੁਖਿ' ਬਣ ਕੇ ਹੀ 'ਮੁਕਤ' ਅਵਸਥਾ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਵੇਂ ਕਿ

ਸ਼ਾਸਤ੍ਰਾਂ ਵਿੱਚ ਵੀ ਕਿਹਾ ਗਿਆ ਹੈ ਕਿ ਜੇਕਰ ਸੂਰਜ, ਪੂਰਬ ਦੀ ਬਜਾਏ ਪੱਛਮ ਵੱਲੋਂ ਉਦਯ ਹੋਵੇ ਜਾਂ ਤਿਲਾਂ ਦੀ ਬਜਾਏ ਰੇਤ ਵਿੱਚੋਂ ਤੇਲ ਨਿਕਲੇ (ਭਾਵੇਂ ਇਹ ਗੱਲਾਂ ਹੋਣ ਵਾਲੀਆਂ ਤਾਂ ਨਹੀਂ ਹਨ) ਜੇਕਰ ਹੋ ਵੀ ਜਾਣ ਤਾਂ ਵੀ 'ਗੁਰਮੁਖਿ' ਬਣਨਾ ਹੀ ਮੁਕਤੀ ਦਾ ਅਸਲੀ ਮਾਰਗ ਹੈ। ਸਿਵਾਏ 'ਗੁਰਮੁਖਿ' ਬਣਨ ਦੇ, ਪ੍ਰਭੂ ਪ੍ਰਾਪਤੀ ਹੋਣ ਦੀ ਕੋਈ ਉਮੀਦ ਨਹੀਂ ਹੈ।" ਅਗਰ ਕੋਈ ਪੁੱਛੇ ਕਿ ਕੀ ਅਜਿਹੇ ਪੁਰਸ਼ ਹੋਏ ਵੀ ਹਨ? ਜੇ ਹਾਂ, ਤਾਂ ਉਦਹਾਰਣ ਦੇਵੋ। ਉੱਤਰ ਇਹ ਹੈ ਕਿ ਸਭ ਵੇਦਾਂ, ਸ਼ਾਸਤਰਾਂ, ਪੁਰਾਣਾਂ, ਭਗਤਾਂ ਅਤੇ ਗੁਰੂਆਂ ਦੇ ਇਤਿਹਾਸਾਂ ਵਿੱਚੋਂ ਅਜਿਹੇ ਗੁਰਮੁਖਾਂ ਦੀਆਂ ਕਥਾਵਾਂ ਜੇਕਰ ਵਰਨਣ ਕਰਨ ਲੱਗੀਏ, ਤਾਂ ਕੋਈ ਅੰਤ ਜਾਂ ਪਾਰ ਨਹੀਂ ਹੋਵੇਗਾ। 'ਸੂਰਜ ਪ੍ਰਕਾਸ਼' ਗ੍ਰੰਥ ਵਿੱਚ ਬਹੁਤ ਗਿਣਤੀ ਵਿੱਚ ਮੁਕਤ-ਪੁਰਖਾਂ ਦੇ ਪ੍ਰਸੰਗ ਦਰਜ ਹਨ ਜੋ 'ਗੁਰਮੁਖਿ' ਬਣਕੇ ਮੁਕਤ ਹੋ ਚੁੱਕੇ ਹਨ। ਉਨ੍ਹਾਂ ਵਿੱਚੋਂ ਸਿਰਫ ਤਿੰਨ ਦ੍ਰਿਸ਼ਟਾਂਤ ਹੀ ਹੇਠਾਂ ਲਿਖੇ ਜਾ ਰਹੇ ਹਨ-

**ਦ੍ਰਿਸ਼ਟਾਂਤ (੧)** - ਸਭ ਤੋਂ ਪਹਿਲੀ ਉਦਾਹਰਣ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦੀ ਹੈ ਜਿਨ੍ਹਾਂ ਨੇ 'ਗੁਰਮੁਖਿ' ਹੋਣ ਦੀ ਪੂਰੀ ਮਿਸਾਲ ਸਚ-ਮੁੱਚ 'ਗੁਰਮੁਖਿ' ਬਣਕੇ ਹੀ ਦਿੱਤੀ ਹੈ। ਇੱਕ ਸਮੇਂ ਦੀ ਗੱਲ ਹੈ ਕਿ ਬਾਬਾ ਬੁੱਢਾ ਸਾਹਿਬ ਜੀ ਜੋ ਕਿ ਗੁਰੂ-ਘਰ ਵਿੱਚ ਪੂਰਨ ਗੁਰਸਿੱਖ ਹੋ ਚੁੱਕੇ ਹਨ ਅਤੇ ਛੇ (6) ਪਾਤਸ਼ਾਹੀਆਂ ਤੱਕ ਗੁਰਗੱਦੀ ਦਾ ਤਿਲਕ ਦਿੰਦੇ ਆਏ ਸਨ, ਉਨ੍ਹਾਂ ਦੇ ਦਿਲ ਵਿੱਚ ਵਿਚਾਰ ਪੈਦਾ ਹੋਇਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਝੁਕਾਅ, ਮੇਰੇ ਨਾਲੋਂ 'ਭਾਈ ਲਹਿਣਾ' (ਗੁਰੂ ਅੰਗਦ ਸਾਹਿਬ ਜੀ) ਵੱਲ ਕੁੱਝ ਜ਼ਿਆਦਾ ਦੇਖਣ ਵਿੱਚ ਆ ਰਿਹਾ ਹੈ।

ਅੰਤਰਜਾਮੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬਾਬਾ ਬੁੱਢਾ ਸਾਹਿਬ ਜੀ ਦਾ ਅੰਦਰਲਾ ਹਾਲ ਜਾਣ ਕੇ, ਉਨ੍ਹਾਂ ਦਾ ਸੰਸਾ ਨਵਿਰਤ ਕਰਨ ਲਈ, ਇੱਕ ਪ੍ਰੀਖਿਆ ਲਈ-

ਇੱਕ ਵਾਰ ਰਾਤ ਦੇ ਸਮੇਂ ਜਦੋਂ ਕਿ ਰਾਤ ਦਾ ਇੱਕ ਪਹਿਰ ਬਾਕੀ ਸੀ, ਸੱਚੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ 'ਬਾਬਾ ਜੀ! ਬਾਹਰ ਜਾਕੇ ਦੇਖੋ ਕਿ ਰਾਤ ਕਿੰਨੀ ਕੁ ਬਾਕੀ ਰਹਿੰਦੀ ਹੈ?'

ਬਾਬਾ ਬੁੱਢਾ ਜੀ ਨੇ ਹੁਕਮ ਮੰਨਿਆ, ਬਾਹਰ ਜਾਕੇ ਤਾਰਿਆਂ ਵੱਲ ਦੇਖਿਆ ਅਤੇ ਆਕੇ ਗੁਰੂ ਮਹਾਰਾਜ ਜੀ ਨੂੰ ਇਉਂ ਦੱਸਿਆ, 'ਹੇ! ਸੱਚੇ ਪਾਤਸ਼ਾਹ! ਬਾਕੀ ਡੇਢ ਪਹਿਰ ਰਾਤ ਰਹਿੰਦੀ ਹੈ। ਤਾਂ ਗੁਰੂ ਸਾਹਿਬ ਜੀ ਨੇ ਕਿਹਾ, ਨਾ! ਦੁਬਾਰਾ ਦੇਖ ਕੇ ਆਉ। ਉਸੇ ਵਕਤ ਬਾਬਾ ਬੁੱਢਾ ਸਾਹਿਬ ਜੀ ਫੇਰ ਬਾਹਰ ਗਏ, ਅੱਛੀ ਤਰ੍ਹਾਂ ਦੇਖ ਕੇ ਵਾਪਿਸ ਆਏ ਅਤੇ ਫਿਰ ਪਹਿਲੇ ਵਾਲਾ ਉੱਤਰ ਹੀ ਦਿੱਤਾ।

ਉਸ ਤੋਂ ਬਾਅਦ ਗੁਰੂ ਸਾਹਿਬ ਭਾਈ ਲਹਿਣਾ ਜੀ ਵੱਲ ਦੇਖ ਕੇ ਕਹਿਣ ਲੱਗੇ, 'ਭਾਈ ਲਹਿਣਾ! (ਗੁਰੂ ਅੰਗਦ ਦੇਵ ਜੀ) ਬਾਹਰ ਜਾ ਕੇ ਦੇਖੋ ਕਿ ਰਾਤ ਕਿੰਨੀ ਕੁ ਬਾਕੀ ਰਹਿੰਦੀ ਹੈ?' ਭਾਈ ਲਹਿਣਾ ਜੀ ਉਸੇ ਵਕਤ ਹੁਕਮ ਦੀ ਪਾਲਣਾ ਕਰਦੇ ਹੋਏ ਬਾਹਰ ਗਏ। ਵਾਪਿਸ ਆ ਕੇ ਗੁਰੂ ਸਾਹਿਬ ਦੀ ਹਜੂਰੀ ਵਿੱਚ ਹੱਥ ਜੋੜ ਕੇ ਬਹੁਤ ਨਿੰਮਰਤਾ ਅਤੇ ਪ੍ਰੇਮ ਨਾਲ, ਅੱਖਾਂ ਵਿੱਚ ਹੰਝੂ ਬਹਾਉਂਦੇ ਹੋਏ ਅਰਜ਼ ਕੀਤੀ 'ਹੇ ਸੱਚੇ ਪਾਤਸ਼ਾਹ ਜੀ! ਦੀਨ ਦੁਨੀਆਂ ਦੇ ਮਾਲਿਕ ਜਿਤਨੀ ਰਾਤ, ਆਪ ਜੀ ਨੇ ਗੁਜ਼ਾਰੀ ਹੈ, ਉਤਨੀ ਗੁਜ਼ਰ ਚੁੱਕੀ ਹੈ ਅਤੇ ਜਿਤਨੀ ਬਾਕੀ ਰੱਖੀ ਹੈ, ਉਤਨੀ ਹੀ ਰਹਿੰਦੀ ਹੈ। ਇਹ ਉੱਤਰ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਬਹੁਤ ਪ੍ਰਸੰਨ ਹੋਏ ਅਤੇ ਭਾਈ ਲਹਿਣਾ ਜੀ ਨੂੰ ਪ੍ਰੇਮ ਪੂਰਬਕ ਅਪਣੀ ਛਾਤੀ ਨਾਲ ਲਗਾ ਲਿਆ। ਇਹ ਦੇਖ ਕੇ ਬਾਬਾ ਬੁੱਢਾ ਜੀ ਦਾ ਸੰਸਾ ਨਵਿਰਤ ਹੋ ਗਿਆ। ਇਸ ਤੋਂ ਸਿੱਧ ਹੁੰਦਾ ਹੈ ਕਿ ਸਤਿਗੁਰਾਂ ਦੇ ਉਪਦੇਸ਼ ਦੁਆਰਾ ਹਉਂਮੈ ਦਾ ਰੋਗ ਬਿਲਕੁਲ ਮਿਟ ਜਾਂਦਾ ਹੈ ਅਤੇ ਸਤਿਗੁਰੂ ਉਸ 'ਗੁਰਮੁਖਿ' ਸਿੱਖ ਨੂੰ ਅਪਣੇ ਵਿੱਚ ਅਭੇਦ ਕਰਕੇ ਉਸ ਨੂੰ 'ਮੁਕਤਾ' ਦੀ ਪਦਵੀ ਦੇ ਦਿੰਦੇ ਹਨ।

**ਦ੍ਰਿਸ਼ਟਾਂਤ (੨)** – ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਦੋ ਦਾਮਾਦ (ਜਵਾਈ) ਸਨ। ਇੱਕ ਭਾਈ 'ਰਾਮਦਾਸ' ਅਤੇ ਦੂਜੇ ਭਾਈ 'ਰਾਮੂੰ'। ਇੱਕ ਵਾਰ ਸੰਗਤ ਨੂੰ ਖਿਆਲ ਆਇਆ ਕਿ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਗੁਰਿਆਈ ਦੀ ਗੱਦੀ ਦੋਨਾਂ ਵਿੱਚੋਂ ਯਾਨੀ 'ਰਾਮਦਾਸ' ਜਾਂ 'ਰਾਮੂੰ' ਜੀ ਵਿੱਚੋਂ ਕਿਸ ਨੂੰ ਬਖਸ਼ਣਗੇ? ਗੁਰੂ ਸਾਹਿਬ ਨੇ ਇਸ ਸੰਸ਼ੇ ਦੀ ਨਵਿਰਤੀ ਕਰਨ ਲਈ, ਇੱਕ ਦਿਨ ਪ੍ਰੀਖਿਆ ਲਈ, ਜਿਸ ਵਿੱਚ ਰਾਮਦਾਸ

ਜੀ ਨੇ ਪੂਰਾ 'ਗੁਰਮੁਖਿ' ਹੋਣ ਦਾ ਸਬੂਤ ਦੇ ਕੇ, ਉਸ ਪ੍ਰੀਖਿਆ ਨੂੰ ਪਾਸ ਕੀਤਾ। ਇੱਕ ਦਿਨ ਦੀ ਗੱਲ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਅਪਣੇ ਦੋਨੋਂ ਦਾਮਾਦਾਂ ਨੂੰ ਨਾਲ ਲੈ ਕੇ ਡੇਰੇ ਤੋਂ ਬਾਹਰ ਨਿਕਲੇ ਅਤੇ ਇੱਕ ਜਗ੍ਹਾ ਖੜ੍ਹੇ ਹੋ ਕੇ ਕਹਿਣ ਲੱਗੇ, ਕਿ ਇਸ ਥਾਂ ਤੇ ਅਸੀਂ ਇੱਕ ਥੜ੍ਹਾ ਬਣਵਾਉਣਾ ਹੈ। ਇਸ ਲਈ ਦੋਨਾਂ ਨੂੰ ਦੋ ਅਲੱਗ-ਅਲੱਗ ਥੜ੍ਹੇ ਬਣਾਉਣ ਦਾ ਹੁਕਮ ਦਿੱਤਾ। ਨਾਲ ਹੀ ਕਹਿਣ ਲੱਗੇ 'ਕੱਲ੍ਹ ਸ਼ਾਮ ਨੂੰ ਅਸੀਂ ਤੁਹਾਡਾ ਕੰਮ ਦੇਖਾਂਗੇ'। ਦੂਜੇ ਦਿਨ ਦੋਨਾਂ ਦਾਮਾਦਾਂ ਨੇ ਆਗਿਆ ਅਨੁਸਾਰ ਦੋ ਥੜ੍ਹੇ ਤਿਆਰ ਕੀਤੇ।ਸ਼ਾਮ ਨੂੰ ਗੁਰੂ ਸਾਹਿਬ ਜੀ ਆਪ ਥੜ੍ਹੇ ਦੇਖਣ ਵਾਸਤੇ ਆਏ। ਭਾਈ ਰਾਮੂੰ ਦਾ ਥੜ੍ਹਾ ਦੇਖ ਕੇ ਕਹਿਣ ਲੱਗੇ ਕਿ ਇਹ ਤਾਂ ਥੜ੍ਹਾ ਠੀਕ ਨਹੀਂ ਬਣਿਆ, ਇਸ ਨੂੰ ਢਾਹ ਕੇ ਦੁਬਾਰਾ ਬਣਾਉ। ਇਸ ਗੱਲ ਤੇ ਭਾਈ ਰਾਮੂੰ, ਬਾਹਰੋਂ ਤਾਂ ਕੁੱਝ ਨਹੀਂ ਬੋਲਿਆ, ਪ੍ਰੰਤੂ ਦਿਲੋਂ ਬਹੁਤ ਦੁਖੀ ਹੋਇਆ। ਉਸ ਤੋਂ ਬਾਅਦ ਗੁਰੂ ਜੀ ਭਾਈ ਰਾਮਦਾਸ ਦੇ ਪਾਸ ਆਏ, ਉਨ੍ਹਾਂ ਨੂੰ ਵੀ ਉਸੇ ਤਰ੍ਹਾਂ ਹੀ ਕਿਹਾ। ਪ੍ਰੰਤੂ ਰਾਮਦਾਸ ਜੀ ਨੇ ਦੁਖੀ ਹੋਣ ਦੀ ਬਜਾਇ, ਪ੍ਰੇਮ ਪੂਰਬਕ ਹੱਥ ਜੋੜ ਕੇ ਬੇਨਤੀ ਕੀਤੀ, ਹੇ ਸੱਚੇ ਪਾਤਸ਼ਾਹ! **ਭੁਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ॥** ਮੈਥੋਂ ਇਹ ਭੁੱਲ ਹੋ ਗਈ ਹੈ। ਇਸ ਵਾਰ ਆਪ ਜੀ ਕ੍ਰਿਪਾ ਕਰਕੇ ਖਿਮਾ ਕਰੋ ਅਤੇ ਦੁਬਾਰਾ ਜੈਸੇ ਆਗਿਆ ਕਰੋਗੇ, ਵੈਸੇ ਹੀ ਹੁਕਮ ਦੀ ਪਾਲਣਾ ਕਰੂੰਗਾ। ਇਸੇ ਤਰ੍ਹਾਂ ਫੇਰ ਗੁਰੂ ਮਹਾਰਾਜ ਜੀ ਨੇ ਤਿੰਨ ਵਾਰ ਥੜ੍ਹੇ ਬਣਵਾ ਕੇ ਗਿਰਵਾਏ। ਭਾਈ ਰਾਮੂੰ ਨੇ ਦਿਲ ਵਿੱਚ ਸੋਚਿਆ ਕਿ ਬਹੱਤਰ (72) ਸਾਲ ਦੀ ਉਮਰ ਦੇ ਬਾਅਦ ਬੰਦੇ ਦੀ ਅਕਲ ਪੂਰੀ ਠੀਕ ਨਹੀਂ ਰਹਿੰਦੀ। ਹੁਣ ਤਾਂ ਗੁਰੂ ਅਮਰਦਾਸ ਸਾਹਿਬ ਜੀ ਦੀ ਅਵਸਥਾ ਬਿਰਧ ਹੋ ਚੁੱਕੀ ਹੈ, ਜਿਸ ਕਰਕੇ ਇਹੋ ਜਿਹੇ ਹੁਕਮ ਕਰ ਰਹੇ ਹਨ। ਪ੍ਰੰਤੂ ਭਾਈ ਰਾਮਦਾਸ ਜੀ ਦਾ ਉਹੀ ਪ੍ਰੇਮ ਤੇ ਉਹੀ ਬ੍ਰਿਤੀ ਬਣੀ ਰਹੀ ਅਤੇ ਪ੍ਰਸੰਨ ਚਿੱਤ ਰਹਿਕੇ ਹੁਕਮ ਦੀ ਪਾਲਣਾ ਕਰਦੇ ਰਹੇ। ਫਲ ਸਰੂਪ ਪੂਰੇ 'ਗੁਰਮੁਖਿ' ਹੋਣ ਦੀ ਮਿਸਾਲ ਬਣ ਕੇ ਦਿਖਾਇਆ। ਆਪਣੇ ਸਤਿਗੁਰੂ ਵਿੱਚ ਅਭੇਦ ਹੋ ਕੇ ਮੁਕਤੀ ਦਾ ਅਨੰਦ ਪ੍ਰਾਪਤ ਕੀਤਾ ਅਤੇ ਭਾਈ ਰਾਮੂੰ, 'ਗੁਰਮੁਖਿ' ਨਾ ਹੋਣ ਕਰਕੇ, ਮੁਕਤੀ ਦੇ ਸੁੱਖ ਤੋਂ ਵਾਂਝੇ ਰਹਿ ਗਏ।

**ਦ੍ਰਿਸ਼ਟਾਂਤ (੩)**- ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਸਮੇਂ ਦਾ ਬ੍ਰਿਤਾਂਤ ਹੈ ਕਿ ਇੱਕ ਸਿੱਖ, ਗੁਰੂ ਦੇ ਲੰਗਰ ਵਿੱਚੋਂ ਹਰ ਰੋਜ਼ ਲੰਗਰ ਛਕਦਾ ਹੁੰਦਾ ਸੀ ਪ੍ਰੰਤੂ ਕੋਈ ਵੀ ਸੇਵਾ ਨਹੀਂ ਸੀ ਕਰਦਾ। ਜਦੋਂ ਸੇਵਾਦਾਰ ਉਸ ਨੂੰ ਕੋਈ ਵੀ ਸੇਵਾ ਕਰਨ ਲਈ ਕਹਿੰਦੇ ਤਾਂ ਉਨ੍ਹਾਂ ਨੂੰ ਇਸ ਪ੍ਰਕਾਰ ਦਾ ਜਵਾਬ ਦਿੰਦਾ ਬਈ 'ਮੈਂ ਤੁਹਾਡੀ ਗੱਲ ਨਹੀਂ ਮੰਨੂਗਾ' ਜੈਸਾ ਗੁਰੂ ਸਾਹਿਬ ਆਪ ਫੁਰਮਾਉਣਗੇ, ਉਹੋ ਹੀ ਕੰਮ ਕਰੂੰਗਾ। ਇਹ ਗੱਲ ਬਹੁਤ ਦਿਨ ਤੱਕ, ਇਵੇਂ ਹੀ ਚੱਲਦੀ ਰਹੀ। ਆਖਰਕਾਰ ਸਿੱਖ ਸੇਵਕਾਂ ਨੇ ਇੱਕ ਦਿਨ, ਇਸ ਸਿੱਖ ਦਾ ਇਹ ਵਿਵਿਹਾਰ ਸ੍ਰੀ ਗੁਰੂ ਸਾਹਿਬ ਦੀ ਹਜੂਰੀ ਵਿੱਚ ਜ਼ਾਹਿਰ ਕੀਤਾ। ਇਹ ਗੱਲ ਸੁਣ ਕੇ ਗੁਰੂ ਸਾਹਿਬ ਨੇ, ਉਸ ਸਿੱਖ ਨੂੰ ਆਪਣੇ ਕੋਲ ਬੁਲਾਇਆ ਅਤੇ ਕਹਿਣ ਲੱਗੇ ਕਿ 'ਹੇ ਭਾਈ! ਤੂੰ ਸਾਡੀ ਆਗਿਆ ਮੰਨੇਂਗਾ? ਸਿੱਖ ਨੇ ਜਵਾਬ ਦਿੱਤਾ 'ਹਾਂ ਮਹਾਰਾਜ! ਆਪ ਜੀ ਦਾ ਬਚਨ ਕਿਉਂ ਨਹੀਂ ਮੰਨੂਗਾ? ਪ੍ਰੰਤੂ ਬਾਕੀ ਸਿੱਖਾਂ ਦੀ ਗੱਲ ਨਹੀਂ ਮਨੂੰਗਾ'। ਗੁਰੂ ਸਾਹਿਬ ਜੀ ਨੇ ਫੁਰਮਾਇਆ 'ਭਾਈ! ਸਾਡੀ ਇਹ ਆਗਿਆ ਹੈ ਕਿ ਜੰਗਲ ਵਿੱਚ ਜਾਵੋ ਅਤੇ ਲੱਕੜੀਆਂ ਇੱਕਠੀਆਂ ਕਰੋ। ਚਿਖਾ ਬਣਾ ਕੇ, ਆਪਣੇ ਆਪ ਨੂੰ ਉਸ ਚਿਖਾ ਵਿੱਚ ਜੀਉਂਦੇ ਜੀਅ ਜਲਾ ਦਿਉ'। ਇਹ ਹੁਕਮ ਸੁਣ ਕੇ ਉਸ ਸਿੱਖ ਨੇ ਬਾਹਰੋਂ ਤਾਂ 'ਹਾਂ' ਕਰ ਦਿੱਤੀ ਅਤੇ 'ਹਾਂ ਜੀ ਮਹਾਰਾਜ!, ਹਾਂ ਜੀ ਮਹਾਰਾਜ!' ਕਹਿੰਦਾ ਹੋਇਆ ਬਾਹਰ ਵੱਲ ਤੁਰ ਗਿਆ। ਕਿਉਂਕਿ ਉਸਨੇ ਦਿਲੋਂ 'ਹਾਂ' ਨਹੀਂ ਸੀ ਕੀਤੀ ਅਤੇ ਉਹ ਪੂਰਾ 'ਗੁਰਮੁਖਿ' ਨਹੀਂ ਸੀ, ਉਹ ਜਾਂਦੇ ਵਕਤ ਇਹ ਸੋਚ ਕੇ ਵਾਰ-ਵਾਰ ਪਿੱਛੇ ਨੂੰ ਦੇਖਦਾ ਜਾ ਰਿਹਾ ਸੀ ਕਿ ਗੁਰੂ ਸਾਹਿਬ ਜੀ ਮੈਨੂੰ ਆਪਣੇ ਪਾਸ ਵਾਪਸ ਬੁਲਾਉਣ ਵਾਸਤੇ ਕੋਈ ਆਦਮੀ ਤਾਂ ਨਹੀਂ ਭੇਜ ਰਹੇ? ਇਉਂ, ਸੋਚਦਾ-ਸੋਚਦਾ ਜੰਗਲ ਵਿੱਚ ਜਾ ਪਹੁੰਚਿਆ। ਲੱਕੜੀਆਂ ਇਕੱਠੀਆਂ ਕਰਕੇ ਅੱਗ ਲਗਾ ਦਿੱਤੀ ਪਰ ਉਸ ਦਾ ਸ਼ਰੀਰ ਨਾਲ ਮੋਹ ਹੋਣ ਕਰਕੇ ਆਪਣੇ ਆਪ ਨੂੰ ਜਲਾਉਣ ਤੋਂ ਮਨ ਢਿੱਲਾ ਪੈ ਰਿਹਾ ਸੀ। ਆਪਣੇ ਆਪ ਨੂੰ ਅੱਗ ਵਿੱਚ ਜਲਾਉਣ ਦੀ ਬਜਾਇ, ਉਸ ਜਲਦੀ ਹੋਈ ਅੱਗ ਦੀਆਂ ਪ੍ਰਕਰਮਾਂ ਕਰਨ ਲੱਗ ਪਿਆ। ਐਨੀਂ ਦੇਰ ਨੂੰ ਇੱਕ ਚੋਰ ਉਥੋਂ ਦੇ ਬਾਦਸ਼ਾਹ ਦੇ ਮਹਿਲ ਵਿੱਚੋਂ ਚੋਰੀ ਕਰਕੇ ਇੱਧਰ ਆ ਨਿਕਲਿਆ ਤਾਂ ਉਸ

ਨੇ ਅਜੀਬ ਦ੍ਰਿਸ਼ ਦੇਖ ਕੇ ਉਸ ਸਿੱਖ ਤੋਂ ਇਸ ਸਭ ਕੁੱਛ ਦਾ ਕਾਰਣ ਪੁੱਛਿਆ। ਸੁਣ ਕੇ, ਉਹ ਚੋਰ ਬੋਲਿਆ 'ਹੇ ਪਿਆਰੇ! ਅਗਰ ਤੂੰ ਮੇਰੇ ਨਾਲ ਇੱਕ ਸੌਦਾ ਕਰੇਂ ਤਾਂ ਮੈਂ ਤਿਆਰ ਹਾਂ, ਯਾਨੀ ਮੇਰਾ ਸਾਰਾ ਮਾਲ ਤੂੰ ਲੈ ਲੈ ਅਤੇ ਉਸ ਦੇ ਬਦਲੇ ਵਿੱਚ ਗੁਰੂ ਦੀ ਆਗਿਆ ਵਾਲਾ ਬਚਨ, ਸ਼ੁੱਧ ਹਿਰਦੇ ਨਾਲ ਸੰਕਲਪ ਕਰਕੇ ਮੈਨੂੰ ਦੇ ਦੇ। ਇਹ ਬਾਤ ਸੁਣ ਕੇ ਉਹ ਕੱਚਾ ਸਿੱਖ ਬਹੁਤ ਖੁਸ਼ ਹੋਇਆ ਅਤੇ ਗੁਰੂ ਜੀ ਦੀ ਆਗਿਆ ਵਾਲਾ ਬਚਨ, ਉਸ ਚੋਰ ਨੂੰ ਵੇਚ ਕੇ ਉਸ ਤੋਂ ਕੂੜਾ ਧਨ ਖਰੀਦ ਲਿਆ। ਚੋਰ ਉਸੇ ਵਕਤ ਗੁਰੂ ਸਾਹਿਬ ਦਾ ਧਿਆਨ ਧਰਕੇ, ਅੱਗ ਵਿੱਚ ਜਾ ਕੁੱਦਿਆ। ਉਸੇ ਸਮੇਂ ਦੇਵਗਣ ਆਏ ਅਤੇ ਉਸ 'ਗੁਰਮੁਖਿ' ਦੀ ਆਤਮਾ ਨੂੰ ਪਰਮ ਧਾਮ ਨੂੰ ਲੈ ਗਏ। ਇਹ ਹੈ 'ਗੁਰਮੁਖਿ' ਜਿਸ ਨੂੰ ਗੁਰੂ ਦੀ ਆਗਿਆ ਮੰਨਣ ਕਰਕੇ ਪਰਮ ਧਾਮ ਦੀ ਪ੍ਰਾਪਤੀ ਹੋਈ। ਉੱਧਰ ਉਸ ਕੱਚੇ ਸਿੱਖ ਦੀ ਹਾਲਤ ਇਸ ਤਰ੍ਹਾਂ ਹੋਈ ਕਿ ਬਾਦਸ਼ਾਹ ਦੇ ਆਦਮੀ, ਉਸ ਚੋਰ ਦਾ ਪਿੱਛਾ ਕਰਦੇ ਹੋਏ, ਉਸ ਥਾਂ ਤੱਕ ਆ ਪਹੁੰਚੇ ਅਤੇ ਉਸ ਕੱਚੇ ਸਿੱਖ ਨੂੰ ਪਕੜ ਲਿਆ। ਚੋਰੀ ਕੀਤਾ ਸਾਰਾ ਮਾਲ ਉਸ ਤੋਂ ਵਾਪਸ ਲੈ ਲਿਆ ਅਤੇ ਉਸ ਨੂੰ ਬਾਦਸ਼ਾਹ ਦੇ ਸਾਹਮਣੇ ਪੇਸ਼ ਕੀਤਾ। ਬਾਦਸ਼ਾਹ ਦੇ ਪੁੱਛਣ ਤੇ ਉਸ ਸਿੱਖ ਨੇ ਸਾਰੀ ਗੱਲ ਸੱਚ-ਸੱਚ ਦੱਸ ਦਿੱਤੀ। ਸੁਣ ਕੇ, ਬਾਦਸ਼ਾਹ ਨੇ ਹੁਕਮ ਦਿੱਤਾ ਕਿ ਇਸ ਨੇ ਤਾਂ ਗੁਰੂ ਸਾਹਿਬ ਦੀ ਆਗਿਆ ਦਾ ਉਲੰਘਣ ਕੀਤਾ ਹੈ। ਇਸ ਪਾਪੀ ਦੀ ਤਾਂ ਸ਼ਕਲ ਦੇਖਣੀ ਵੀ ਗੁਨਾਹ ਹੈ। ਇਸ ਲਈ ਉਸ ਨੂੰ ਫਾਂਸੀ ਦੇਣ ਦਾ ਹੁਕਮ ਦੇ ਦਿੱਤਾ। ਦ੍ਰਿਸ਼ਟਾਂਤ ਨੂੰ ਪੜ੍ਹਨ ਉਪ੍ਰੰਤ ਸਾਰੇ ਪਾਠਕ ਸਮਝ ਸਕਣਗੇ ਕਿ 'ਗੁਰਮੁਖਿ' ਹੋਣ ਕਰਕੇ ਚੋਰ ਨੂੰ ਮੁਕਤੀ ਮਿਲੀ ਅਤੇ 'ਗੁਰਮੁਖਿ' ਨਾ ਹੋਣ ਕਰਕੇ, ਉਸ ਕੱਚੇ ਸਿੱਖ ਦੀ ਕਿਤਨੀ ਦੁਰਗਤੀ ਹੋਈ। ਇਸ ਤਰ੍ਹਾਂ 'ਗੁਰਮੁਖਿ' ਪ੍ਰਾਣੀ ਆਪਣੇ ਗੁਰੂ ਜੀ ਦਾ ਬਚਨ ਮੰਨ ਕੇ, ਇਸ ਸੰਸਾਰ ਦੇ ਬੰਧਨਾਂ ਤੋਂ ਛੁੱਟ ਜਾਂਦੇ ਹਨ। ਇਹ ਹੈ 'ਗੁਰਮੁਖਿ ਮੁਕਤਾ'।

**ਪ੍ਰਸ਼ਨ 2. ਕਉਣੁ ਸੁ ਜੁਗਤਾ॥** - ਪ੍ਰਮੇਸ਼ਰ ਨਾਲ ਜੁੜਿਆ ਹੋਇਆ ਯਾਨੀ ਮਿਲਿਆ ਹੋਇਆ ਕੌਣ ਹੁੰਦਾ ਹੈ?

**ਉੱਤਰ-ਗੁਰਮੁਖਿ ਜੁਗਤਾ॥**- ਭਾਵ, 'ਗੁਰਮੁਖਿ' ਹੀ ਜੁਗਤੀ ਪੂਰਬਕ

ਪ੍ਰਮੇਸ਼ਰ ਨਾਲ ਜੁੜਿਆ ਹੋਇਆ ਹੁੰਦਾ ਹੈ।

ਸੰਸਾਰ ਦੇ ਬਾਹਰੀ ਅਤੇ ਅੰਦਰੂਨੀ ਪਦਾਰਥਾਂ ਵਿੱਚ ਜੁਗਤੀ ਦਾ ਹੋਣਾ ਅਤੀ ਜਰੂਰੀ ਹੈ। ਵਿਵਹਾਰ ਅਤੇ ਪ੍ਰਮਾਰਥ ਵਿੱਚ ਸਹੀ ਜੁਗਤੀ, ਗੁਰੂ ਤੋਂ ਬਿਨਾਂ, ਹੋਰ ਕੋਈ ਨਹੀਂ ਸਮਝਾ ਸਕਦਾ। ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਦੇ ਛੇਵੇਂ ਅਧਿਆਇ ਦੇ ਸਤ੍ਹਾਰਵੇਂ ਸਲੋਕ ਵਿੱਚ ਉਚਾਰਣ ਕੀਤਾ ਹੈ–

**ਯੁਕਤਾਹਾਰ ਵਿਹਾਰਸਿਯ ਯੁਕਤਚੇਸ਼ਟਸਿਯ ਕਰਮਸੂ ।**
**ਯੁਕਤਸੁਪਨਾਵ ਬੋਧਸਿਯ ਯੋਗੋ ਭਵਤੀ ਦੁਖਹ ॥**

**ਅਰਥ–**ਜੁਗਤੀ ਦੁਆਰਾ ਅਹਾਰ ਅਤੇ ਵਿਵਹਾਰ ਕਰਨ ਨਾਲ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਹਿੱਲਣਾ-ਚੱਲਣਾ, ਸੌਣਾ ਅਤੇ ਜਾਗਣਾ ਇਹ ਸਭ ਜੁਗਤੀ ਪੂਰਬਕ ਕਰਨ ਨਾਲ ਜੀਵ ਦੇ ਸਭ ਦੁੱਖ ਦੂਰ ਹੁੰਦੇ ਹਨ। ਇਸ ਤਰ੍ਹਾਂ ਸੰਸਾਰ ਵਿੱਚ ਰਹਿ ਕੇ ਵੀ ਕਮਲ ਫੁੱਲ ਦੀ ਨਿਆਈਂ ਜੋ ਜੀਵ ਅਲੇਪ ਅਤੇ ਅਸੰਗ ਰਹੇਗਾ, ਉਹੀ 'ਗੁਰਮੁਖਿ' ਹੋਏਗਾ । ਰਾਜਾ ਜਨਕ ਅਤੇ ਵਸ਼ਿਸ਼ਟ ਜੀ ਦੋਨੋਂ ਹੀ ਰਾਜਾ ਅਤੇ ਪੁਰੋਹਿਤ ਦਾ ਕੰਮ ਕਰਦੇ ਹੋਏ ਵੀ ਨਿਰਲੇਪ ਰਹੇ। ਅਜਿਹੀ ਨਿਰਲੇਪ ਰਹਿਣ ਦੀ ਜੁਗਤੀ 'ਗੁਰਮੁਖਿ' ਹੋਣ ਤੋਂ ਸਿਵਾਏ ਪ੍ਰਾਪਤ ਨਹੀਂ ਹੋ ਸਕਦੀ। ਇਹ ਗੱਲ ਇਨ੍ਹਾਂ ਦ੍ਰਿਸ਼ਟਾਂਤਾਂ ਦੁਆਰਾ ਸਹੀ ਸਿੱਧ ਹੋ ਜਾਵੇਗੀ–

**ਦ੍ਰਿਸ਼ਟਾਂਤ (੧)** – ਪ੍ਰਯਾਗ ਰਾਜ ਦੇ ਨੇੜੇ ਇੱਕ ਰਾਜਾ ਹੋਇਆ ਹੈ, ਜੋ ਕਿ ਪੂਰਨ ਨੀਤੀਵਾਨ ਅਤੇ ਚੰਗਾ ਵਿੱਦਵਾਨ ਸੀ। ਇਸ ਰਾਜੇ ਦੀ ਸ਼ਾਦੀ 'ਮਦਾਲਸਾਂ' ਨਾਮ ਦੀ ਲੜਕੀ ਨਾਲ ਹੋਈ । ਉਹ ਵੀ ਹਰ ਤਰ੍ਹਾਂ ਨਾਲ ਸਿਆਣੀ ਅਤੇ ਪੂਰਨ ਵਿੱਦਵਾਨ ਸੀ। ਉਹ ਵਿਦਿਆ ਅਤੇ ਦੈਵੀ ਸੰਪਤੀ ਵਾਲੇ ਗੁਣਾਂ ਕਰਕੇ, ਆਪਣੇ ਪਤੀ ਤੋਂ ਵੀ ਅੱਗੇ ਸੀ। 'ਗ੍ਰਿਹਸਤ ਆਸ਼੍ਰਮ' ਦੇ ਧਰਮ ਦੀ ਪਾਲਣਾ ਕਰਨ ਲਈ, ਉਸਨੇ ਇੱਕ ਦਿਨ ਰਾਜਾ ਅੱਗੇ ਬੇਨਤੀ ਕੀਤੀ ਕਿ ਹੇ ਪਤੀ ਦੇਵ! ਆਪ ਜੀ ਮੇਰੇ ਲਈ ਪ੍ਰਮੇਸ਼ਰ ਰੂਪ ਹੋ। ਮੇਰੀ ਇੱਕ ਬੇਨਤੀ ਸਵੀਕਾਰ ਕਰੋ ਕਿ ਮੇਰੀ ਕੁੱਖੋਂ ਜੋ ਵੀ ਬਾਲਕ ਜਨਮ ਲਏਗਾ, ਉਹ ਦੁਬਾਰਾ ਜਨਮ-ਮਰਨ ਦੇ ਚੱਕਰ ਵਿੱਚ ਨਾ ਆਵੇ, ਇਸ ਲਈ ਉਸ ਬਾਲਕ ਦੀ ਪਾਲਣਾ-ਪੋਸਣਾ ਕਰਨ ਵਿੱਚ ਤੁਸੀਂ ਦਖਲ ਅੰਦਾਜੀ ਨਹੀਂ

ਕਰੋਗੇ। ਮੇਰੀ ਇਹ ਬੇਨਤੀ ਅਤੇ ਸ਼ਰਤ ਮਨਜ਼ੂਰ ਹੋਣ ਨਾਲ ਹੀ ਮੈਂ ਗ੍ਰਿਹਸਥ ਆਸ਼੍ਰਮ ਵਿੱਚ ਪ੍ਰਵਿਰਤ ਹੋ ਸਕਦੀ ਹਾਂ। ਰਾਜੇ ਨੇ, ਸੋਚਿਆ ਕਿ ਰਾਣੀ ਦਾ ਬਚਨ ਪੁੱਤਰਾਂ ਦੇ ਕਲਿਆਣ ਲਈ ਹੈ ਇਸ ਲਈ ਬਿਲਕੁਲ ਵਾਜਬ ਹੈ। ਰਾਜੇ ਨੇ ਬੇਨਤੀ ਮੰਨ ਲਈ। ਕੁੱਝ ਸਮੇਂ ਬਾਅਦ ਮਹਾਰਾਣੀ ਮਦਾਲਸਾਂ ਦੀ ਕੁੱਖ ਤੋਂ ਇੱਕ ਪੁੱਤਰ ਪੈਦਾ ਹੋਇਆ। ਰਾਣੀ ਨੇ ਵਿਚਾਰ ਕੀਤਾ ਕਿ ਬੱਚੇ ਨੂੰ ਕਿਸੇ ਵੀ ਤਰ੍ਹਾਂ ਸੰਸਾਰ ਦੇ ਸੰਸਕਾਰ ਨਾ ਪੈ ਜਾਣ ਤਾਂ ਆਪਣੇ ਵਿਚਾਰਾਂ ਨਾਲ ਬਣਾਈ ਹੋਈ ਲੋਰੀ, ਉਸ ਬੱਚੇ ਨੂੰ ਰੋਜ਼ਾਨਾ ਸੁਣਾਉਣੀ ਸ਼ੁਰੂ ਕਰ ਦਿੱਤੀ।

**ਸ਼ੁਧੋਸੀ ਬੁਧੋਸੀ ਨਿਰੰਜਨੋਸੀ ਸੰਸਾਰ ਮਾਯਾ ਪਰੀ ਵਰਿਜਤੋਸੀ ।**
**ਸੰਸਾਰ ਸੁਪਨਾ ਤਜਿ ਮੋਹ ਨਿੰਦ੍ਰਾ ਮਦਾਲਿਸਾਂ ਵਾਕਿਯ ਮੁ ਵਾਚ ਪੁਤਰੇ ॥**

**ਅਰਥ**–ਹੇ ਪੁੱਤਰ ! ਤੇਰਾ ਅਸਲ ਸਰੂਪ, ਸ਼ੁੱਧ, ਬੁੱਧ ਅਤੇ ਨਿਰੰਜਨ ਰੂਪ ਹੈ ਭਾਵ ਕਿ ਮਾਇਆ ਤੋਂ ਰਹਿਤ ਹੈ। ਤੈਨੂੰ ਇਹ ਸੰਸਾਰ ਰੂਪੀ ਸੁਪਨਾ ਆਇਆ ਹੈ ਅਤੇ ਮੋਹ ਰੂਪੀ ਨੀਂਦ ਨੇ ਵੀ ਤੈਨੂੰ ਸਤਾਇਆ ਹੈ। ਇਸ ਕਰਕੇ, ਤੂੰ ਇਸ ਮੋਹ ਰੂਪੀ ਨੀਂਦ ਨੂੰ ਤਿਆਗ ਦੇ। ਮਦਾਲਸਾਂ ਰਾਣੀ ਨੇ ਕਿਹਾ ਕਿ 'ਹੇ ਮੇਰੇ ਪੁੱਤਰ ! ਇਹ ਮੇਰਾ ਕਹਿਣਾ, ਨਿਸ਼ਚੇ ਪੂਰਬਕ ਸਤਿ ਕਰਕੇ ਜਾਣ। ਜਦੋਂ ਬੱਚਾ ਪੰਜ ਸਾਲ ਦਾ ਹੋਇਆ ਤਾਂ ਮਦਾਲਸਾਂ ਨੇ ਬੱਚੇ ਨੂੰ ਕਰਮੰਡਲ ਦੇ ਕੇ ਵਣ ਵਿੱਚ ਇੱਕ ਰਿਸ਼ੀ ਕੋਲ ਛੱਡ ਆਈ। ਉਸ ਰਿਸ਼ੀ ਦੇ ਸੰਗ ਰਹਿਕੇ ਬਾਲਕ ਨੇ ਵੇਦ, ਸ਼ਾਸਤ੍ਰ ਪੜ੍ਹੇ ਅਤੇ ਪ੍ਰਮੇਸ਼ਰ ਦਾ ਨਾਮ ਜਪਦਾ–ਜਪਦਾ ਆਖਿਰ ਬ੍ਰਹਮ ਗਿਆਨ ਨੂੰ ਪ੍ਰਾਪਤ ਹੋਇਆ। ਇਸੇ ਤਰ੍ਹਾਂ ਮਦਾਲਸਾਂ ਰਾਣੀ ਤੋਂ ਸੱਤ (7) ਪੁੱਤਰ ਪੈਦਾ ਹੋਏ। ਉਸ ਨੇ ਸੱਤਾਂ ਪੁੱਤਰਾਂ ਦੀ ਪਾਲਣਾ ਇਸੇ ਤਰੀਕੇ ਨਾਲ ਕੀਤੀ। ਯਾਨੀ ਬੱਚਾ ਪੈਦਾ ਹੁੰਦੇ ਹੀ, ਉਸਨੂੰ ਉਹੀ ਲੋਰੀ ਸੁਣਾਉਣੀ ਸ਼ੁਰੂ ਕਰ ਦਿੰਦੀ ਅਤੇ ਪੰਜ ਸਾਲ ਦਾ ਹੋਣ ਤੇ ਉਸਨੂੰ ਵਣ ਵਿੱਚ, ਰਿਸ਼ੀ ਕੋਲ ਛੱਡ ਆਉਂਦੀ। ਐਨੇਂ ਸਮੇਂ ਵਿੱਚ ਰਾਜਾ ਵੀ ਬੁੱਢਾ ਹੋ ਗਿਆ। ਇੱਕ ਦਿਨ ਰਾਜੇ ਦੇ ਦਿਲ ਵਿੱਚ ਖਿਆਲ ਆਇਆ ਕਿ ਰਾਣੀ ਨੇ ਰਾਜ–ਗੱਦੀ ਉੱਤੇ ਬਿਠਾਉਣ ਲਈ ਕੋਈ ਵੀ ਬਾਲਕ ਨਹੀਂ ਰਹਿਣ ਦਿੱਤਾ। ਤਾਂ ਰਾਜਾ ਨੇ ਰਾਣੀ ਨਾਲ ਗੱਲ ਕੀਤੀ ਕਿ ਮੈਂ ਤੇਰੇ ਨਾਲ ਜੋ ਵਾਅਦਾ ਕੀਤਾ ਸੀ,

ਉਹ ਪੂਰਾ ਕੀਤਾ ਹੈ। ਇਸ ਲਈ ਹੁਣ ਜੋ ਬਾਲਕ ਪੈਦਾ ਹੋਵੇ, ਉਸਨੂੰ ਅਸੀਂ ਰਾਜ-ਭਾਗ ਦੇਕੇ ਬਾਕੀ ਉਮਰ ਪ੍ਰਮੇਸ਼ਰ ਦੇ ਭਜਨ ਵਿੱਚ ਸਫਲ ਕਰੀਏ। ਰਾਣੀ ਨੇ ਸੋਚਿਆ ਕਿ ਰਾਜੇ ਦਾ ਕਹਿਣਾ ਵੀ ਸੱਚ ਹੈ। ਉਹ ਬੋਲੀ ਕਿ ਆਪ ਜੀ ਦੀ ਆਗਿਆ ਮੈਨੂੰ ਮਨਜ਼ੂਰ ਹੈ ਪਰ ਐਸੀ ਕੋਈ ਜੁਗਤੀ ਲੱਭੋ ਕਿ ਮੇਰਾ ਪ੍ਰਣ ਵੀ ਪੂਰਾ ਹੋਵੇ ਅਤੇ ਆਪ ਜੀ ਦੀ ਇੱਛਾ ਵੀ। ਜਦੋਂ ਅੱਠਵਾਂ ਬਾਲਕ ਪੈਦਾ ਹੋਇਆ ਤਾਂ ਰਾਣੀ ਨੇ ਉਸਨੂੰ ਰਾਜਨੀਤਕ ਵਿਵਿਹਾਰ ਕਰਨਾ ਸਿਖਾਇਆ ਅਤੇ ਨਾਲ ਇੱਕ ਜੁਗਤੀ ਵੀ ਵਰਤੀ। ਇੱਕ ਸਿਖਿਆ ਕਾਗਜ ਤੇ ਲਿਖਕੇ, ਸੋਨੇ ਦੇ ਪੱਤਰੇ ਵਿੱਚ ਬੰਦ ਕਰਕੇ, ਛੋਟੇ ਪੁੱਤਰ 'ਅਲਿਰਕ' ਦੀ ਬਾਂਹ ਨਾਲ ਬੰਨ੍ਹ ਦਿੱਤੀ।ਬੋਲੀ 'ਹੇ ਪੁੱਤਰ! ਜਿਸ ਵਕਤ ਤੇਰੇ ਉਪਰ ਕੋਈ ਵੀ ਬਿਪਦਾ ਆਵੇ ਤਾਂ ਇਸਨੂੰ ਖੋਲ੍ਹ ਕੇ ਪੜ੍ਹ ਲੈਣ ਨਾਲ ਤੇਰਾ ਕਸ਼ਟ ਦੂਰ ਹੋ ਜਾਵੇਗਾ। ਬਾਲਕ, ਜਦੋਂ ਰਾਜ-ਗੱਦੀ ਸੰਭਾਲਣ ਯੋਗ ਹੋਇਆ ਤਾਂ ਦੋਵੇਂ (ਰਾਜਾ ਤੇ ਰਾਣੀ) ਆਪਣੇ ਜੀਵਨ ਦਾ ਬਾਕੀ ਸਮਾਂ ਸਫਲ ਕਰਨ ਲਈ ਵਣ ਵਿੱਚ ਜਾਕੇ ਇੱਕ ਇਕਾਂਤ ਅਸਥਾਨ ਤੇ ਰਹਿਣ ਲੱਗੇ। ਰਾਣੀ, ਵਣ ਵਿੱਚ ਆਪਣੇ ਸੱਤਾਂ ਪੁੱਤਰਾਂ ਨੂੰ ਮਿਲੀ ਅਤੇ ਉਨ੍ਹਾਂ ਨੂੰ ਆਗਿਆ ਕੀਤੀ ਕਿ ਤੁਸੀਂ ਮੇਰਾ ਪ੍ਰਣ ਪੂਰਾ ਕਰਨਾ। ਆਪਣੇ ਛੋਟੇ ਭਰਾ ਨੂੰ ਵੀ, ਆਪਣੇ ਜੈਸਾ ਹੀ ਬਣਾ ਲੈਣਾ। ਕੁੱਝ ਸਮੇਂ ਬਾਅਦ ਰਾਜਾ ਅਤੇ ਰਾਣੀ ਪਰਲੋਕ ਸਿਧਾਰ ਗਏ।

ਇੱਕ ਦਿਨ ਸੱਤਾਂ ਭਰਾਵਾਂ ਨੇ ਮਾਤਾ ਦਾ ਪ੍ਰਣ ਯਾਦ ਕੀਤਾ ਅਤੇ ਸੋਚਿਆ ਕਿ ਚੱਲਕੇ ਛੋਟੇ ਭਰਾ ਦੀ ਖ਼ਬਰ ਸਾਰ ਲਈਏ ਕਿ ਉਸਦੀ ਬਿਰਤੀ ਕੈਸੀ ਹੈ। ਇਹ ਸੋਚ ਕੇ ਸੱਤੇ ਭਰਾ, ਛੋਟੇ ਭਰਾ ਕੋਲ ਆਏ। ਉਸਨੂੰ ਕਿਹਾ ਹੇ ਭਾਈ! ਬੇਸ਼ਕ ਤੂੰ ਰਾਜਨੀਤੀ ਵਿੱਚ ਚਤੁਰ ਹੈਂ ਪ੍ਰੰਤੂ ਅਸੀਂ ਵੀ ਤੇਰੇ ਵੱਡੇ ਭਰਾ ਹਾਂ। ਇਸ ਲਈ ਵਾਜਬ ਹੈ ਕਿ ਰਾਜ-ਗੱਦੀ ਉਪਰ ਉਹ ਬੈਠੇ ਜੋ ਸਾਰੇ ਭਰਾਵਾਂ 'ਚੋਂ ਵੱਡਾ ਹੈ। ਜੇ ਇਹ ਗੱਲ ਆਪ ਜੀ ਨੂੰ ਮਨਜ਼ੂਰ ਹੈ ਤਾਂ ਹਾਂ ਕਰੋ। ਨਹੀਂ ਤਾਂ ਰਾਜ-ਭਾਗ ਦੇ ਅੱਠ ਹਿੱਸੇ ਕਰ ਕੇ ਇੱਕ-ਇੱਕ ਹਿੱਸਾ ਸਭ ਨੂੰ ਦੇ ਦਿਉ! ਇਹ ਗੱਲ ਸੁਣਕੇ ਛੋਟੇ ਭਾਈ ਨੂੰ ਕੁੱਝ ਸ਼ੋਕ ਹੋਇਆ। ਉਸਨੇ ਕਿਹਾ ਕਿ ਮੈਂ ਵਿਚਾਰ ਕਰਕੇ, ਕਲ੍ਹ ਸਵੇਰੇ ਤੁਹਾਨੂੰ ਉੱਤਰ ਦੇਵਾਂਗਾ। ਉਸਨੂੰ

ਰਾਜ-ਭਾਗ ਵਿੱਚ ਮੋਹ ਸੀ, ਇਸ ਲਈ ਉਸਦਾ ਮਨ ਬੇਈਮਾਨ ਹੋ ਗਿਆ। ਉਸਨੇ ਸੋਚਿਆ ਕਿ, ਸਾਰੇ ਰਾਜ ਦਾ ਕੰਮ-ਕਾਜ ਮੈਂ ਕਿੰਨੇ ਸਮੇਂ ਤੋਂ ਸੰਭਾਲ ਰਿਹਾ ਹਾਂ। ਹੁਣ ਮੇਰੇ ਭਰਾ ਐਨਾ ਸਮਾਂ ਜੰਗਲ ਵਿੱਚ ਰਹਿਣ ਤੋਂ ਪਿੱਛੋਂ, ਮੈਥੋਂ ਰਾਜ-ਭਾਗ ਦਾ ਹਿੱਸਾ ਮੰਗਣ ਆਏ ਹਨ। ਇਨ੍ਹਾਂ ਦਾ ਰਾਜ-ਭਾਗ ਵਿੱਚ ਕੋਈ ਹੱਕ ਨਹੀਂ ਬਣਦਾ। ਸਵੇਰ ਹੋਈ ਤੇ ਭਰਾਵਾਂ ਨੂੰ ਰਾਜ ਵਿੱਚੋਂ ਹਿੱਸਾ ਦੇਣ ਤੋਂ ਇਨਕਾਰ ਕਰ ਦਿੱਤਾ। ਨਾਲ ਹੀ ਕਿਹਾ ਕਿ ਤੁਸੀਂ ਐਥੋਂ ਨਿੱਕਲ ਜਾਉ! ਨਹੀਂ ਤਾਂ ਤੁਹਾਨੂੰ ਜਬਰਦਸਤੀ ਕਢਵਾਇਆ ਜਾਵੇਗਾ। ਉਹ ਸੱਤੇ ਹੀ ਭਰਾ, ਬ੍ਰਹਮ ਗਿਆਨੀ ਸਨ। ਉਨ੍ਹਾਂ ਨੂੰ ਰਾਜ-ਭਾਗ ਲੈਣ ਦੀ ਕੋਈ ਇੱਛਾ ਨਹੀਂ ਸੀ ਪ੍ਰੰਤੂ ਉਹ ਤਾਂ ਉਸਦਾ ਉਧਾਰ ਕਰਨ ਆਏ ਸਨ। ਜਦੋਂ ਉਨ੍ਹਾਂ ਨੇ ਦੇਖਿਆ ਕਿ ਇਸਦਾ ਰਾਜ-ਭਾਗ ਵਿੱਚ ਮੋਹ ਹੈ ਤਾਂ ਸੋਚਿਆ ਕਿ ਇਸ ਨੂੰ ਮੋਹ ਤੋਂ ਛੁਡਵਾ ਕੇ ਬ੍ਰਹਮ ਗਿਆਨ ਦਾ ਅਧਿਕਾਰੀ ਬਣਾਈਏ। ਉਨ੍ਹਾਂ ਨੇ ਦੂਜੇ ਰਾਜੇ ਨੂੰ ਜੋ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ, ਆਪਣਾ ਮੰਤਵ ਦੱਸਕੇ ਫੌਜ ਦੀ ਮੱਦਦ ਲਈ ਅਤੇ ਆਪਣੇ ਭਰਾ ਉਤੇ ਹਮਲਾ ਕਰ ਦਿੱਤਾ। ਛੋਟੇ ਭਰਾ ਨੇ ਵੀ ਉਨ੍ਹਾਂ ਦਾ ਮੁਕਾਬਲਾ ਕੀਤਾ। ਦੋਹਾਂ ਪਾਸਿਆਂ ਦੇ ਬਹੁਤ ਸਿਪਾਹੀ ਮਾਰੇ ਗਏ। ਜਦੋਂ ਛੋਟੇ ਭਰਾ ਨੇ ਦੇਖਿਆ ਕਿ ਸਾਹਮਣੇ ਬਹੁਤ ਜਿਆਦਾ ਤਾਕਤਵਰ ਸਿਪਾਹੀ ਹਨ ਅਤੇ ਜੇ ਮੈਂ ਹੁਣ ਵੀ ਇਨ੍ਹਾਂ ਨਾਲ ਲੜਦਾ ਰਿਹਾ ਤਾਂ ਮਾਰਿਆ ਜਾਵਾਂਗਾ। ਅਜੇ ਇਸ ਸੋਚ ਵਿੱਚ ਹੀ ਸੀ ਤਾਂ ਉਸਨੂੰ ਆਪਣੀ ਮਾਂ ਦਾ ਬਚਨ ਯਾਦ ਆਇਆ ਕਿ 'ਜਦੋਂ ਵੀ ਤੇਰੇ ਉਪਰ ਕੋਈ ਸੰਕਟ ਆ ਜਾਵੇ ਤਾਂ ਬਾਂਹ ਨਾਲ ਬੰਨ੍ਹਿਆ ਹੋਇਆ ਕਾਗਜ਼ ਪੜ੍ਹਨ ਨਾਲ, ਤੇਰਾ ਸਭ ਸੰਕਟ ਦੂਰ ਹੋ ਜਾਵੇਗਾ।' ਇਹ ਸੋਚਕੇ ਕਿ ਇਸਤੋਂ ਜਿਆਦਾ ਸੰਕਟ ਹੋਰ ਕਿਹੜਾ ਆਵੇਗਾ ? ਉਸਨੇ ਕਾਗਜ਼ ਖੋਲ੍ਹ ਕੇ ਪੜ੍ਹਿਆ ਜਿਸ ਤੇ ਲਿਖਿਆ ਹੋਇਆ ਸੀ-

**ਸਾਧ ਸੰਗਤ ਹੈ ਔਸ਼ਧੀ ਕੁਸੰਗ ਹੈ ਕਾਲਾ ਨਾਗ ।**
**ਰਹਿ ਨ ਸਕੇ ਸਤਿਸੰਗ ਕਰ ਸਰਬ ਸੰਗ ਪਰੀਤਿਆਗ ॥**

**ਅਰਥ**-ਸਾਰੇ ਦੁੱਖਾਂ ਦੀ ਦਵਾਈ, ਸਾਧੂਆਂ ਦਾ ਸੰਗ ਹੈ ਪ੍ਰੰਤੂ ਮਾਇਆ ਦੀ ਖੋਟੀ ਸੰਗਤ, ਕਾਲੇ ਨਾਗ ਦੇ ਸਮਾਨ ਡੰਗ ਮਾਰਦੀ ਹੈ। ਜਦੋਂ ਇਸ ਦੁੱਖ

ਤੋਂ ਛੁੱਟਣ ਲਈ ਕੋਈ ਉਪਾਅ ਨਜ਼ਰ ਨਾ ਆਵੇ ਤਾਂ ਸੰਤਾਂ ਦਾ ਸੰਗ ਕਰਨ ਨਾਲ ਸਭ ਦੁੱਖਾਂ ਦੀ ਨਵਿਰਤੀ ਹੋ ਜਾਂਦੀ ਹੈ। ਤਾਂ ਫਿਰ ਤੁਸੀਂ ਦੁਨੀਆਂ ਦੇ ਸਭ ਸੰਗਾਂ ਤੋਂ ਦੂਰ ਰਹੋ। ਜਦੋਂ 'ਅਲਿਰਕ' ਨੇ ਇਹ ਪੜ੍ਹਕੇ ਦੇਖਿਆ ਤਾਂ ਉਸਦੇ ਮਨ ਵਿੱਚ ਸ਼੍ਰੇਸ਼ਟ ਵਿਚਾਰ ਆਇਆ ਅਤੇ ਬੁੱਧੀ ਵਿੱਚ ਪ੍ਰਕਾਸ਼ ਹੋ ਗਿਆ। ਉਸਤੋਂ ਬਾਅਦ ਉਹ ਬਹੁਤ ਪਛਤਾਉਣ ਲੱਗਿਆ ਕਿ 'ਮੇਰੇ ਭਰਾ ਜੋ ਕਿ ਬ੍ਰਹਮ ਗਿਆਨੀ ਅਤੇ ਪੂਰਨ ਸੰਤ ਹਨ, ਜਿਨ੍ਹਾਂ ਨੇ ਸੱਚ ਨੂੰ ਪਹਿਚਾਣ ਲਿਆ ਹੈ, ਉਨ੍ਹਾਂ ਦਾ ਮੈਂ ਬਹੁਤ ਨਿਰਾਦਰ ਕੀਤਾ ਹੈ। ਉਨ੍ਹਾਂ ਨੇ ਜੋ ਕੁੱਛ ਵੀ ਮੈਨੂੰ ਕਿਹਾ ਸੀ ਬਿਲਕੁਲ ਮੁਨਾਸਿਬ ਸੀ। ਉਨ੍ਹਾਂ ਨੇ ਜੋ ਕੁੱਛ ਵੀ ਕੀਤਾ ਹੈ, ਮੇਰੇ ਸੁਧਾਰ ਲਈ ਹੀ ਕੀਤਾ ਹੈ। ਮੈਂ ਉਨ੍ਹਾਂ ਦਾ ਹੱਕ ਦੇਣ ਦੀ ਬਜਾਇ ਉਲਟੀਆਂ ਗੱਲਾਂ ਕੀਤੀਆਂ ਜੋ ਕਿ ਮੈਥੋਂ ਇੱਕ ਵੱਡਾ ਗੁਨਾਹ ਹੋ ਗਿਆ ਹੈ।ਹੁਣ, ਭਲਾ ਤਾਂ ਇਸ ਗੱਲ ਵਿੱਚ ਹੀ ਹੈ ਕਿ ਰਾਤ ਨੂੰ ਉਨ੍ਹਾਂ ਕੋਲ ਜਾਵਾਂ ਅਤੇ ਉਨ੍ਹਾਂ ਦੀ ਸ਼ਰਣ ਹਾਸਲ ਕਰਾਂ। ਇਸ ਤੋਂ ਬਿਨਾਂ ਹੋਰ ਕੋਈ ਵੀ ਸ਼੍ਰੇਸ਼ਟ ਉਪਾਅ ਮੈਨੂੰ ਨਜ਼ਰ ਨਹੀਂ ਆਉਂਦਾ। ਇਸ ਵਿਚਾਰ ਤੋਂ ਬਾਅਦ, ਆਪਣੇ ਮਹਿਲਾਂ ਵਿੱਚੋਂ ਬਾਹਰ ਨਿਕਲਿਆ ਅਤੇ ਚੁੱਪ-ਚਪੀਤੇ ਹੀ ਆਪਣੇ ਭਰਾਵਾਂ ਕੋਲ ਪਹੁੰਚਿਆ। ਉਨ੍ਹਾਂ ਕੋਲ ਪਹੁੰਚਦੇ ਹੀ, ਉਹ ਆਪਣੇ ਗਲ ਵਿੱਚ ਪੱਲਾ ਪਾ ਕੇ ਨਿੰਮਰਤਾ ਪੂਰਬਕ, ਉਨ੍ਹਾਂ ਦੇ ਚਰਨਾਂ ਵਿੱਚ ਡਿੱਗ ਪਿਆ ਅਤੇ ਕਹਿਣ ਲੱਗਿਆ 'ਹੇ ਦਿਆਲੂਓ! ਮੈਂ ਆਪ ਜੀ ਦਾ ਬਹੁਤ ਨਿਰਾਦਰ ਕੀਤਾ ਹੈ। ਆਪ ਜੀ, ਖੁਦ ਚੱਲ ਕੇ ਮੇਰੇ ਘਰ ਆਏ। ਮੈਂ ਆਪ ਜੀ ਦਾ ਮਾਨ ਸਤਿਕਾਰ ਕਰਨ ਦੀ ਬਜਾਇ, ਅਪਮਾਨ ਕੀਤਾ ਹੈ। ਹੁਣ, ਮੈਂ ਆਪ ਜੀ ਦੀ ਸ਼ਰਣ ਆਇਆ ਹਾਂ, ਕ੍ਰਿਪਾ ਕਰਕੇ ਮੈਨੂੰ ਇਸ ਸੰਸਾਰ ਦੇ ਦੁੱਖਾਂ ਕਲੇਸ਼ਾਂ ਤੋਂ ਛੁਡਵਾ ਕੇ ਸੱਚੇ ਸੁੱਖ ਦੀ ਬਖਸ਼ਿਸ਼ ਕਰੋ।'

ਇਸ ਤਰ੍ਹਾਂ 'ਅਲਿਰਕ' ਦੀ ਬੇਨਤੀ ਸੁਣਕੇ, ਉਨ੍ਹਾਂ ਨੇ ਆਪਣੇ ਛੋਟੇ ਭਰਾ ਦੇ ਰਾਜ-ਭਾਗ ਦਾ ਕਾਰੋਬਾਰ, ਉਸਦੇ ਵਜ਼ੀਰ ਦੇ ਹਵਾਲੇ ਕਰਕੇ ਉਸਨੂੰ ਆਪਣੇ ਨਾਲ ਜੰਗਲ ਵਿੱਚ ਲੈ ਗਏ। ਉਸਨੂੰ ਬ੍ਰਹਮ ਗਿਆਨ ਦਾ ਅਧਿਕਾਰੀ ਸਮਝਕੇ, ਉਪਦੇਸ਼ ਕੀਤਾ। ਜਦੋਂ ਉਨ੍ਹਾਂ ਨੇ ਦੇਖਿਆ ਕਿ ਇਸ ਦੀ ਬਿਰਤੀ ਨਿਰੰਤਰ ਲੱਗ ਚੁੱਕੀ ਹੈ ਤਾਂ ਉਸਨੂੰ ਆਗਿਆ ਕੀਤੀ ਕਿ ਹੁਣ ਤੁਸੀਂ ਅਸੰਗ

ਅਤੇ ਮਮਤਾ ਰਹਿਤ ਹੋ ਚੁੱਕੇ ਹੋ। ਹੁਣ ਤੁਸੀਂ ਵਾਪਿਸ ਆਪਣਾ ਰਾਜ-ਭਾਗ ਸੰਭਾਲੋ।ਉਸਨੇ ਮਮਤਾ ਛੱਡਕੇ, ਭਰਾਵਾਂ ਦੀ ਆਗਿਆ ਅਨੁਸਾਰ ਜਾਕੇ ਰਾਜ ਚਲਾਇਆ। ਐਸਾ ਪੂਰਨ ਸੰਤ ਅਤੇ ਨਿਰਮੋਹੀ ਹੋ ਗਿਆ ਕਿ ਆਪਣੇ ਪ੍ਰੀਵਾਰ ਅਤੇ ਸਾਰੀ ਪਰਜਾ ਨੂੰ ਵੀ ਨਿਰਮੋਹੀ ਬਣਾ ਦਿੱਤਾ ।

**ਦ੍ਰਿਸ਼ਟਾਂਤ (੨)** - ਇਸ ਰਾਜਾ ਨਿਰਮੋਹੀ ਦਾ ਇੱਕ ਹੀ ਪੁੱਤਰ ਸੀ। ਉਸਨੂੰ ਵੀ ਰਾਜਾ ਨੇ ਇਹੀ ਸਿੱਖਿਆ ਦਿੱਤੀ ਕਿ ਜਦੋਂ ਵੀ ਤੈਨੂੰ ਕਿਸੇ ਸੰਤ-ਮਹਾਂਪੁਰਸ਼ ਦਾ ਮਿਲਾਪ ਹੋਵੇ ਤਾਂ ਉਸਦੇ ਦਰਸ਼ਨ ਕਰਨੇ, ਸੇਵਾ ਕਰਨੀ ਅਤੇ ਨਾਮ ਜਪਣਾ।ਇੱਕ ਦਿਨ ਇਹ ਰਾਜਕੁਮਾਰ ਘੁੰਮਦਾ-ਫਿਰਦਾ ਇੱਕ ਜੰਗਲ ਵਿੱਚ ਗਿਆ ਅਤੇ ਦੂਰੋਂ ਹੀ ਇੱਕ ਰਿਸ਼ੀ ਦੀ ਕੁਟੀਆ ਦੇਖ ਕੇ ਤੇ ਉਸਦੇ ਪਾਸ ਗਿਆ। ਉਸ ਰਿਸ਼ੀ ਦਾ ਨਾਮ 'ਹਰਿ ਸਤਿ' ਸੀ। ਰਾਜਕੁਮਾਰ ਨੇ ਰਿਸ਼ੀ ਨੂੰ ਨਮਸ਼ਕਾਰ ਕੀਤੀ ਅਤੇ ਅਸ਼ੀਰਵਾਦ ਮੰਗਿਆ। ਰਿਸ਼ੀ ਨੇ ਉਸਨੂੰ ਸੰਤ-ਸੇਵੀ ਜਾਣ ਕੇ ਪ੍ਰੇਮ ਨਾਲ ਅਸ਼ੀਰਵਾਦ ਦਿੱਤਾ ਅਤੇ ਪੁੱਛਿਆ ਕਿ ਬੱਚਾ! ਤੂੰ ਕਿਸ ਦਾ ਪੁੱਤਰ ਹੈਂ? ਇਸ ਜੰਗਲ ਵਿੱਚ ਕਿਸ ਵਾਸਤੇ ਆਇਆ ਹੈਂ? ਸ਼ਹਿਜ਼ਾਦੇ ਨੇ ਜਵਾਬ ਦਿੱਤਾ ਕਿ ਮੈਂ ਨਿਰਮੋਹੀ ਰਾਜੇ ਦਾ ਪੁੱਤਰ ਹਾਂ ਤੇ ਘੁੰਮਦਾ-ਘੁੰਮਦਾ ਇੱਧਰ ਆ ਪਹੁੰਚਿਆ ਹਾਂ। ਮੇਰੇ ਵੱਡੇ ਭਾਗ ਹਨ ਜੋ ਕਿ ਅੱਜ ਪ੍ਰਮੇਸ਼ਰ ਨੇ ਆਪ ਜੈਸੇ ਮਹਾਤਮਾ ਦਾ ਦਰਸ਼ਨ ਕਰਵਾਇਆ ਹੈ। ਰਿਸ਼ੀ ਨੇ ਇਹ ਸੁਣ ਕੇ ਕਿਹਾ, ਹੇ ਬਾਲਕ! ਕਿੱਥੇ ਇੱਕ 'ਰਾਜਾ' ਅਤੇ ਕਿੱਥੇ 'ਨਿਰਮੋਹੀ।' ਇਨ੍ਹਾਂ ਦੋਹਾਂ ਗੱਲਾਂ ਦਾ ਮੇਲ ਹੋਣਾ ਅਸੰਭਵ ਹੈ। ਰਾਜਾ ਤਾਂ ਹਮੇਸ਼ਾ ਹੀ ਮੋਹ ਦੇ ਅਧੀਨ ਹੁੰਦਾ ਹੈ। 'ਨਿਰਮੋਹੀ' ਰਾਜੇ ਦਾ ਪੁੱਤਰ ਬੋਲਿਆ, ਹੇ ਦਿਆਲੂ! ਰਿਸ਼ੀ ਜੀ, ਜੇ ਆਪ ਜੀ ਨੂੰ ਮੇਰੇ ਕਹਿਣੇ ਉੱਤੇ ਕੋਈ ਸ਼ੰਕਾ ਹੈ ਤਾਂ ਆਪ ਜੀ ਪ੍ਰੀਖਿਆ ਲੈਕੇ ਆਪਣੀ ਸ਼ੰਕਾ ਨਵਿਰਤ ਕਰ ਸਕਦੇ ਹੋਂ। ਰਾਜਕੁਮਾਰ ਨੂੰ ਉੱਥੇ ਹੀ ਰਹਿਣ ਦੀ ਆਗਿਆ ਦੇਕੇ, ਰਿਸ਼ੀ ਜੀ ਪ੍ਰੀਖਿਆ ਲੈਣ ਲਈ ਰਾਜਾ ਨਿਰਮੋਹੀ ਦੇ ਰਾਜ-ਮਹਿਲਾਂ ਵੱਲ ਚੱਲ ਪਏ।ਅੱਗੇ ਰਾਜਾ ਨਿਰਮੋਹੀ ਦਾ ਅਹਿਲਕਾਰਾਂ ਨੂੰ ਹੁਕਮ ਸੀ ਕਿ ਕੋਈ ਵੀ ਸਾਧੂ-ਮਹਾਤਮਾ ਮੈਨੂੰ ਮਿਲਣ ਲਈ ਆਵੇ ਤਾਂ ਉਸਨੂੰ ਬਿਨਾਂ ਕਿਸੇ ਰੋਕ-ਟੋਕ ਦੇ ਮੇਰੇ ਕੋਲ ਲੈ ਆਉਣਾ। ਜਦੋਂ ਰਿਸ਼ੀ ਜੀ, ਰਾਜ-ਮਹਿਲ ਦੇ ਦਰਵਾਜ਼ੇ ਤੇ

ਪਹੁੰਚੇ ਤਾਂ ਦਰਬਾਨ ਨੇ ਮਹਿਲਾਂ ਦੇ ਅੰਦਰ ਭੇਜ ਦਿੱਤਾ। ਰਿਸ਼ੀ ਜੀ, ਥੋੜ੍ਹਾ ਜਿਹਾ ਮਹਿਲ ਦੇ ਅੰਦਰ ਗਏ ਤਾਂ ਇੱਕ ਦਾਸੀ ਦੇਖੀ। ਸਮਝੇ, ਕਿ ਇਹ ਰਾਜ ਕੁਮਾਰ ਦੀ ਦਾਸੀ ਪ੍ਰਤੀਤ ਦਿੰਦੀ ਹੈ। ਉਸਨੂੰ, ਰਿਸ਼ੀ ਜੀ ਨੇ ਆਖਿਆ, ਹੇ ਦਾਸੀ! ਮੈਂ ਤੈਨੂੰ ਇੱਕ ਦੁਖਦਾਈ ਖਬਰ ਸੁਣਾਉਣ ਲਈ ਆਇਆ ਹਾਂ, ਧੀਰਜ ਨਾਲ ਸੁਣ! ਇਹ ਕਹਿਕੇ, ਇਹ ਸਲੋਕ ਉਚਾਰਣ ਕੀਤਾ–

**ਤੂੰ ਸੁਨਿ ਚੇਰੀ ਸ਼ਾਮ ਕੀ ਬਾਤਿ ਸੁਨਾਊਂ ਤੋਹਿ।**
**ਕਉਰ ਬਿਨਾਸਿਯੋ ਸਿੰਘ ਨੇ ਆਸਨ ਪਰਿਯੋ ਮੋਹਿ ॥**

**ਅਰਥ–**ਤੇਰੇ ਰਾਜ ਕੁਮਾਰ ਨੂੰ ਵਣ ਵਿੱਚ ਸ਼ੇਰ ਨੇ ਮਾਰ ਦਿੱਤਾ ਹੈ, ਜੋ ਕਿ ਮੇਰੇ ਆਸਣ ਉੱਤੇ ਪਿਆ ਹੈ। ਦਾਸੀ ਇਹ ਸੁਣਕੇ ਰੋਣ ਦੀ ਬਜਾਇ, ਧੀਰਜ ਰੱਖਕੇ ਬੋਲੀ–

**ਨਾ ਮੈਂ ਚੇਰੀ ਸ਼ਾਮ ਕੀ ਨਾ ਕੋ ਮੇਰਾ ਸ਼ਾਮ।**
**ਪ੍ਰਾਰਬਧ ਵੱਸ ਮੇਲ ਯਹ ਸੁਣ ਰਿਸ਼ੀ ਅਭਿਰਾਮ॥**

**ਅਰਥ–**ਹੇ ਵਿੱਦਵਾਨ ਰਿਸ਼ੀ ਜੀ! ਨਾ ਮੈਂ ਰਾਜਕੁਮਾਰ ਦੀ ਦਾਸੀ ਹਾਂ ਅਤੇ ਨਾ ਹੀ ਉਹ ਮੇਰਾ ਸੁਆਮੀ ਹੈ। ਪ੍ਰਾਰਬਧ ਯਾਨੀ ਪੂਰਬਲੇ ਕਰਮਾਂ ਕਰਕੇ ਹੀ ਸਾਡਾ ਮੇਲ ਹੋਇਆ ਸੀ। ਹੁਣ ਜੇ ਇਹ ਮੇਲ ਪੂਰਾ ਹੋ ਗਿਆ ਹੈ ਤਾਂ ਸ਼ੋਕ ਕਿਸ ਗੱਲ ਦਾ ਕਰਨਾ ਹੈ। ਜੋ ਵੀ ਆ ਬਣੀ ਹੈ, ਸਭ ਵਾਹ–ਵਾਹ। ਦਾਸੀ ਦੀ ਇਹ ਹਾਲਤ ਦੇਖਕੇ, ਰਿਸ਼ੀ ਜੀ ਨੇ ਵਿਚਾਰ ਕੀਤਾ ਕਿ ਇਹ ਤਾਂ ਆਖਿਰ ਦਾਸੀ ਹੀ ਹੈ, ਇਸਨੂੰ ਰਾਜ ਕੁਮਾਰ ਦੇ ਮਰਨ ਦਾ ਕੀ ਸ਼ੋਕ ਹੋਣਾ ਹੋਇਆ। ਫਿਰ ਖਿਆਲ ਕੀਤਾ ਕਿ ਹੁਣ ਰਾਜਕੁਮਾਰ ਦੀ ਪਤਨੀ ਪਾਸ ਚੱਲ ਕੇ ਦੇਖੀਏ। ਇਹ ਸੋਚਕੇ ਰਿਸ਼ੀ, ਰਾਜਕੁਮਾਰ ਦੀ ਪਤਨੀ ਕੋਲ ਆਕੇ ਬੋਲਿਆ, ਹੇ ਰਾਜ ਕੁਮਾਰੀ! ਮੈਨੂੰ ਸਮਝ ਨਹੀਂ ਆ ਰਿਹਾ ਕਿ ਮੈਂ ਤੈਨੂੰ ਕਿਸ ਮੂੰਹ ਨਾਲ ਦੁੱਖ ਭਰੀ ਖਬਰ ਸੁਣਾਵਾਂ? ਰਿਸ਼ੀ ਨੇ ਇਸ ਸਲੋਕ ਦਾ ਉਚਾਰਣ ਕੀਤਾ–

**ਤੂੰ ਸੁਣ ਚਾਤੁਰ ਸੁੰਦਰੀ ਅਬਲਾ ਜੋਬਨਵਾਨ।**
**ਦੇਵੀ ਵਾਹਨ ਦਲਮਲਯੋ ਤੁਮਰੋ ਸ੍ਰੀ ਭਗਵਾਨ॥**

**ਅਰਥ–**ਹੇ ਚਾਤੁਰ, ਸੁੰਦਰ ਅਤੇ ਜੋਬਨਵਾਨ ਰਾਜਕੁਮਾਰੀ! ਤੇਰੇ ਪਤੀ

ਨੂੰ ਦੇਵੀ ਦੇ ਵਾਹਨ ਯਾਨੀ ਸ਼ੇਰ ਨੇ ਮਾਰ ਦਿੱਤਾ ਹੈ। ਮੈਂ ਇਹ ਦੁਖਦਾਈ ਖਬਰ ਦੇਣ ਲਈ, ਆਇਆ ਹਾਂ। ਇਹ ਸੁਣਕੇ ਰਾਜਕੁਮਾਰੀ ਨੇ ਬਜਾਇ ਸ਼ੋਕ ਕਰਨ ਦੇ, ਰਿਸ਼ੀ ਨੂੰ ਇਹ ਉੱਤਰ ਦਿੱਤਾ–

**ਤਪੀਆ ਪੂਰਬ ਜਨਮ ਕੀ ਕਿਆ ਜਾਨਤ ਹੈਂ ਲੋਗ।**
**ਮਿਲੇ ਕਰਮ ਵਸ ਆਨਿ ਹਮ ਅਬ ਬਿਧਿ ਕੀਨ ਵਿਯੋਗ॥**

**ਅਰਥ**–ਹੇ ਤਪੱਸਵੀ! ਇਹ ਸਭ ਪੂਰਬਲੇ ਜਨਮਾਂ ਦਾ ਫਲ ਹੈ ਜਿਸਨੂੰ ਅਸੀਂ ਭੋਗ ਰਹੇ ਹਾਂ। ਸੰਸਾਰੀ ਲੋਕਾਂ ਨੂੰ ਇਸ ਗੱਲ ਦਾ ਕੀ ਪਤਾ ਹੈ? ਕਰਮਾਂ ਦੇ ਵੱਸ ਹੋਣ ਕਰਕੇ, ਸਾਡਾ ਸਭ ਦਾ ਆਪਸ ਵਿੱਚ ਮੇਲ ਹੁੰਦਾ ਹੈ। ਹੁਣ, ਜੋ ਵਿਧਾਤਾ ਨੇ ਵਿਯੋਗ ਕੀਤਾ ਹੈ, ਉਸ ਲਈ ਅਫਸੋਸ ਕਿਸ ਗੱਲ ਦਾ ਕਰਨਾ ਹੈ? ਸੋ ਹੇ ਰਿਸ਼ੀ! ਤੁਸੀਂ ਵੀ ਇਸ ਘਟਨਾ ਦੀ ਚਿੰਤਾ ਨਾ ਕਰੋ। ਜੋ ਕੁੱਝ ਵੀ ਆ ਬਣਿਆ ਹੈ, ਸਭ ਚੰਗਾ ਹੀ ਹੈ। ਪ੍ਰਮਾਤਮਾ ਹਮੇਸ਼ਾ ਚੰਗਾ ਹੀ ਕਰਦਾ ਹੈ। ਇਹ ਸੁਣਕੇ, ਰਿਸ਼ੀ ਨੇ ਸਮਝਿਆ ਕਿ ਇਹ ਰਾਜਕੁਮਾਰੀ, ਉਮਰ ਦੀ ਛੋਟੀ ਹੈ, ਇਸਨੂੰ ਪਤੀ ਪ੍ਰੇਮ ਦੀ ਪੂਰੀ ਸਮਝ ਨਹੀਂ ਹੈ। ਇਸ ਲਈ, ਰਾਜਕੁਮਾਰ ਦੀ ਮਾਤਾ ਪਾਸ ਜਾਕੇ ਉਸਦੀ ਪ੍ਰੀਖਿਆ ਲਈਏ ਕਿਉਂਕਿ ਮਾਂ ਦਾ ਪੁੱਤਰ ਨਾਲ ਬਹੁਤ ਜ਼ਿਆਦਾ ਮੋਹ ਹੁੰਦਾ ਹੈ। ਇਸ ਖਿਆਲ ਨਾਲ ਰਿਸ਼ੀ, ਰਾਣੀ ਕੋਲ ਗਿਆ ਤੇ ਜਾਕੇ ਕਿਹਾ, ਹੇ ਰਾਣੀ! ਮੈਂ ਕਿਸ ਮੂੰਹ ਨਾਲ ਤੈਨੂੰ ਦੁੱਖ ਭਰੀ ਗੱਲ ਸੁਣਾਵਾਂ? ਮੇਰੀ ਜ਼ੁਬਾਨ ਤੋਂ ਇਹ ਦੁੱਖ ਭਰੀ ਵਾਰਤਾ ਦੱਸੀ ਨਹੀਂ ਜਾ ਰਹੀ। ਸੁਣਕੇ ਰਾਣੀ ਨੇ ਕਿਹਾ ਕਿ ਹੇ ਰਿਸ਼ੀ! ਤੂੰ ਕਿਸੇ ਕਿਸਮ ਦਾ ਕੋਈ ਖਿਆਲ ਨਾ ਕਰ ਜੋ ਕੁੱਝ ਵੀ ਹੈ ਬਿਨਾਂ ਸੰਕੋਚ ਤੋਂ ਸੁਣਾ। ਤਾਂ ਫਿਰ ਰਿਸ਼ੀ ਨੇ ਇਸ ਸਲੋਕ ਦਾ ਉਚਾਰਣ ਕੀਤਾ–

**ਰਾਣੀ ਤੁਮ ਕੋ ਬਿਪਤ ਅਤਿ ਸੁਤਿ ਖਾਇਓ ਮ੍ਰਿਗ ਰਾਜ।**
**ਹਮ ਨੇ ਭੋਜਨ ਨਾ ਕੀਉ ਇਸ ਮ੍ਰਿਤਕ ਕੇ ਕਾਜ॥**

**ਅਰਥ**–ਹੇ ਰਾਣੀ! ਤੁਹਾਡੇ ਤੇ ਬਹੁਤ ਬਿਪਦਾ ਆ ਪਈ ਹੈ। ਤੁਹਾਡੇ ਪੁੱਤਰ ਨੂੰ ਸ਼ੇਰ ਨੇ ਖਾ ਲਿਆ ਹੈ। ਇਸ ਲਈ ਮੈਂ ਵੀ ਪਿਆਰੇ ਰਾਜਕੁਮਾਰ ਦੀ ਮ੍ਰਿਤੂ ਹੋ ਜਾਣ ਕਰਕੇ, ਹੁਣ ਤੱਕ ਭੋਜਨ ਨਹੀਂ ਕੀਤਾ। ਇਹ ਸੁਣਕੇ ਰਾਣੀ ਨੇ ਰਿਸ਼ੀ ਨੂੰ ਕਿਹਾ, ਹੇ ਰਿਸ਼ੀ! ਤੂੰ ਕੋਈ ਸ਼ੋਕ ਨਾ ਕਰ। ਜੋ ਕੁੱਝ ਵੀ

ਹੋ ਰਿਹਾ ਹੈ, ਪ੍ਰਮੇਸ਼ਰ ਆਪ ਹੀ ਕਰ ਰਿਹਾ ਹੈ। ਸਭ ਕੁੱਝ ਸਾਡੇ-ਤੁਹਾਡੇ ਭਲੇ ਲਈ ਹੀ ਹੁੰਦਾ ਹੈ। ਇਸ ਲਈ ਅਸੀਂ ਸਾਰਿਆਂ ਨੇ ਉਸਦੇ ਹੁਕਮ ਵਿੱਚ ਰਾਜ਼ੀ ਰਹਿਣਾ ਹੈ। ਇਸ ਗੱਲ ਨੂੰ ਰਾਣੀ ਨੇ ਇਉਂ ਦੱਸਿਆ-

**ਏਕ ਬਿਰਖ ਡਾਲੀ ਘਣੇ ਪੰਖੀ ਬੈਠੇ ਆਏ।**
**ਪਹੁ ਪਾਟੀ ਪੀਹੀ ਭਈ ਉਡ-ਉਡ ਚਹੁੰ ਦਿਸ ਜਾਏ॥**

**ਅਰਥ**-ਹੇ ਰਿਸ਼ੀ! ਇਸ ਜਗਤ ਦਾ ਵਰਤਾਉ ਇਵੇਂ ਹੀ ਹੈ ਜਿਵੇਂ ਕਿਸੇ ਬ੍ਰਿਛ ਦੀਆਂ ਟਾਹਣੀਆਂ ਉੱਤੇ ਅਨੇਕਾਂ ਪੰਛੀ ਆਕੇ ਰਾਤ ਨੂੰ ਵਿਸ਼ਰਾਮ ਕਰਦੇ ਹਨ ਅਤੇ ਸਵੇਰ ਹੁੰਦੇ ਹੀ ਸਭ ਅਪਣਾ-ਅਪਣਾ ਰਸਤਾ ਫੜਕੇ ਚਾਰੇ ਦਿਸ਼ਾਵਾਂ ਵੱਲ ਉਡ ਜਾਂਦੇ ਹਨ। ਸੋ ਮੇਰਾ ਅਤੇ ਮੇਰੇ ਪੁੱਤਰ ਦਾ ਮਿਲਾਪ ਵੀ ਇਸੇ ਤਰ੍ਹਾਂ ਹੀ ਸਮਝੋ। ਰਿਸ਼ੀ ਹੈਰਾਨ ਹੋਕੇ ਵਿਚਾਰ ਕਰਨ ਲੱਗਿਆ ਕਿ ਹੁਣ ਰਾਜੇ ਦੀ ਅਵਸਥਾ ਵੀ ਪਰਖ ਲਈਏ। ਰਿਸ਼ੀ, ਰਾਜ-ਦਰਬਾਰ ਵਿੱਚ ਆਕੇ ਰਾਜਾ ਨੂੰ ਕਹਿਣ ਲੱਗਿਆ ਕਿ ਹੇ ਰਾਜਨ! ਮੈਂ ਤੁਹਾਨੂੰ ਅਤੀ ਦੁਖਦਾਈ ਖ਼ਬਰ ਦੱਸਣ ਵਾਸਤੇ ਆਇਆ ਹਾਂ-

**ਰਾਜਾ ਮੁੱਖ ਤੇ ਰਾਮ ਕਹੋ ਪਲ ਪਲ ਘੜੀ ਘੜੀ।**
**ਸੁਤ ਖਾਇਉ ਮ੍ਰਿਗ ਰਾਜ ਨੇ ਪਰਿਉ ਹਮਾਰੇ ਮੜ੍ਹੀ॥**

**ਅਰਥ**-ਹੇ ਰਾਜਨ! ਤੂੰ ਹਰ-ਦਮ ਮੁੱਖ ਤੋਂ ਰਾਮ-ਰਾਮ ਬੋਲ। ਤੇਰੇ ਪੁੱਤਰ ਨੂੰ ਸ਼ੇਰ ਨੇ ਮਾਰ ਦਿੱਤਾ ਹੈ ਜੋ ਕਿ ਮੇਰੇ ਅਸਥਾਨ ਤੇ ਮੁਰਦਾ ਹੋਇਆ ਪਿਆ ਹੈ। ਪਰ ਇਹ ਸੁਣਕੇ ਰਾਜੇ ਨੂੰ ਰਤੀ ਭਰ ਵੀ ਦੁੱਖ ਨਾ ਹੋਇਆ ਅਤੇ ਬਿਲਕੁਲ ਅਡੋਲ ਚਿੱਤ ਰਿਹਾ। ਰਾਜਾ, ਰਿਸ਼ੀ ਨੂੰ ਕਹਿਣ ਲੱਗਿਆ, ਹੇ ਰਿਸ਼ੀ! ਤੂੰ ਇਸ ਗੱਲ ਦੀ ਕੋਈ ਚਿੰਤਾ ਨਾ ਕਰ-

**ਤਪੀਆ ਤਪ ਕਿਉਂ ਛਾਡਿਉ ਈਹਾਂ ਪਲ ਨਾਂਹੀ ਸੋਗ।**
**ਵਾਸਾ ਜਗਤ ਸਰਾਂਇ ਮੇਂ ਸਭੀ ਮੁਸਾਫਿਰ ਲੋਗ॥**

**ਅਰਥ**-ਹੇ ਤਪੀਸ਼੍ਵਰ! ਮੈਂ ਤੈਨੂੰ ਦੇਖਕੇ ਬਹੁਤ ਹੈਰਾਨ ਹੋਇਆ ਹਾਂ ਕਿ ਤੂੰ ਆਪਣੀ ਤੱਪਸਿਆ ਛੱਡਕੇ ਮੇਰੇ ਕੋਲ ਆਇਆ ਹੈਂ। ਮੈਨੂੰ ਤਾਂ ਰੰਚਕ ਮਾਤਰ ਵੀ ਸ਼ੋਕ ਨਹੀਂ ਹੈ। ਇਹ ਸੰਸਾਰ ਤਾਂ ਮੁਸਾਫਰਖਾਨਾ ਹੈ ਅਤੇ ਇਸ ਵਿੱਚ ਰਹਿਣ ਵਾਲੇ ਸਭ ਜੀਵ, ਮੁਸਾਫਰਾਂ ਦੀ ਤਰ੍ਹਾਂ ਹੀ ਰਹਿ ਰਹੇ ਹਨ।

ਜਿਵੇਂ ਹਰ ਇੱਕ ਮੁਸਾਫਰ, ਸਵੇਰ ਹੁੰਦੇ ਹੀ ਮੁਸਾਫਰਖਾਨੇ ਤੋਂ ਚੱਲ ਪੈਂਦਾ ਹੈ ਤਿਵੇਂ ਹੀ ਮੇਰਾ ਪੁੱਤਰ ਵੀ ਜਿੰਦਗੀ ਰੂਪ ਰਾਤ ਗੁਜ਼ਾਰ ਕੇ, ਪਰਲੋਕ ਸਿਧਾਰ ਗਿਆ ਹੈ।ਇਉਂ ਰਿਸ਼ੀ ਨੇ ਰਾਜਾ ਦੀ ਅਡੋਲ ਬਿਰਤੀ ਦੇਖਕੇ ਨਿਸ਼ਚੇ ਕੀਤਾ ਕਿ ਵਾਕਿਆ ਹੀ ਰਾਜਾ 'ਨਿਰਮੋਹੀ' ਹੈ ਜੋ ਆਪਣੇ ਪੁੱਤਰ ਦੀ ਮੌਤ ਸੁਣਕੇ ਵੀ ਦੁਖੀ ਨਹੀਂ ਹੋਇਆ। ਇਸਦੇ ਉੱਤੇ ਤਾਂ ਪ੍ਰਮਾਤਮਾ ਦੀ ਬਹੁਤ ਕਿਰਪਾ ਹੈ। ਜਿਵੇਂ ਕਿ ਸ਼ਾਸਤ੍ਰ ਵਿੱਚ ਕਿਹਾ ਗਿਆ ਹੈ–

**ਕਿਆ ਰਾਜਾ ਕਿਆ ਰੰਕ ਹੈ ਤਪੀ ਭਵਨ ਕੋ ਵਾਸ।**
**ਜਿਸ ਊਪਰ ਪ੍ਰਭ ਕਿਰਪਾ ਕਰੇ ਤਾਂ ਕੇ ਰਿਦੇ ਪ੍ਰਕਾਸ਼॥**

**ਅਰਥ**–ਰਾਜਾ ਹੋਵੇ ਜਾਂ ਰੰਕ, ਤੱਪਸਵੀ ਹੋਵੇ ਜਾਂ ਗ੍ਰਿਹਸਥੀ, ਜਿਸ ਉਤੇ ਪ੍ਰਭੂ ਕਿਰਪਾ ਕਰਦਾ ਹੈ, ਉਸੇ ਦੇ ਹਿਰਦੇ ਵਿੱਚ ਹੀ ਆਤਮ-ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਉਸ ਵਕਤ ਰਿਸ਼ੀ ਨੇ ਇਹ ਸਲੋਕ ਰਾਜਾ 'ਨਿਰਮੋਹੀ' ਬਾਰੇ ਉਚਾਰਣ ਕੀਤਾ–

**ਧੰਨ ਹੋ ਰਾਜਾ ਧੰਨ ਤੁਮ ਧੰਨ ਤੁਮਾਰਾ ਦੇਸ਼।**
**ਧੰਨ ਤੁਮਾਰਾ ਸਤਿਗੁਰੂ ਜਿਨ ਤੋਹਿ ਕੀਉ ਉਪਦੇਸ਼॥**

**ਅਰਥ**–ਹੇ ਰਾਜਨ! ਤੂੰ ਧੰਨ ਹੈਂ, ਤੁਹਾਡਾ ਦੇਸ਼ ਵੀ ਧੰਨ ਹੈ ਅਤੇ ਤੇਰਾ ਸਤਿਗੁਰੂ ਵੀ ਧੰਨ ਹੈ ਜਿਸਨੇ ਤੈਨੂੰ ਅਜਿਹਾ ਉਪਦੇਸ਼ ਦਿੱਤਾ ਹੈ। ਹੇ ਰਾਜਨ! ਮੈਂ ਤਾਂ ਤੇਰੀ ਪ੍ਰੀਖਿਆ ਲੈਣ ਲਈ ਆਇਆ ਸੀ ਕਿਉਂਕਿ ਤੇਰੇ ਪੁੱਤਰ ਨੇ, ਮੈਨੂੰ ਤੇਰਾ ਨਾਮ 'ਨਿਰਮੋਹੀ' ਦੱਸਿਆ ਸੀ। ਮੈਨੂੰ ਇੱਕ ਰਾਜੇ ਦੇ ਨਿਰਮੋਹੀ ਹੋਣ ਤੇ ਪੂਰਾ ਵਿਸ਼ਵਾਸ ਨਹੀਂ ਸੀ ਆਇਆ। ਹੁਣ ਦੇਖਣ ਤੋਂ ਮਾਲੂਮ ਹੋਇਆ ਹੈ ਕਿ ਇੱਕ ਤੂੰ ਹੀ ਨਿਰਮੋਹੀ ਨਹੀਂ ਪ੍ਰੰਤੂ ਤੇਰਾ ਸਾਰਾ ਪ੍ਰੀਵਾਰ ਹੀ ਮਾਇਆ ਦੇ ਮੋਹ ਤੋਂ ਉਦਾਸ ਅਤੇ ਨਿਰਮੋਹੀ ਹੈ। ਹੁਣ ਤੁਸੀਂ ਇਹ ਖ਼ਬਰ ਖੁਸ਼ੀ ਨਾਲ ਸੁਣੋ ਕਿ ਤੁਹਾਡਾ ਪੁੱਤਰ ਜਿਉਂਦਾ-ਜਾਗਦਾ ਮੇਰੇ ਅਸਥਾਨ ਤੇ ਬੈਠਾ ਹੈ। ਜੋ ਮੈਂ ਤੁਹਾਡੀ ਬਾਬਤ ਸੁਣਿਆ ਸੀ, ਸੱਚ-ਮੁੱਚ ਉਸੇ ਤਰ੍ਹਾਂ ਹੀ ਦੇਖਿਆ ਹੈ। ਮੈਂ ਆਪ ਜੀ ਤੇ ਬਹੁਤ ਹੀ ਪ੍ਰਸੰਨ ਹੋਇਆ ਹਾਂ, ਤੁਹਾਡੀ ਸਦਾ ਹੀ ਜੈ ਹੋਵੇ। ਇਸ ਤਰ੍ਹਾਂ ਰਿਖੀਸ਼੍ਵਰ, ਰਾਜੇ ਨੂੰ ਅਸ਼ੀਰਵਾਦ ਦੇ ਕੇ ਆਪਣੇ ਅਸਥਾਨ ਵੱਲ ਚਲਿਆ ਗਿਆ। ਕੁਟੀਆ ਦੇ ਨੇੜੇ ਪਹੁੰਚਕੇ,

ਰਿਸ਼ੀ ਨੂੰ ਖਿਆਲ ਆਇਆ ਕਿ ਰਾਜਕੁਮਾਰ ਦੀ ਪ੍ਰੀਖਿਆ ਵੀ ਲੈਣੀ ਚਾਹੀਦੀ ਹੈ, ਸੋ ਪਹੁੰਚਦੇ ਸਾਰ ਹੀ ਸ਼ਹਿਜ਼ਾਦੇ ਨੂੰ ਇਹ ਸਲੋਕ ਸੁਣਾਇਆ-

**ਸੁਨ ਨਿਰਪ ਨੰਦਨ ਬਾਤ ਮਮ ਮਹਾਂ ਸ਼ੋਕ ਕੀ ਖਾਣ।**
**ਨਿਕਸੇ ਪੀਛੇ ਯੁੱਧ ਮੇਂ ਭਈ ਤਉ ਕੁਲ ਕੀ ਹਾਨ॥**

**ਅਰਥ**-ਹੇ ਰਾਜ ਕੁਮਾਰ! ਮੇਰੀ ਬਾਤ ਸੁਣ ਜੋ ਕਿ ਬਹੁਤ ਸ਼ੋਕ-ਪੂਰਣ ਹੈ। ਮੈਂ ਤੇਰੇ ਪਿਤਾ ਦੇ ਰਾਜ ਵਿੱਚ ਗਿਆ। ਉੱਥੇ ਖ਼ਬਰ ਮਿਲੀ ਕਿ ਕੋਈ ਦੁਸ਼ਮਣ ਤੁਹਾਡੇ ਮੁਲਕ ਤੇ ਚੜ੍ਹਾਈ ਕਰਕੇ ਆਇਆ ਸੀ ਅਤੇ ਉਸਨੇ ਰਾਜੇ ਨੂੰ ਕੈਦ ਕਰਕੇ ਮਾਰ ਦਿੱਤਾ। ਤੇਰੀ ਮਾਤਾ ਨੇ ਸਤੀ ਹੋਣ ਲਈ ਆਪਣੇ-ਆਪ ਨੂੰ ਮੜ੍ਹੀ ਵਿੱਚ ਜਲਾ ਦਿੱਤਾ। ਬਾਕੀ ਸਾਰਾ ਪ੍ਰੀਵਾਰ ਤੇ ਘਰ-ਬਾਰ ਸਭ ਨਾਸ਼ ਹੋ ਗਿਆ ਹੈ। ਇਹ ਗੱਲ ਸੁਣਕੇ ਸ਼ਹਿਜ਼ਾਦੇ ਨੇ ਰੰਚਕ ਮਾਤ੍ਰ ਵੀ ਅਫਸੋਸ ਨਹੀਂ ਕੀਤਾ ਬਲਕਿ ਰਿਸ਼ੀ ਨੂੰ ਇਸ ਤਰ੍ਹਾਂ ਜੁਆਬ ਦਿੱਤਾ-

**੧. ਇਕ ਦਿਨ ਲੋਕ ਕੁਟੰਬ ਸੇ ਵਿਛੜਿਆ ਕਰ ਹੋਏ।**
**ਤਾਂ ਤੇ ਹਮ ਪਹਿਲੇ ਤਜੇ ਸ਼ੋਕ ਨਾ ਕਰਹੂੰ ਕੋਇ॥**
**੨. ਚਲਤੇ ਮਾਰਗ ਏਕ ਮੇਂ ਮਿਲਿਯੋ ਬਟਾਊ ਕੋ ਵਾਸ।**
**ਭਾਵੇਂ ਅਭੀ ਵਿਛੜੇ ਭਾਵੇਂ ਕੋਸ ਪਚਾਸ॥**
**੩. ਤੀਨ ਦਿਨੋਂ ਕੇ ਜੀਵਤੇ ਜੈਸੇ ਸੁਪਨ ਵਿਲਾਸ।**
**ਬਿਰਥਾ ਹੀ ਸਭ ਅਰੰਭ ਹੈ ਸੁਖ ਭੋਗਣ ਕੀ ਆਸ॥**
**੪. ਕਿਆ ਕਹੀਏ ਕਿਆ ਜੋੜੀਏ ਥੋੜੇ ਜੀਵਨ ਕਾਜ।**
**ਛੋੜ-ਛੋੜ ਸਭ ਜਾਤ ਹੈਂ ਬਪੁ ਘਰ ਧਨ ਕੁਲ ਰਾਜ॥**
**੫. ਬੰਧਿਆ ਪੁੱਤਰ ਵਿਯੋਗ ਕੇ ਮਾਨਤ ਹੈ ਦੁੱਖ ਜਾਨ।**
**ਵਾਰ-ਵਾਰ ਪਚ ਮਰਤ ਕੁੰਭੀ ਪਾਤ ਮਹਿ ਤਾਨ॥**

**ਅਰਥ**-ਹੇ ਰਿਸ਼ੀ! ਅਸੀਂ ਸਭ ਨੇ ਇੱਕ ਦਿਨ ਆਪਣੇ ਕੁਟੰਬ ਤੋਂ ਵਿੱਛੁੜ ਜਾਣਾ ਹੈ। ਇਸ ਲਈ, ਮੈਂ ਉਨ੍ਹਾਂ ਨੂੰ ਪਹਿਲਾਂ ਹੀ ਤਿਆਗ ਦਿੱਤਾ ਤਾਂ ਫਿਰ ਮੈਂ ਸ਼ੋਕ ਕਿਉਂ ਕਰਾਂ? ਜਿਵੇਂ ਕਿ ਮੈਨੂੰ ਕੋਈ ਰਸਤੇ ਵਿੱਚ ਪਾਂਧੀ ਮਿਲ ਜਾਵੇ ਤੇ ਮਿਲਦਾ ਹੀ ਜੁਦਾ ਹੋ ਜਾਵੇ ਜਾਂ ਫਿਰ ਥੋੜ੍ਹਾ ਅੱਗੇ ਚੱਲ ਕੇ ਵਿੱਛੁੜ ਜਾਵੇ ਤਾਂ ਉਸਦਾ ਮੈਨੂੰ ਕੀ ਅਫਸੋਸ? ਥੋੜਾ ਜਿਹਾ ਜਿਉਣ ਲਈ

ਸੁਪਨੇ ਦੇ ਭੋਗਾਂ ਸਮਾਨ, ਇਸ ਸੰਸਾਰ ਦੇ ਭੋਗਾਂ ਦੀ ਆਸ ਵਿੱਚ ਸਾਰੀ ਉਮਰ ਵਿਅਰਥ ਚਲੀ ਜਾਂਦੀ ਹੈ। ਸੋ ਮੈਂ ਕੀ ਕਹਾਂ? ਕਿਉਂਕਿ ਮੈਂ ਦੇਖਦਾ ਹਾਂ ਕਿ ਸਭ ਕੋਈ ਆਪਣਾ ਸ਼ਰੀਰ, ਘਰ, ਧਨ, ਕੁਲ ਅਤੇ ਰਾਜ ਛੱਡ ਕੇ ਚਲਿਆ ਜਾਂਦਾ ਹੈ। ਜਿਵੇਂ ਕੋਈ ਬਾਂਝ ਇਸਤ੍ਰੀ, ਪੁੱਤਰ ਦੇ ਵਿਯੋਗ ਵਿੱਚ ਸ਼ੋਕ ਕਰੇ, ਵੈਸੇ ਹੀ ਮੇਰਾ ਦੁੱਖ ਵੀ ਜਾਣ। ਇਸ ਸੰਸਾਰ ਰੂਪੀ ਕੁੰਭੀ ਨਰਕ ਵਿੱਚ ਜੀਵ, ਵਾਰ-ਵਾਰ 'ਪਚ' ਯਾਨੀ ਮਰ ਰਿਹਾ ਹੈ। ਰਾਜਕੁਮਾਰ ਦੀ ਇਹ ਅਵਸਥਾ ਦੇਖਕੇ, ਰਿਸ਼ੀ ਬਹੁਤ ਪ੍ਰਸੰਨ ਹੋਇਆ। ਰਿਸ਼ੀ ਨੇ ਰਾਜਕੁਮਾਰ ਨੂੰ ਪ੍ਰੇਮ ਨਾਲ ਗਲੇ ਲਗਾਇਆ। ਰਿਸ਼ੀ ਬੋਲਿਆ ਕਿ ਹੇ ਰਾਜਕੁਮਾਰ! ਤੂੰ, ਤੇਰਾ ਪਿਤਾ ਅਤੇ ਤੇਰਾ ਸਾਰਾ ਕੁਟੰਬ ਵੀ ਧੰਨ ਹੈ ਜੋ ਕਿ ਐਸੀ ਅਡੋਲ ਇਸਥਿਤੀ ਵਿੱਚ ਹੈ। ਪ੍ਰਮੇਸ਼ਰ, ਤੁਹਾਨੂੰ ਸਦਾ ਖੁਸ਼ ਅਤੇ ਆਬਾਦ ਰੱਖੇਗਾ।

'ਗੁਰਮੁਖਿ' ਪੁਰਸ਼ ਅਜਿਹੀ ਜੁਗਤੀ ਯਾਨੀ ਵਿਧੀ ਨਾਲ ਇਸ ਸੰਸਾਰ ਦੇ ਮੋਹ ਰੂਪੀ ਦੁੱਖ ਤੋਂ ਰਹਿਤ ਹੋਕੇ, ਆਪਣਾ ਅਮੋਲਕ ਸਮਾਂ ਪਰਮ-ਅਨੰਦ ਵਿੱਚ ਬਤੀਤ ਕਰਦੇ ਹਨ ਅਤੇ ਜੀਵਨ-ਮੁਕਤ ਅਵਸਥਾ ਨੂੰ ਪ੍ਰਾਪਤ ਹੁੰਦੇ ਹਨ। ਸੋ ਇਹ ਹੈ 'ਗੁਰਮੁਖਿ ਜੁਗਤਾ'॥

**ਪ੍ਰਸ਼ਨ 3. ਕਉਣੁ ਸੁ ਗਿਆਨੀ॥** ਗਿਆਨੀ ਕੌਣ ਹੈ ?

**ਉੱਤਰ-ਗੁਰਮੁਖਿ ਗਿਆਨੀ॥** ਭਾਵ ਇਹ ਹੈ ਕਿ 'ਗੁਰਮੁਖਿ' ਹੀ ਗਿਆਨੀ ਹੈ।ਸੰਸਕ੍ਰਿਤ ਵਿੱਚ 'ਗਿਆਨ' ਸ਼ਬਦ ਦਾ ਅਰਥ ਹੈ 'ਜਾਨਣਾ'। ਜਿਸ ਪ੍ਰਾਣੀ ਨੇ ਸਤਿ ਅਤੇ ਅਸਤਿ ਦੀ ਵਿਚਾਰ ਕਰ ਕੇ ਚੰਗੀ ਤਰ੍ਹਾਂ ਜਾਣ ਲਿਆ ਹੈ ਕਿ 'ਬ੍ਰਹਮ' ਹੀ 'ਸਤਿ' ਹੈ ਅਤੇ ਇਸ ਤੋਂ ਬਿਨਾਂ ਹੋਰ ਸਭ ਝੂਠ ਹੈ, ਉਸਨੂੰ ਹੀ 'ਗਿਆਨੀ' ਕਹਿੰਦੇ ਹਨ। ਪ੍ਰਸ਼ਨ ਵਾਲੀ ਪੰਗਤੀ ਵਿੱਚ 'ਗਿਆਨੀ' ਸ਼ਬਦ ਲਿਖਣ ਤੋਂ ਗੁਰੂ ਸਾਹਿਬ ਦਾ ਤਾਤਪਰਜ ਹੈ 'ਬ੍ਰਹਮ ਗਿਆਨੀ'। ਹੁਣ ਸਵਾਲ ਇਹ ਹੈ ਕਿ ਬ੍ਰਹਮ ਗਿਆਨੀ ਦੀ ਨਿਸ਼ਾਨੀ ਕੀ ਹੈ? ਇਸਦੇ ਉੱਤਰ ਵਿੱਚ ਗੁਰੂ ਸਾਹਿਬ ਜੀ ਫੁਰਮਾ ਰਹੇ ਹਨ ਕਿ ਜੋ 'ਗੁਰਮੁਖਿ' ਹੋਵੇਗਾ ਉਹੀ 'ਬ੍ਰਹਮ ਗਿਆਨੀ' ਹੋ ਸਕਦਾ ਹੈ। ਇਸ ਤੋਂ ਬਿਨਾਂ, ਇਸ ਉੱਤਮ ਪਦਵੀ ਨੂੰ ਪ੍ਰਾਪਤ ਕਰਨ ਦਾ ਹੋਰ ਕੋਈ ਵੀ ਉਪਾਉ ਨਹੀਂ ਹੈ। ਪ੍ਰੰਤੂ 'ਬ੍ਰਹਮ ਗਿਆਨੀ' ਕਿਸ ਨੂੰ ਕਹਿਣਾ ਚਾਹੀਦਾ ਹੈ ਅਤੇ

'ਬ੍ਰਹਮ ਗਿਆਨੀ' ਦੇ ਕੀ ਲੱਛਣ ਹਨ? ਇਸ ਵਿਚਾਰ ਨੂੰ ਸਮਝਣ ਲਈ ਸ੍ਰੀ ਸੁਖਮਨੀ ਸਾਹਿਬ ਦੀ ਅੱਠਵੀਂ ਅਸਟਪਦੀ ਪੜ੍ਹ ਲੈਣੀ ਚਾਹੀਦੀ ਹੈ ਜਿੱਥੇ ਕਿ ਅਤੀ ਸੁਖੈਨ ਤਰੀਕੇ ਨਾਲ ਸਮਝਾਇਆ ਗਿਆ ਹੈ। ਇਥੇ ਸੰਪੂਰਣ ਅਸਟਪਦੀ ਦੇ ਵਿਚਾਰ ਦਾ ਉਲੇਖ ਨਹੀਂ ਕੀਤਾ ਜਾ ਰਿਹਾ ਕੇਵਲ ਉਪ੍ਰੋਕਤ ਪ੍ਰਸ਼ਨ ਦਾ ਭਾਵ-ਅਰਥ ਸਮਝਣ ਲਈ ਸਲੋਕ ਦੇ ਅਰਥਾਂ ਦਾ ਹੀ ਵਿਚਾਰ ਕੀਤਾ ਜਾ ਰਿਹਾ ਹੈ-

**ਸਲੋਕੁ ॥**
**ਮਨਿ ਸਾਚਾ ਮੁਖਿ ਸਾਚਾ ਸੋਇ ॥**
**ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥**
**ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥ (ਅੰਗ ੨੭੨)**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੀ ਅਪਣੀ ਬਾਣੀ ਵਿੱਚ ਉਚਾਰਨ ਕੀਤਾ ਹੈ-

**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥**
**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥**

**(ਅੰਗ ੧੪੨੭)**

ਇਸ ਅਧਿਆਤਮਿਕ ਅਵਸਥਾ ਅਥਵਾ 'ਗਿਆਨੀ' ਦੀ ਉਪਰੋਕਤ ਲੱਛਣਾਂ ਵਾਲੀ ਅਵਸਥਾ ਨੂੰ ਸਪਸ਼ਟ ਤੌਰ ਤੇ ਸਿੱਧ ਕਰਨ ਲਈ, ਇੱਕ 'ਬ੍ਰਹਮ ਗਿਆਨੀ' ਸੰਤ ਜੀ ਦੀ ਕਥਾ ਇਸ ਪ੍ਰਕਾਰ ਹੈ-

ਇੱਕ ਬ੍ਰਹਮ ਗਿਆਨੀ, ਸ਼ਾਂਤ-ਚਿੱਤ ਮਹਾਤਮਾ ਕਿਸੇ ਸ਼ਹਿਰ ਦੇ ਇੱਕ ਬਗੀਚੇ ਵਿੱਚ ਰਹਿੰਦੇ ਸਨ। ਇੱਕ ਦਿਨ ਉਸ ਬਗੀਚੇ ਵਿੱਚ ਖੇਡ ਰਹੇ ਕੁੱਝ ਚੰਚਲ ਸੁਭਾਅ ਵਾਲੇ ਲੜਕਿਆਂ ਨੇ ਆਪਸ ਵਿੱਚ ਮਿਲਕੇ ਸਲਾਹ ਕੀਤੀ ਕਿ ਇਸ 'ਸਾਧੂ' ਨੂੰ ਤੰਗ ਕਰੀਏ। ਮਹਾਤਮਾ ਦੀ ਉੱਚੀ ਅਧਿਆਤਮਿਕ ਅਵਸਥਾ ਦੀ ਪਹਿਚਾਣ ਨਾ ਹੋਣ ਕਰਕੇ, ਉਹ ਸ਼ਰਾਰਤੀ ਲੜਕੇ ਮਸਤੀ ਵਿੱਚ ਆਕੇ ਸੰਤ ਜੀ ਨੂੰ ਛੋਟੇ ਛੋਟੇ ਪੱਥਰ ਮਾਰਨ ਲੱਗੇ ਪ੍ਰੰਤੂ ਮਹਾਤਮਾ ਜੀ

ਸ਼ਾਂਤ ਅਤੇ ਅਡੋਲ ਚਿੱਤ ਅਵਸਥਾ ਵਿੱਚ ਹੀ ਬੈਠੇ ਰਹੇ। ਆਖਰ, ਇੱਕ ਵੱਡਾ ਪੱਥਰ ਮਹਾਤਮਾ ਜੀ ਨੂੰ ਜਾ ਲੱਗਿਆ ਜਿਸ ਕਰਕੇ ਉਨ੍ਹਾਂ ਦੇ ਸ਼ਰੀਰ 'ਚੋਂ ਖ਼ੂਨ ਵਹਿਣ ਲੱਗ ਪਿਆ। ਇਹ ਹਾਲਤ ਦੇਖਕੇ, ਉਹ ਲੜਕੇ ਡਰ ਦੇ ਮਾਰੇ ਬਗੀਚੇ ਵਿੱਚੋਂ ਭੱਜ ਗਏ। ਥੋੜੀ ਦੇਰ ਬਾਅਦ ਕੋਈ ਸੰਤ-ਸੇਵੀ, ਸੱਜਣ ਪੁਰਖ ਉਥੇ ਆ ਪਹੰਚਿਆ। ਉਸਨੇ, ਮਹਾਤਮਾ ਜੀ ਦਾ ਇਹ ਹਾਲ ਦੇਖਕੇ ਜਲਦੀ ਹੀ ਇੱਕ ਹਕੀਮ (ਵੈਦ) ਨੂੰ ਬੁਲਾ ਲਿਆਂਦਾ। ਉਨ੍ਹਾਂ ਨੇ ਸੰਤ ਜੀ ਨੂੰ ਮਲ੍ਹਮ-ਪੱਟੀ ਅਤੇ ਦਵਾਈ ਦੀ ਸੇਵਾ ਕਰਕੇ ਦੁੱਧ ਆਦਿ ਪਦਾਰਥ ਛਕਾਉਣ ਦੀ ਸੇਵਾ ਕੀਤੀ। ਖਬਰ ਸੁਣਦੇ ਸਾਰ ਹੀ ਉਸ ਸ਼ਹਿਰ ਦਾ ਰਾਜਾ, ਮਹਾਤਮਾ ਕੋਲ ਪਹੁੰਚ ਗਿਆ। ਉਸਨੇ ਮਹਾਂਪੁਰਖਾਂ ਨੂੰ ਮੱਥਾ ਟੇਕਿਆ ਅਤੇ ਬੇਨਤੀ ਕੀਤੀ ਕਿ ਹੇ ਸੁਆਮੀ ਜੀ! ਕਿਰਪਾ ਕਰਕੇ, ਮੈਨੂੰ ਦੱਸੋ ਕਿ ਆਪ ਜੀ ਨੂੰ ਪੱਥਰ ਕਿਸਨੇ ਮਾਰਿਆ ਹੈ? ਮੈਂ ਚਾਹੁੰਦਾ ਹਾਂ ਕਿ ਉਸ ਦੋਸ਼ੀ ਨੂੰ ਪੂਰੀ ਸਜ਼ਾ ਮਿਲੇ ਅਤੇ ਜਿਨ੍ਹਾਂ ਭਲੇ ਪੁਰਸ਼ਾਂ ਨੇ ਆਪ ਜੀ ਦੀ ਸੇਵਾ ਕੀਤੀ ਹੈ, ਉਨ੍ਹਾਂ ਨੂੰ ਸ਼ਾਬਾਸ਼ ਅਤੇ ਇਨਾਮ ਦੇਕੇ ਹੌਸਲਾ ਅਫ਼ਜ਼ਾਈ ਕੀਤੀ ਜਾਵੇ। ਇਹ ਸੁਣਕੇ 'ਬ੍ਰਹਮ ਗਿਆਨੀ' ਸੰਤ ਜੀ ਚੁੱਪ ਤੇ ਸ਼ਾਂਤ-ਚਿੱਤ ਰਹੇ। ਰਾਜਾ ਨੇ ਦੁਬਾਰਾ ਬਹੁਤ ਸਤਿਕਾਰ ਨਾਲ ਬੇਨਤੀ ਕੀਤੀ ਕਿ ਹੇ ਦਿਆਲੂਓ! ਕਿਰਪਾ ਕਰਕੇ, ਮੈਨੂੰ ਦੱਸੋ ਕਿ ਆਪ ਜੀ ਨੂੰ ਕਿਸਨੇ ਕਸ਼ਟ ਦਿੱਤਾ ਹੈ ਤਾਂਕਿ ਮੈਂ ਉਸ ਦੋਸ਼ੀ ਨੂੰ ਸਜ਼ਾ ਦੇਵਾਂ? ਜੇਕਰ ਮੈਂ ਆਪਣੇ ਫਰਜ਼ਾਂ ਦੀ ਪਾਲਣਾ ਨਹੀਂ ਕਰਦਾ ਅਤੇ ਦੋਸ਼ੀਆਂ ਨੂੰ ਸਜ਼ਾ ਨਹੀਂ ਦਿੰਦਾ ਫਿਰ ਤਾਂ ਮੇਰੇ ਰਾਜ ਦੀ ਬਹੁਤ ਦੁਰਦਸ਼ਾ ਹੋ ਜਾਵੇਗੀ? ਤਾਂ ਮਹਾਤਮਾ ਜੀ ਬੋਲੇ, ਹੇ ਰਾਜਨ! ਜਿਸਨੇ ਮੈਨੂੰ ਦੁੱਧ ਪਿਲਾਇਆ ਹੈ, ਉਸੇ ਨੇ ਹੀ ਮੈਨੂੰ ਪੱਥਰ ਮਾਰਿਆ ਹੈ। ਇਹ ਸੁਣਕੇ, ਰਾਜੇ ਨੇ ਪੁੱਛਿਆ ਕਿ ਆਪ ਜੀ ਨੂੰ ਦੁੱਧ ਕਿਸਨੇ ਪਿਲਾਇਆ ਹੈ? ਤਾਂ ਸੰਤ ਜੀ ਨੇ ਜਵਾਬ ਦਿੱਤਾ ਕਿ ਜਿਸਨੇ ਮੈਨੂੰ ਪੱਥਰ ਮਾਰਿਆ ਹੈ, ਉਸੇ ਨੇ ਹੀ ਮੈਨੂੰ ਦੁੱਧ ਪਿਲਾਇਆ ਹੈ। ਇਸ ਤੋਂ ਸਿੱਧ ਹੋਇਆ ਕਿ ਉਸ ਮਹਾਤਮਾ ਦੀ ਅਵਸਥਾ 'ਸਮਦ੍ਰਿਸ਼ਟੀ' ਵਾਲੀ ਸੀ। ਉਹ 'ਬ੍ਰਹਮ ਗਿਆਨੀ', 'ਮਹਾਤਮਾ' ਸਾਰਿਆਂ ਵਿੱਚ ਇੱਕ ਪ੍ਰਭੂ ਨੂੰ ਹੀ ਦੇਖ ਰਿਹਾ ਸੀ।

ਰਾਜੇ ਨੇ ਸੰਤਾਂ ਦੀ ਅਜਿਹੀ ਅਵਸਥਾ ਦੇਖਕੇ ਸ਼ਰਧਾ ਨਾਲ ਬੇਨਤੀ

ਕੀਤੀ ਕਿ ਹੇ ਦਿਆਲੂ, ਕ੍ਰਿਪਾਲੂ ਸੰਤ ਜੀ! ਕ੍ਰਿਪਾ ਕਰਕੇ ਮੇਰਾ ਮਾਰਗ-ਦਰਸ਼ਨ ਕਰੋ ਅਤੇ ਮੈਨੂੰ ਵੀ ਕੋਈ ਅਜਿਹੀ ਸਿੱਖਿਆ ਦਿਉ ਜੋ ਕਿ ਮੇਰੇ ਰਾਜ ਵਿੱਚ ਪਾਪ-ਕਰਮ ਦਾ ਜ਼ੋਰ ਨਾ ਵਧੇ। ਪਰਜਾ ਦੇ ਚਿੱਤ ਵਿੱਚ ਸ਼ਾਂਤੀ ਰਹੇ ਅਤੇ ਸਭ ਲੋਕ ਧਰਮੀ ਅਤੇ ਸ਼ੁੱਭ-ਆਚਰਣ ਵਾਲੇ ਹੋਣ। 'ਮਹਾਤਮਾ ਜੀ' ਨੇ ਅਪਣੀ 'ਬ੍ਰਹਮ ਗਿਆਨ' ਵਾਲੀ ਅਵਸਥਾ ਅਨੁਸਾਰ, ਰਾਜਾ ਨੂੰ ਇਹ ਉਪਦੇਸ਼ ਦਿੱਤਾ ਕਿ ਹੇ ਰਾਜਨ! ਤੁਸੀਂ ਸਾਲ ਵਿੱਚ, ਕੋਈ ਇੱਕ ਦਿਨ ਨਿਸ਼ਚਿਤ ਕਰ ਲਉ, ਜਿਸ ਦਿਨ ਤੁਸੀਂ ਅਤੇ ਤੇਰੀ ਪਰਜਾ ਮਿਲਕੇ ਹਰੀ ਕੀਰਤਨ, ਸਤਿਸੰਗ ਅਤੇ ਸਤਿ-ਸ਼ਾਸਤ੍ਰਾਂ ਦੇ ਅੰਮ੍ਰਿਤ ਵਚਨਾਂ ਦੀ ਵਿਚਾਰ ਕਰਿਆ ਕਰੋ। ਇਸ ਤਰ੍ਹਾਂ ਕਰਨ ਨਾਲ ਤੁਹਾਡੇ ਮਨ ਨੂੰ ਸ਼ਾਂਤੀ ਆਵੇਗੀ ਅਤੇ ਤੁਸੀਂ ਅਪਣੀ ਸਾਰੀ ਪਰਜਾ ਸਮੇਤ ਸੁਖੀ ਵੱਸੋਗੇ। ਸੰਤਾਂ ਦੇ ਬਚਨ ਮੰਨਦੇ ਹੋਏ ਰਾਜੇ ਨੇ ਅਜਿਹਾ ਹੀ ਕੀਤਾ। ਉਸਦੇ ਦੇਸ਼ ਵਿੱਚ ਧਰਮ-ਕਰਮ ਦਾ ਪ੍ਰਚਾਰ ਵਧਿਆ ਅਤੇ ਪਰਜਾ ਸੁਖੀ ਵੱਸਣ ਲੱਗੀ। ਸਤਿਸੰਗ ਕਰਨ ਦੇ ਫਲ ਸਰੂਪ, ਉਥੋਂ ਦੇ ਲੋਕ ਪਾਪ-ਕਰਮ ਅਤੇ ਅਧਰਮ ਤੋਂ ਕਿਨਾਰਾ ਕਰਨ ਲੱਗੇ। ਇਹ ਹੈ 'ਬ੍ਰਹਮ ਗਿਆਨੀ' ਮਹਾਂਪੁਰਸ਼ ਦੇ ਜੀਵਨ ਦਾ ਲੱਛਣ, ਜਿਸਦੀ ਕ੍ਰਿਪਾ ਦ੍ਰਿਸ਼ਟੀ ਨਾਲ ਸਭ ਦਾ ਭਲਾ ਹੀ ਹੋਇਆ। 'ਬ੍ਰਹਮ ਗਿਆਨੀ' ਤੋਂ ਕਿਸੇ ਦਾ ਕਦੇ ਵੀ ਕੁੱਛ ਬੁਰਾ ਨਹੀਂ ਹੋਇਆ ਕਰਦਾ।

ਸ੍ਰੀ ਸੁਖਮਨੀ ਸਾਹਿਬ ਦੀ ਅੱਠਵੀਂ ਅਸਟਪਦੀ ਵਿੱਚ ਫੁਰਮਾਨ ਹੈ-

**ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥**
**ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥** **(ਅੰਗ ੨੭੨)**

'ਗੁਰਮੁਖਿ', 'ਗਿਆਨੀ' ਅਜਿਹੀ ਅਵਸਥਾ ਦੇ ਮਾਲਕ ਹੁੰਦੇ ਹਨ ਜਿਵੇਂ ਕਿ ਉੱਪਰ ਲਿਖੇ ਪ੍ਰਸੰਗ ਰਾਹੀਂ ਦਰਸਾਇਆ ਗਿਆ ਹੈ। ਇਹ ਹੈ 'ਗਿਆਨੀ' ਦਾ ਵਰਤਾਉ ਤੇ ਦਿਆਲਤਾ ਜਿਸ ਨਾਲ ਸਰਬੱਤ ਦਾ ਭਲਾ ਹੁੰਦਾ ਹੈ। ਅਜਿਹਾ ਵਰਤਾਉ ਸਿਰਫ 'ਗੁਰਮੁਖਾਂ' ਨੂੰ ਹੀ ਪ੍ਰਾਪਤ ਹੁੰਦਾ ਹੈ ਜੋ ਕਿ ਹਰੇਕ ਪ੍ਰਾਣੀ ਪ੍ਰਤੀ 'ਸਮਦ੍ਰਿਸ਼ਟੀ' ਰੱਖਦੇ ਹਨ।

ਸੋ ਇਹ ਹੈ 'ਗੁਰਮੁਖਿ ਗਿਆਨੀ'॥

**ਪ੍ਰਸ਼ਨ 4. ਕਉਣੁ ਸੁ ਬਕਤਾ॥** - ਬੋਲਣ ਵਾਲਾ ਯਾਨੀ ਬੋਲ ਕੇ

ਸਿੱਖਿਆ ਦੇਣ ਵਾਲਾ ਕੌਣ ਹੁੰਦਾ ਹੈ?

**ਉੱਤਰ-ਗੁਰਮੁਖਿ ਬਕਤਾ॥** - ਭਾਵ ਇਹ ਹੈ ਕਿ 'ਗੁਰਮੁਖਿ' ਹੀ ਅਪਣੇ ਬੋਲਾਂ ਦੁਆਰਾ ਸਿੱਖਿਆ ਦੇਣ ਵਾਲਾ ਹੁੰਦਾ ਹੈ।

**ਵਿਆਖਿਆ** - ਕਿਸ ਮੌਕੇ ਤੇ ਕਿਸ ਤਰ੍ਹਾਂ ਦੀ ਸ਼ਬਦਾਵਲੀ ਵਰਤਣੀ ਚਾਹੀਦੀ ਹੈ ਅਤੇ ਉਹ ਬਾਣੀ ਕਿੰਨੀ ਕੁ ਪ੍ਰਭਾਵਸ਼ਾਲੀ ਹੁੰਦੀ ਹੈ, ਇਹ ਸਭ 'ਗੁਰਮੁਖਿ' ਪਦਵੀ ਨੂੰ ਪ੍ਰਾਪਤ ਹੋਏ ਮਹਾਂਪੁਰਖਾਂ ਦੇ ਜੀਵਨ ਤੋਂ ਹੀ ਪਤਾ ਲੱਗਦਾ ਹੈ।

ਬਾਣੀ ਚਾਰ ਪ੍ਰਕਾਰ ਦੀ ਹੈ - ੧. ਪਰਾ ੨. ਪਸ਼ੰਤੀ ੩. ਮੱਧਮਾ ੪. ਬੈਖਰੀ।

੧. ਪਰਾ - ਅਜਪਾ-ਜਾਪ ਯਾਨੀ ਜਿਸ ਵੇਲੇ ਫੁਰਨਾ ਬਿਲਕੁਲ ਸੂਖਮ ਹੋਵੇ ਅਤੇ ਹੋਰ ਕਿਸੇ ਨੂੰ ਵੀ ਪਤਾ ਨਾ ਲੱਗੇ ਕਿ ਉਹ ਪ੍ਰਾਣੀ ਜਾਪ ਕਰ ਰਿਹਾ ਹੈ ਜਾਂ ਨਹੀਂ।

੨. ਪਸ਼ੰਤੀ - ਜਿਸ ਵੇਲੇ ਕੇਵਲ ਇਹੀ ਪਤਾ ਲੱਗੇ ਕਿ ਉਹ ਪ੍ਰਾਣੀ ਚੁੱਪ-ਚਾਪ ਕੁੱਝ ਪੜ੍ਹ ਰਿਹਾ ਹੈ।

੩. ਮੱਧਮਾ - ਉਹ ਬਾਣੀ ਜੋ ਕੰਠ ਤੋਂ ਜੀਭ (ਰਸਨਾ) ਉਤੇ ਹੋਠਾਂ ਤੱਕ ਤਾਂ ਆਵੇ ਪਰ ਮੂੰਹ ਤੋਂ ਬਾਹਰ ਨਾ ਨਿੱਕਲੇ।

੪. ਬੈਖਰੀ - ਜਿਸ ਬਾਣੀ ਨਾਲ ਅਵਾਜ਼ ਆਵੇ ਅਤੇ ਦੂਜਿਆਂ ਨੂੰ ਵੀ ਪੂਰੀ ਸੁਣਾਈ ਦੇਵੇ।

ਰੋਜ਼ ਦੇ ਜੀਵਨ ਵਿੱਚ ਦੂਜਿਆਂ ਨਾਲ ਗੱਲ-ਬਾਤ ਜਾਂ ਚਰਚਾ ਕਰਨ ਗਾਉਣ, ਭਾਸ਼ਨ ਕਰਨ ਯਾਨੀ ਉੱਚੀ ਅਵਾਜ਼ ਦੀ ਵਰਤੋਂ ਕਰਨ ਲਈ 'ਬੈਖਰੀ' ਬਾਣੀ ਦਾ ਵਿਸ਼ੇਸ਼ ਮਹੱਤਵ ਹੈ ਜਿਵੇਂ ਕੋਈ ਅੰਨ੍ਹਾਂ ਪੁਰਸ਼ ਪੈਦਲ ਜਾ ਰਿਹਾ ਹੋਵੇ ਤਾਂ ਕੋਈ ਸੁਜਾਖਾ ਪੁਰਸ਼ ਬੋਲ ਕੇ (ਅਵਾਜ਼ ਦੇ ਕੇ) ਉਸਨੂੰ ਕਹੇ ਕਿ ਖਬਰਦਾਰ! ਅੱਗੇ ਟੋਆ (ਖੱਡਾ) ਹੈ। ਇਹ 'ਬੈਖਰੀ' (ਅਵਾਜ਼) ਸੁਣਕੇ, ਉਹ ਅੰਨ੍ਹਾਂ ਪੁਰਸ਼ ਖੱਡੇ ਵਿੱਚ ਡਿੱਗਣ ਤੋਂ ਬਚ ਜਾਵੇਗਾ। ਇਸੇ ਤਰ੍ਹਾਂ ਜੇ ਜੰਗਲ ਵਿੱਚ ਕੋਈ ਪੁਰਸ਼ ਰਸਤਾ ਭੁੱਲ ਜਾਵੇ ਤਾਂ ਉਸਨੂੰ ਉੱਚੀ ਅਵਾਜ਼ ਦੁਆਰਾ ਪੁਕਾਰ ਕੇ ਠੀਕ ਰਸਤਾ ਦਸਿਆ ਜਾ ਸਕਦਾ ਹੈ। ਇਸ ਨੂੰ ਹੀ 'ਬੈਖਰੀ' ਬਾਣੀ ਕਹਿੰਦੇ ਹਨ। ਇਸ ਦਾ ਮਹਾਤਮ ਸ੍ਰੀ ਜਪੁਜੀ ਸਾਹਿਬ

ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਉਂ ਫੁਰਮਾਇਆ ਹੈ-

**ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥**

**(ਅੰਗ ੮)**

**ਅਰਥ**-'ਕਰਮ'-ਯਾਨੀ ਬਖ਼ਸ਼ਿਸ਼। ਬਖ਼ਸ਼ੇ ਹੋਏ ਪ੍ਰਾਣੀ ਜਿਨ੍ਹਾਂ ਨੂੰ ਅਸੀਂ ਸੰਤ-ਮਹਾਂਪੁਰਖ ਕਹਿੰਦੇ ਹਾਂ, ਉਨ੍ਹਾਂ ਦੀ ਬਾਣੀ 'ਜੋਰੁ' ਯਾਨੀ ਤਾਕਤ ਵਾਲੀ ਹੁੰਦੀ ਹੈ। ਉਨ੍ਹਾਂ ਦੀ ਬਾਣੀ ਦੇ ਪ੍ਰਤਾਪ ਨੂੰ ਰੋਕਣ ਜਾਂ ਹਟਾਉਣ ਦੀ ਤਾਕਤ ਹੋਰ ਕਿਸੇ ਵਿੱਚ ਵੀ ਨਹੀਂ ਹੁੰਦੀ। ਸੂਰਜ ਪ੍ਰਕਾਸ਼ ਗ੍ਰੰਥ ਵਿੱਚ ਇਹ ਦ੍ਰਿਸ਼ਟਾਂਤ ਅੰਕਿਤ ਹੈ-

**ਦ੍ਰਿਸ਼ਟਾਂਤ (੧)** - ਲਾਹੌਰ ਵਿੱਚ ਬੁੱਧੂ ਸ਼ਾਹ ਨਾਉਂ ਦਾ ਇੱਕ ਵਿਅਕਤੀ ਰਹਿੰਦਾ ਸੀ। ਉਸਨੇ ਬਹੁਤ ਸਾਰਾ ਪੈਸਾ ਕਰਜਾ ਲੈਕੇ ਇੱਟਾਂ ਪਕਾਉਣ ਲਈ ਭੱਠੇ ਲਾਉਣ ਦਾ ਵਿਚਾਰ ਕੀਤਾ। ਕੰਮ ਦੀ ਅਰੰਭਤਾ ਤੋਂ ਪਹਿਲਾਂ ਉਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਆਇਆ। ਕੜਾਹ-ਪ੍ਰਸ਼ਾਦ ਭੇਟਾ ਕਰਨ ਅਤੇ ਅਰਦਾਸ ਤੋਂ ਬਾਅਦ ਗੁਰੂ ਸਾਹਿਬ ਜੀ ਕੋਲ ਦਰਸ਼ਨਾਂ ਲਈ ਪਹੁੰਚਿਆ। ਬੇਨਤੀ ਕੀਤੀ, ਹੇ ਦੀਨ ਦਿਆਲ! ਕ੍ਰਿਪਾ ਕਰਕੇ ਅਸ਼ੀਰਵਾਦ ਦਿਉ ਕਿ ਮੇਰਾ ਕਾਰਜ ਰਾਸ ਹੋ ਜਾਵੇ। ਮੇਰੇ ਇੱਟਾਂ ਦੇ ਭੱਠੇ ਚੰਗੀ ਤਰ੍ਹਾਂ ਪੱਕ ਕੇ ਤਿਆਰ ਹੋ ਜਾਇਆ ਕਰਨ ਤਾਂ ਜੋ ਉਹ ਪੱਕੀਆਂ ਇੱਟਾਂ ਚੰਗੇ ਭਾਅ ਤੇ ਵਿਕ ਜਾਇਆ ਕਰਨ। ਗੁਰੂ ਸਾਹਿਬ ਜੀ ਨੇ ਫੁਰਮਾਇਆ, ਹੇ ਭਾਈ ਬੁੱਧੂ! ਤੇਰੇ ਭੱਠੇ ਜਰੂਰ ਪੱਕ ਜਾਇਆ ਕਰਨਗੇ ਪ੍ਰੰਤੂ ਇੱਕ ਗੱਲ ਯਾਦ ਰੱਖਣਾ ਕਿ ਜਦੋਂ ਭੱਠੇ ਪੱਕ ਜਾਣ ਤਾਂ 'ਆਵੇ' (ਭੱਠੇ ਵਿੱਚ ਪਾਈਆਂ ਇੱਟਾਂ ਦੇ ਪੂਰ) ਖੋਲ੍ਹਣ ਤੋਂ ਪਹਿਲਾਂ ਸਾਧ-ਸੰਗਤ ਨੂੰ ਗੁਰੂ ਕਾ ਲੰਗਰ ਜ਼ਰੂਰ ਛਕਾਉਣਾ। ਇਹ ਅਸ਼ੀਰਵਾਦ ਪ੍ਰਾਪਤ ਕਰਕੇ, ਭਾਈ ਬੁੱਧੂ ਸ਼ਾਹ ਆਪਣੇ ਘਰ ਲਾਹੌਰ ਆਇਆ ਅਤੇ ਇੱਟਾਂ ਪਕਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਜਦੋਂ 'ਆਵੇ' ਪੱਕ ਕੇ ਤਿਆਰ ਹੋ ਗਏ ਤਾਂ ਉਸਨੇ ਗੁਰੂ ਸਾਹਿਬ ਜੀ ਦੀ ਆਗਿਆ ਅਨੁਸਾਰ ਸੰਗਤ ਵਾਸਤੇ ਪ੍ਰਸ਼ਾਦਾ ਪਾਣੀ ਤਿਆਰ ਕੀਤਾ। ਸਭ ਨੂੰ ਪਿਆਰ ਅਤੇ ਸਤਿਕਾਰ ਨਾਲ, ਗੁਰੂ ਕਾ ਲੰਗਰ ਛਕਾਇਆ। ਜਦੋਂ ਸਾਰੀ ਸੰਗਤ ਲੰਗਰ

ਛੱਕ ਕੇ ਚਲੀ ਗਈ ਤਾਂ ਬਾਅਦ ਵਿੱਚ ਇੱਕ ਪ੍ਰੇਮੀ ਸਿੱਖ 'ਲੱਖੂ' ਜੋ 'ਗੁਰਮੁਖਿ' ਪਦਵੀ ਨੂੰ ਪ੍ਰਾਪਤ ਕਰ ਚੁੱਕਿਆ ਸੀ, ਪ੍ਰਸ਼ਾਦ ਛਕਣ ਲਈ ਆਇਆ। ਉਸਨੂੰ ਦੇਰ ਨਾਲ ਆਇਆ ਅਤੇ ਕੋਈ ਭਿਖਾਰੀ ਜਾਣਕੇ, ਬੁੱਧੂ ਸ਼ਾਹ ਨੇ ਗੁੱਸੇ ਵਿੱਚ ਆਕੇ ਕਿਹਾ ਕਿ ਹੁਣ ਤਾਂ ਲੰਗਰ ਸਮਾਪਤ ਹੋ ਗਿਆ ਹੈ, ਜਾਹ! ਚਲਿਆ ਜਾ। ਭਾਈ ਲੱਖੂ ਨੇ ਬੇਨਤੀ ਕੀਤੀ ਕਿ ਹੇ ਭਾਈ! ਮੈਂ ਬਹੁਤ ਭੁੱਖਾ ਹਾਂ, ਮੈਨੂੰ ਗੁਰੂ ਕੇ ਲੰਗਰ 'ਚੋਂ ਕੁੱਝ ਪ੍ਰਸ਼ਾਦ ਜਰੂਰ ਛਕਾਉ। ਫਿਰ ਵੀ ਭਾਈ ਬੁੱਧੂ ਸ਼ਾਹ ਅਣਸੁਣਿਆ ਕਰਕੇ ਅਤੇ ਉਸਤੋਂ ਮੂੰਹ ਮੋੜਕੇ ਅੰਦਰ ਚਲਾ ਗਿਆ। ਇਸ ਤੋਂ ਬਾਅਦ ਭਾਈ ਲੱਖੂ (ਗੁਰਮੁਖਿ) ਨੇ ਸਹਿਜੇ ਹੀ ਇਹ ਬਚਨ ਕੀਤਾ ਕਿ ਜੇ ਮੈਨੂੰ ਪ੍ਰਸ਼ਾਦ ਨਹੀਂ ਛਕਾਉਂਗੇ ਤਾਂ ਤੁਹਾਡੇ 'ਆਵੇ' ਵੀ ਨਹੀਂ ਪੱਕਣਗੇ। ਭਾਈ ਬੁੱਧੂ ਸ਼ਾਹ ਨੇ ਇਸ ਗੱਲ ਤੇ ਕੋਈ ਧਿਆਨ ਨਾ ਦਿੱਤਾ ਕਿਉਂਕਿ ਉਸਨੂੰ ਯਕੀਨ ਸੀ ਕਿ ਗੁਰੂ ਸਾਹਿਬ ਤੋਂ ਵੱਡਾ ਤਾਂ ਹੋਰ ਕੋਈ ਸਿੱਖ ਹੋ ਹੀ ਨਹੀਂ ਸਕਦਾ ਜਿਸਦੇ ਕਹਿਣ ਨਾਲ ਮੇਰੇ ਆਵੇ ਕੱਚੇ ਰਹਿ ਜਾਣ। ਜਦੋਂ 'ਆਵੇ' ਤਿਆਰ ਹੋਣ ਦਾ ਸਮਾਂ ਪੂਰਾ ਹੋਇਆ ਤਾਂ ਭਾਈ ਬੁੱਧੂ ਸ਼ਾਹ ਨੇ ਜਾਕੇ ਦੇਖਿਆ ਕਿ ਭੱਠੇ ਵਿੱਚੋਂ ਸੱਭ ਇੱਟਾਂ ਕੱਚੀਆਂ ਹੀ ਨਿੱਕਲ ਰਹੀਆਂ ਹਨ। ਇਹ ਦੇਖਕੇ ਭਾਈ ਬੁੱਧੂ ਸ਼ਾਹ ਬਹੁਤ ਪ੍ਰੇਸ਼ਾਨ ਹੋਇਆ ਅਤੇ ਘਬਰਾਇਆ ਹੋਇਆ ਗੁਰੂ ਸਾਹਿਬ ਪਾਸ ਆਇਆ। ਉਸਨੇ ਗੁਰੂ ਜੀ ਨੂੰ ਪੂਰਾ ਬ੍ਰਿਤਾਂਤ ਸੁਣਾਇਆ। ਗੁਰੂ ਸਾਹਿਬ ਫੁਰਮਾਨ ਲੱਗੇ ਕਿ ਹੇ ਭਾਈ! ਤੂੰ ਲੰਗਰ ਛਕਣ ਆਏ ਇੱਕ 'ਗੁਰਮੁਖਿ' ਸਿੱਖ ਨੂੰ ਆਪਣੇ ਘਰੋਂ ਨਿਰਾਸ਼ਾ ਮੋੜਿਆ ਹੈ। ਉਸ 'ਗੁਰਮੁਖਿ' ਦੇ ਬਚਨ ਨੂੰ ਟਾਲਣ ਦੀ ਤਾਕਤ ਤਾਂ ਸਾਡੇ ਵਿੱਚ ਵੀ ਨਹੀਂ ਹੈ। ਭਗਤ ਨਾਮਦੇਵ ਜੀ ਦਾ ਫੁਰਮਾਨ ਹੈ–

**ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥**
**ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥**

**(ਅੰਗ ੧੨੫੨)**

**ਅਰਥ**–ਮੇਰੇ ਬੰਨ੍ਹੇ ਹੋਏ ਨੂੰ, ਮੇਰਾ ਭਗਤ ਤਾਂ ਛੁਡਾ ਸਕਦਾ ਹੈ ਪ੍ਰੰਤੂ ਭਗਤ ਦੇ ਬੰਨ੍ਹੇ ਹੋਏ ਨੂੰ, ਮੈਂ ਨਹੀਂ ਛੁਡਾ ਸਕਦਾ। ਜੇ ਕੋਈ ਭਗਤ ਮੈਨੂੰ ਪ੍ਰੇਮ ਦੀ ਡੋਰੀ ਨਾਲ ਬੰਨ੍ਹ ਲਵੇ ਤਾਂ ਮੈਂ ਵੀ ਉਸਤੋਂ ਛੁੱਟਣ ਵਿੱਚ ਅਸਮਰੱਥ ਹੋ ਜਾਂਦਾ

ਹਾਂ।ਇਹ ਗੱਲ ਸੁਣਕੇ ਬੁੱਧੂ ਸ਼ਾਹ ਨੇ ਬਹੁਤ ਪਛਤਾਵਾ ਕੀਤਾ। ਗੁਰੂ ਸਾਹਿਬ ਤੋਂ ਮਾਫੀ ਮੰਗੀ ਅਤੇ ਬੇਨਤੀ ਕੀਤੀ, ਹੇ ਕ੍ਰਿਪਾ ਨਿਧਾਨ! ਹੇ ਦਿਆਲੂ! ਹੇ ਮਿਹਰਾਂ ਦੇ ਸਾਈਂ! ਕਿਸੇ ਤਰ੍ਹਾਂ ਵੀ ਮੇਰਾ ਕਾਰਜ ਸਿੱਧ ਕਰੋ। ਮੈਂ ਭੱਠੇ ਲਾਉਣ ਲਈ ਬਹੁਤ ਹੀ ਰਕਮ, ਕਰਜਾ ਲੈਕੇ ਖਰਚ ਕੀਤੀ ਹੈ। ਕ੍ਰਿਪਾ ਕਰਕੇ, ਮੇਰਾ ਗਰੀਬ ਦਾ ਕਾਰਜ ਸਵਾਰੋ ਜੀ। ਗੁਰੂ ਸਾਹਿਬ ਨੇ ਬਚਨ ਕੀਤਾ, ਹੇ ਭਾਈ! 'ਗੁਰਮੁਖਿ' ਦਾ ਬਚਨ ਟਲਣ (ਹਟਣ) ਵਾਲਾ ਨਹੀਂ ਹੁੰਦਾ। ਇਸ ਕਰਕੇ, ਤੇਰੇ ਭੱਠੇ ਦੀਆਂ ਇੱਟਾਂ ਹੁਣ ਨਹੀਂ ਪੱਕਣਗੀਆਂ ਪ੍ਰੰਤੂ ਤੇਰੀ ਐਨੀ ਜ਼ਿਆਦਾ ਬੇਨਤੀ ਕਰਨ ਕਰਕੇ ਅਸੀਂ ਇਹ ਬਚਨ ਕਰਦੇ ਹਾਂ ਕਿ ਤੇਰੀਆਂ ਕੱਚੀਆਂ ਇੱਟਾਂ, ਪੱਕੀਆਂ ਦੇ ਭਾਅ ਹੀ ਵਿੱਕ ਜਾਣਗੀਆਂ।ਇਹ ਬਚਨ ਸੁਣਕੇ ਬੁੱਧੂ ਸ਼ਾਹ ਪ੍ਰਸੰਨ ਹੋਕੇ ਵਾਪਿਸ ਆ ਗਿਆ।ਬਾਅਦ ਵਿੱਚ ਹੋਇਆ ਵੀ ਇਸੇ ਤਰ੍ਹਾਂ ਹੀ ਕਿ ਉਸ ਸਾਲ ਬਹੁਤ ਬਾਰਸ਼ ਹੋਣ ਕਰਕੇ ਲਾਹੌਰ ਦੇ ਬਾਦਸ਼ਾਹ ਦਾ ਕਿਲ੍ਹਾ ਢਹਿ ਗਿਆ। ਉਸ ਕਿਲ੍ਹੇ ਨੂੰ ਦੁਬਾਰਾ ਤੋਂ ਬਣਾਉਣ ਲਈ ਬਾਦਸ਼ਾਹ ਨੇ ਬਹੁਤ ਸਾਰੇ ਮਿਸਤਰੀ ਅਤੇ ਮਜ਼ਦੂਰ ਲਾ ਦਿੱਤੇ।ਇਸ ਕਰਕੇ ਇੱਟਾਂ ਦੀ ਮੰਗ ਬਹੁਤ ਵਧ ਗਈ। ਮੰਗ ਇਤਨੀ ਵਧ ਗਈ ਕਿ ਸਾਰੇ ਸ਼ਹਿਰ ਦੇ ਭੱਠਿਆਂ ਤੋਂ ਪੱਕੀਆਂ ਇੱਟਾਂ ਖਤਮ ਹੋ ਗਈਆਂ। ਉੱਧਰ ਬਾਦਸ਼ਾਹ ਦਾ ਹੁਕਮ ਸੀ ਕਿ ਇੱਟਾਂ ਦਾ ਬੰਦੋਬਸਤ ਜਲਦੀ ਤੇ ਜਰੂਰ ਕਰਨਾ ਹੈ ਕਿਉਂਕਿ ਕਿਲ੍ਹਾ ਛੇਤੀ ਉਸਾਰਨਾ ਹੈ। ਮੰਗ ਪੂਰੀ ਨਾ ਹੁੰਦੀ ਦੇਖ ਕੇ ਬਾਦਸ਼ਾਹ ਦੇ ਆਦਮੀਆਂ ਨੇ ਜੋ ਭਾਈ ਬੁੱਧੂ ਦੀਆਂ ਕੱਚੀਆਂ ਇੱਟਾਂ ਸਨ, ਉਹ ਸਭ ਪੱਕੀਆਂ ਇੱਟਾਂ ਦੇ ਭਾਅ ਵਿੱਚ ਖਰੀਦ ਲਈਆਂ। ਇਸ ਤਰ੍ਹਾਂ 'ਗੁਰਮੁਖਿ' ਦਾ ਬਚਨ ਵੀ ਪੂਰਾ ਹੋਇਆ ਅਤੇ ਬੁੱਧੂ ਸ਼ਾਹ ਦਾ ਕਾਰਜ ਵੀ ਸਿੱਧ ਹੋ ਗਿਆ। ਇਹ ਹੈ 'ਗੁਰਮੁਖਿ' ਦੇ ਬਚਨਾਂ ਦਾ ਜੋਰ।

**ਦ੍ਰਿਸ਼ਟਾਂਤ (੨)** – ਇੱਕ ਸੂਰਦਾਸ ਕਿਸੇ ਜੰਗਲ ਵਿੱਚ ਰਹਿੰਦਾ ਸੀ। ਇੱਕ ਦਿਨ ਉਸ ਦੇਸ਼ ਦਾ ਰਾਜਾ, ਸ਼ਿਕਾਰ ਕਰਨ ਲਈ ਮਹਿਲਾਂ ਤੋਂ ਬਾਹਰ ਨਿੱਕਲਿਆ। ਰਾਜਾ, ਇੱਕ ਹਿਰਨ ਨੂੰ ਮਾਰਨ ਲਈ ਉਸ ਦੇ ਪਿੱਛੇ ਭੱਜਿਆ ਪਰ ਉਹ ਹਿਰਨ ਬਹੁਤ ਤੇਜ਼ ਦੌੜਨ ਕਰਕੇ ਰਾਜੇ ਤੋਂ ਬਹੁਤ ਅੱਗੇ ਨਿੱਕਲ ਗਿਆ। ਇਉਂ ਹਿਰਨ ਦਾ ਪਿੱਛਾ ਕਰਦਾ ਹੋਇਆ ਰਾਜਾ, ਆਪਣੇ ਵਜ਼ੀਰਾਂ

ਅਤੇ ਨੌਕਰਾਂ ਤੋਂ ਵੀ ਵਿੱਛੜ ਗਿਆ। ਉਹ ਰਾਜਾ ਜਿੱਥੋਂ ਦੀ ਲੰਘ ਰਿਹਾ ਸੀ, ਉੱਥੇ ਇੱਕ ਸੂਰਦਾਸ ਬੈਠਾ ਸੀ। ਉਸਨੂੰ ਦੇਖਕੇ ਰਾਜੇ ਨੇ ਪੁੱਛਿਆ ਕਿ ਹੇ ਅੱਖਾਂ ਤੋਂ ਸੁਜਾਨ ਪੁਰਸ਼! ਕ੍ਰਿਪਾ ਕਰਕੇ ਦੱਸੋ ਕਿ ਕੀ ਤੁਸੀਂ ਇਥੇ ਹਿਰਨ ਦੇ ਦੌੜਨ ਦੀ ਅਵਾਜ਼ ਸੁਣੀ ਸੀ? ਸੂਰਦਾਸ ਨੇ ਕਿਹਾ ਕਿ ਹੇ ਰਾਜਨ! ਇੱਥੋਂ ਇੱਕ ਬੁੱਢਾ ਹਿਰਨ ਜੰਗਲ ਵੱਲ ਨੂੰ ਲੰਘਿਆ ਹੈ। ਇਹ ਸੁਣਕੇ ਰਾਜਾ ਅੱਗੇ ਚਲਿਆ ਗਿਆ। ਥੋੜੇ ਸਮੇਂ ਬਾਅਦ ਉਸ ਰਾਜੇ ਦਾ ਵਜ਼ੀਰ ਵੀ ਸੂਰਦਾਸ ਕੋਲ ਆ ਪਹੁੰਚਿਆ। ਉਸਨੇ ਵੀ ਸੂਰਦਾਸ ਤੋਂ ਪੁੱਛਿਆ ਕਿ ਹੇ ਸੂਰਦਾਸ! ਇੱਧਰੋਂ ਕੋਈ ਘੋੜ-ਸਵਾਰ ਲੰਘਿਆ ਹੈ? ਸੂਰਦਾਸ ਨੇ ਕਿਹਾ ਕਿ ਹੇ ਵਜ਼ੀਰ! ਕੁੱਝ ਸਮਾਂ ਪਹਿਲਾਂ ਇੱਥੋਂ ਰਾਜਾ ਲੰਘਿਆ ਹੈ। ਇਹ ਸੁਣਕੇ, ਵਜ਼ੀਰ ਨੇ ਆਪਣਾ ਘੋੜਾ ਉਸੇ ਦਿਸ਼ਾ ਵੱਲ ਦੌੜਾ ਲਿਆ। ਉਸਦੇ ਜਾਣ ਤੋਂ ਕੁੱਝ ਸਮਾਂ ਬਾਅਦ ਕੋਤਵਾਲ ਵੀ ਉੱਥੇ ਹੀ ਆ ਪਹੁੰਚਿਆ ਅਤੇ ਸੂਰਦਾਸ ਤੋਂ ਪੁੱਛਿਆ ਕਿ ਓਏ ਅੰਨ੍ਹੇ! ਕੀ ਇੱਧਰੋਂ ਕੋਈ ਘੋੜ-ਸਵਾਰ ਲੰਘੇ ਹਨ? ਸੂਰਦਾਸ ਨੇ ਉੱਤਰ ਦਿੱਤਾ ਕਿ ਹੇ ਕੋਤਵਾਲ! ਇੱਧਰੋਂ ਰਾਜਾ ਅਤੇ ਵਜ਼ੀਰ, ਓਧਰ ਨੂੰ ਗਏ ਹਨ।

ਅੱਗੇ ਜਾ ਕੇ ਤਿੰਨੋਂ ਜਣੇ (ਰਾਜਾ, ਵਜ਼ੀਰ ਅਤੇ ਕੋਤਵਾਲ) ਜਦੋਂ ਇੱਕ ਜਗ੍ਹਾ ਤੇ ਇਕੱਠੇ ਹੋਏ ਤਾਂ ਰਾਜੇ ਨੇ ਅਪਣੇ ਸਾਥੀਆਂ ਨੂੰ ਦੱਸਿਆ ਕਿ ਮੈਂ ਬਹੁਤ ਹੈਰਾਨ ਹਾਂ ਕਿ ਸਾਡੇ ਰਸਤੇ ਵਿੱਚ ਬੈਠੇ ਉਸ ਸੂਰਦਾਸ ਨੂੰ ਕਿਵੇਂ ਪਤਾ ਲੱਗਿਆ ਕਿ ਮੈਂ ਰਾਜਾ ਹਾਂ ਅਤੇ ਹਿਰਨ ਬੁੱਢਾ ਹੈ, ਹਿਰਨ ਇਸ ਤਰਫ ਗਿਆ ਹੈ? ਰਾਜੇ ਦੀ ਇਹ ਗੱਲ ਸੁਣ ਕੇ ਵਜ਼ੀਰ ਨੇ ਵੀ ਸੂਰਦਾਸ ਨਾਲ ਹੋਈ ਸਾਰੀ ਵਾਰਤਾ ਸੁਣਾਈ। ਉਸੇ ਤਰ੍ਹਾਂ ਸਾਰਾ ਬ੍ਰਿਤਾਂਤ ਕੋਤਵਾਲ ਨੇ ਵੀ ਰਾਜੇ ਅਤੇ ਵਜ਼ੀਰ ਨੂੰ ਸੁਣਾਇਆ। ਅਖੀਰ ਵਿੱਚ ਉਹ ਤਿੰਨੇ ਹੀ ਉਸ ਸੂਰਦਾਸ ਕੋਲ ਵਾਪਿਸ ਆ ਗਏ ਅਤੇ ਉਸਨੂੰ ਪੁੱਛਿਆ ਕਿ ਤੁਸੀਂ ਸਾਨੂੰ ਕਿਵੇਂ ਪਛਾਣਿਆ ਕਿ ਅਸੀਂ ਇੱਕ ਰਾਜਾ, ਇੱਕ ਵਜ਼ੀਰ ਅਤੇ ਇੱਕ ਕੋਤਵਾਲ ਹਾਂ? ਸੂਰਦਾਸ ਨੇ ਉਨ੍ਹਾਂ ਨੂੰ ਕਿਹਾ ਕਿ ਮੈਂ ਤੁਹਾਡੇ ਗੱਲ-ਬਾਤ ਕਰਨ ਦੇ ਢੰਗ ਤੋਂ ਹੀ ਜਾਣਿਆ ਸੀ ਕਿ ਤੁਸੀਂ ਕਿਸ ਪਦਵੀ ਦੇ ਮਾਲਕ ਹੋ। ਹਰੇਕ ਆਦਮੀ ਆਪਣੇ-ਆਪਣੇ ਦਰਜੇ ਅਨੁਸਾਰ ਹੀ ਗੱਲ ਕਰਦਾ ਹੈ। ਜੇ

ਕੋਈ ਆਦਮੀ ਚੰਗੀ ਸੰਗਤ ਨਾਲ ਵੱਡੇ ਅਹੁਦੇ ਦਾ ਹੋ ਜਾਂਦਾ ਹੈ, ਤਾਂ ਉਹ ਵਧੇਰੇ ਹਲੇਮੀ ਨਾਲ ਗੱਲ ਕਰਦਾ ਹੈ। ਰਾਜੇ ਦਾ ਗੱਲ ਕਰਨ ਦਾ ਤਰੀਕਾ ਬਹੁਤ ਚੰਗੇ ਸਲੀਕੇ ਵਾਲਾ, ਪ੍ਰਭਾਵਸ਼ਾਲੀ ਅਤੇ ਆਕਰਸ਼ਕ ਸੀ। ਜਦੋਂ ਉਸਨੇ ਹਿਰਨ ਬਾਰੇ ਪੁੱਛਿਆ ਤਾਂ ਉਸ ਦੀ ਬੋਲੀ ਤੋਂ ਮੈਂ ਸਮਝ ਗਿਆ ਕਿ ਗੱਲ ਕਰਨ ਦਾ ਇਹ ਤਰੀਕਾ, ਕਿਸੇ ਰਾਜੇ ਦਾ ਹੀ ਹੋ ਸਕਦਾ ਹੈ। ਫਿਰ ਉਸ ਤੋਂ ਰਾਜੇ ਨੇ ਪੁੱਛਿਆ ਕਿ ਤੁਹਾਨੂੰ ਹਿਰਨ ਦੇ ਬੁੱਢੇ ਹੋਣ ਦਾ ਕਿਵੇਂ ਪਤਾ ਲੱਗਿਆ? ਉਸਨੇ ਕਿਹਾ ਕਿ ਜਵਾਨ ਹਿਰਨ ਤਾਂ ਛਲਾਂਗਾਂ ਮਾਰ-ਮਾਰ ਜਾਂਦਾ ਹੁੰਦਾ ਹੈ। ਪ੍ਰੰਤੂ ਉਸ ਹਿਰਨ ਦੇ ਦੌੜਨ ਵੇਲੇ, ਉਸ ਦੀਆਂ ਹੱਡੀਆਂ ਦੀ ਅਵਾਜ਼ ਆ ਰਹੀ ਸੀ ਜਿਸਨੂੰ ਸੁਣਕੇ ਮੈ ਸਮਝਿਆ ਕਿ ਉਹ ਬੁੱਢਾ ਹੈ। ਉਸ ਤੋਂ ਪਿੱਛੋਂ ਵਜ਼ੀਰ ਆਇਆ, ਜਿਸਦਾ ਬੋਲ ਰਾਜੇ ਦੇ ਮੁਕਾਬਲੇ ਘੱਟ ਹਲੇਮੀ ਵਾਲਾ ਸੀ। ਵੈਸੇ ਵੀ ਰਾਜੇ ਦੇ ਪਿੱਛੇ ਵਜ਼ੀਰ ਹੀ ਹੁੰਦਾ ਹੈ, ਉਸ ਤੋਂ ਵੀ ਮੈਂ ਅੰਦਾਜ਼ਾ ਲਾਇਆ ਕਿ ਇਹ ਵਜ਼ੀਰ ਹੀ ਹੋ ਸਕਦਾ ਹੈ। ਇਸ ਤਰ੍ਹਾਂ ਕੋਤਵਾਲ ਦੇ ਬੋਲਣ ਦਾ ਢੰਗ ਕੁੱਝ ਰੁੱਖਾ ਅਤੇ ਤੇਜ ਸੀ, ਜਿਸ ਤੋਂ ਮੈਂ ਅੰਦਾਜ਼ਾ ਲਾਇਆ ਕਿ ਇਹ ਤਾਂ ਰਾਜੇ ਦਾ ਕੋਈ ਛੋਟੇ ਦਰਜੇ ਦਾ ਅਧਿਕਾਰੀ ਹੀ ਹੋਵੇਗਾ।

ਜਗਤ ਵਿੱਚ ਕੋਈ ਵੀ ਪ੍ਰਾਣੀ ਪਹਿਲਾਂ ਤੋਂ ਹੀ ਯੋਗ ਜਾਂ ਅਯੋਗ ਨਹੀਂ ਹੁੰਦਾ। 'ਜੈਸੀ ਸੰਗਤ ਤੈਸੀ ਰੰਗਤ' ਯਾਨੀ ਚੰਗੀ ਸੰਗਤ ਦਾ ਪ੍ਰਭਾਵ ਚੰਗਾ ਅਤੇ ਬੁਰੀ ਸੰਗਤ ਦਾ ਪ੍ਰਭਾਵ ਬੁਰਾ ਪੈਂਦਾ ਹੈ। ਜਿਸ ਵਡਭਾਗੇ ਨੂੰ ਕਿਸੇ ਯੋਗ ਪੁਰਸ਼ ਦੀ ਸੰਗਤ ਮਿਲ ਜਾਵੇ ਉਹ ਚੰਗਾ ਹੋ ਜਾਂਦਾ ਹੈ ਅਤੇ ਉਸਦੀ ਬੋਲ-ਬਾਣੀ ਵੀ ਚੰਗੀ ਹੋ ਜਾਂਦੀ ਹੈ। ਇਸੇ ਤਰ੍ਹਾਂ ਜੜੀਆਂ-ਬੂਟੀਆਂ ਦੇ ਗੁਣਾਂ ਦੀ ਪਰਖ ਵਾਲਾ ਬੰਦਾ ਜੰਗਲ 'ਚੋਂ ਬੂਟੀਆਂ ਦੇ ਗੁਣਾਂ ਦੀ ਯੋਗ ਵਰਤੋਂ ਕਰਨ ਲਈ ਘਰ ਲੈ ਆਉਂਦਾ ਹੈ ਅਤੇ ਉਨ੍ਹਾਂ ਨੂੰ ਦੂਜਿਆਂ ਦੇ ਭਲੇ ਲਈ ਵਰਤਦਾ ਹੈ। ਇਸੇ ਤਰ੍ਹਾਂ ਸਤਿਸੰਗੀ ਉਚਿਤ ਸ਼ਬਦਾਂ ਦੀ ਵਰਤੋਂ ਦੁਆਰਾ ਦੂਜਿਆਂ ਦੇ ਦਿਲਾਂ ਤੇ ਅਪਣਾ ਪ੍ਰਭਾਵ ਬਣਾ ਲੈਂਦਾ ਹੈ। ਇਹ ਹੈ 'ਬੈਖਰੀ' ਬਾਣੀ ਦਾ ਪ੍ਰਤਾਪ। ਜੀਵੇਂ ਕਿ ਸ੍ਰੀ ਕ੍ਰਿਸ਼ਨ ਭਗਵਾਨ ਨੇ ਸ੍ਰੀਮਦ ਭਗਵਤ ਗੀਤਾ ਦੇ ਸਤ੍ਹਾਰਵੇਂ ਅਧਿਆਇ ਵਿੱਚ ਫੁਰਮਾਇਆ ਹੈ ਕਿ ਹੇ ਅਰਜਨ! ਕਿਸੇ ਵੀ

ਪ੍ਰਾਣੀ ਨੂੰ ਕਦੇ ਵੀ ਦੁੱਖ ਦੇਣ ਵਾਲਾ ਜਾਂ ਉਸਦਾ ਦਿਲ ਦੁਖਾਉਣ ਵਾਲਾ ਬਚਨ ਨਹੀਂ ਬੋਲਣਾ ਚਾਹੀਦਾ। ਭਾਵੇਂ ਕੋਈ ਬਾਤ-ਚੀਤ ਕਰਨੀ ਹੋਵੇ, ਪੋਥੀ ਪੜ੍ਹਨੀ ਹੋਵੇ ਜਾਂ ਮੰਤ੍ਰ, ਨਾਮ ਅਤੇ ਪਾਠ ਆਦਿ ਦਾ ਉਚਾਰਨ ਕਰਨਾ ਹੋਵੇ। ਸਦਾ ਸੱਚ ਅਤੇ ਮਿੱਠਾ ਹੀ ਬੋਲਣਾ ਚਾਹੀਦਾ ਹੈ। ਇੱਕ ਸੰਤ-ਮਹਾਂਪੁਰਖ ਨੇ ਕਿੰਨਾ ਸੁੰਦਰ ਲਿਖਿਆ ਹੈ-

**ਸੀਤਲ ਬਚਨ ਉਚਾਰੀਏ ਹਨਤਾ ਹਾਨੀਏ ਨਾਹਿ।**
**ਤੇਰਾ ਪ੍ਰੀਤਮ ਤੁਝੇ ਮਾਹਿ ਦੁਸ਼ਮਣ ਭੀ ਤੁਝ ਮਾਹਿ॥**
**ਕੁਟਲ ਬਚਨ ਸਭ ਤੇ ਬੁਰਾ ਜਾਲ ਕਰੇ ਤਨ ਛਾਰ।**
**ਸਾਧੂ ਬਚਨ ਜਲ ਰੂਪ ਹੈਂ ਬਰਸੈਂ ਅੰਮ੍ਰਿਤ ਧਾਰ॥**

**ਅਰਥ**-ਹਰੇਕ ਪ੍ਰਾਣੀ ਨੂੰ ਹਮੇਸ਼ਾ ਸ਼ੀਤਲ, ਸ਼ਾਂਤ, ਕੋਮਲ ਅਤੇ ਮਿੱਠੇ ਬਚਨ ਹੀ ਕਰਨੇ ਚਾਹੀਦੇ ਹਨ। ਹੰਕਾਰ ਨਾਲ ਭਰੇ ਹੋਏ ਕੌੜੇ ਸ਼ਬਦ ਬੋਲਕੇ ਦੂਜਿਆਂ ਦੀ ਹੱਤਕ ਯਾਨੀ ਨਿਰਾਦਰ ਨਹੀਂ ਕਰਨਾ ਚਾਹੀਦਾ। ਇਸ ਪ੍ਰਕਾਰ ਸੱਜਣ ਅਤੇ ਦੁਸ਼ਮਣ ਤੇਰੇ ਅੰਦਰ ਹੀ ਹਨ। ਦਿਲ ਨੂੰ ਦੁਖਾਉਣ ਵਾਲੇ ਸ਼ਬਦ ਸੰਬੰਧਿਤ ਪੁਰਸ਼ ਦੇ ਹਿਰਦੇ ਨੂੰ ਜਲਾ ਦਿੰਦੇ ਹਨ ਅਤੇ ਉਹ ਤੇਰੇ ਦੁਸ਼ਮਣ ਬਣ ਸਕਦੇ ਹਨ। ਸਾਧੂ-ਸੰਤਾਂ ਦੇ ਬਚਨ ਨਿਰਮਲ ਜਲ ਵਾਂਗੂੰ ਕੋਮਲ, ਸ਼ੀਤਲ ਅਤੇ ਅੰਮ੍ਰਿਤ ਸਮਾਨ ਹੁੰਦੇ ਹਨ। ਅਜਿਹੇ ਸ੍ਰੇਸ਼ਟ ਬਚਨ ਬੋਲਣ ਨਾਲ ਅਪਣੇ ਹਿਰਦੇ ਅੰਦਰ ਵੀ ਸ਼ਾਂਤੀ ਰਹਿੰਦੀ ਹੈ ਅਤੇ ਬਾਹਰ ਸਮਾਜਕ ਪ੍ਰਾਣੀਆਂ ਨਾਲ ਵੀ ਸੱਜਣਤਾ ਪੈਦਾ ਹੁੰਦੀ ਹੈ। ਇਹ ਹਨ 'ਗੁਰਮੁਖਿ' ਦੇ ਬੋਲ ਜਿਨ੍ਹਾਂ ਬਾਰੇ ਗੁਰੂ ਸਾਹਿਬ ਜੀ ਨੇ ਫੁਰਮਾਇਆ ਹੈ-ਗੁਰਮੁਖਿ ਬਕਤਾ॥

**ਪ੍ਰਸ਼ਨ 5. ਕਉਣੁ ਸੁ ਗਿਰਹੀ** - ਗ੍ਰਿਹਸਥੀ ਕੌਣ ਹੈ?

**ਉੱਤਰ-ਧੰਨੁ ਗਿਰਹੀ** - ਭਾਵ 'ਗੁਰਮੁਖਿ' ਹੀ ਸੱਚਾ 'ਗ੍ਰਿਹਸਥੀ' ਹੈ।

ਧਰਮ ਸ਼ਾਸਤ੍ਰੀਆਂ ਨੇ ਮਨੁੱਖ ਦੇ ਪੂਰੇ ਜੀਵਨ ਨੂੰ ਚਾਰ ਭਾਗਾਂ (ਆਸ਼੍ਰਮਾਂ) ਵਿੱਚ ਵੰਡਿਆ ਹੈ।

੧. ਬ੍ਰਹਮਚਾਰੀ ੨. ਗ੍ਰਿਹਸਥ ੩. ਬਾਣਪ੍ਰਸਥ ੪. ਸੰਨਿਆਸ।

ਇਨ੍ਹਾਂ ਵਿੱਚੋਂ 'ਗ੍ਰਿਹਸਥ' ਆਸ਼੍ਰਮ ਨੂੰ ਹੋਰਾਂ ਤਿੰਨਾਂ ਆਸ਼੍ਰਮਾਂ ਤੋਂ ਉੱਤਮ

ਮੰਨਿਆਂ ਜਾਂਦਾ ਹੈ ਕਿਉਂਕਿ ਇਹ ਆਸ਼੍ਰਮ ਬਾਕੀ ਤਿੰਨਾਂ ਦਾ ਮੂਲ ਅਧਾਰ ਹੈ। ਦੂਜੇ ਤਿੰਨੇ ਆਸ਼੍ਰਮ, ਗ੍ਰਿਹਸਥ ਆਸ਼੍ਰਮ ਤੇ ਆਸ਼੍ਰਿਤ ਹੁੰਦੇ ਹਨ। ਭਾਵ ਇਹ ਹੈ ਕਿ ਜੇ ਗ੍ਰਿਹਸਥ ਨਾ ਹੋਵੇ ਤਾਂ ਦੂਜੇ ਤਿੰਨਾਂ ਦੀ ਹੋਂਦ ਹੀ ਅਸੰਭਵ ਹੈ। ਪ੍ਰੰਤੂ ਇਹ 'ਗ੍ਰਿਹਸਥ ਆਸ਼੍ਰਮ' ਤਾਂ ਹੀ ਸਫਲ ਹੈ ਜੇ ਇਸ ਵਿੱਚ ਜੀਵ 'ਗੁਰਮੁਖਿ' ਅਥਵਾ ਨਿਰਮੋਹੀ, ਨਿਰਲੇਪ ਅਤੇ ਅਸੰਗ ਹੋ ਕੇ ਰਹੇ। ਉਹੀ ਅਨ-ਆਸਕਤ (ਲਗਾਉ ਰਹਿਤ) 'ਗੁਰਮੁਖਿ' ਗ੍ਰਿਹਸਥੀ ਧੰਨਤਾ ਦੇ ਯੋਗ ਹੈ। ਅਨੇਕਾਂ ਗ੍ਰਿਹਸਥੀ ਜਨ, ਜਲ ਵਿੱਚ ਖੜ੍ਹੇ ਕਮਲ ਫੁੱਲ ਦੀ ਨਿਆਈਂ ਨਿਰਲੇਪ ਅਵਸਥਾ ਵਾਲੇ 'ਗੁਰਮੁਖਿ' ਹੋਏ ਹਨ, ਜਿਨ੍ਹਾਂ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਸ਼ਾਸਤ੍ਰਾਂ ਵਿੱਚ ਲਿਖੀਆਂ ਹੋਈਆਂ ਹਨ-

**ਦ੍ਰਿਸ਼ਟਾਂਤ (੧)** - ਕਿਸੇ ਜੰਗਲ ਵਿੱਚ ਇੱਕ 'ਜ਼ਾਜਲੀਕ' ਨਾਉਂ ਦਾ ਰਿਸ਼ੀ ਰਹਿੰਦਾ ਸੀ। ਜਿਸ ਨੂੰ ਤਪੱਸਿਆ ਕਰਦੇ ਹੋਇਆ ਐਨਾਂ ਜ਼ਿਆਦਾ ਸਮਾਂ ਬੀਤ ਗਿਆ ਕਿ ਉਸ ਦੀਆਂ ਜਟਾਵਾਂ ਵਿੱਚ ਪੰਛੀਆਂ ਨੇ ਆਲ੍ਹਣੇ ਬਣਾ ਲਏ ਪ੍ਰੰਤੂ ਉਸ ਨੂੰ ਆਪਣੇ ਮਹਾਨ ਤਪੱਸਵੀ ਹੋਣ ਦਾ ਹੰਕਾਰ ਹੋ ਗਿਆ ਅਤੇ ਉਸਦਾ ਚਿੱਤ ਅਸ਼ਾਂਤ ਰਹਿਣ ਲੱਗਿਆ ਸੀ। ਇੱਕ ਸਮੇਂ ਉਸ ਰਿਸ਼ੀ ਨੂੰ ਅਕਾਸ਼ਬਾਣੀ ਹੋਈ ਕਿ ਹੇ ਰਿਸ਼ੀ! ਜਦ ਤੱਕ ਤੈਨੂੰ ਅਭਿਮਾਨ ਹੈ, ਤਦ ਤੱਕ ਤੈਨੂੰ ਆਤਮਿਕ ਸ਼ਾਂਤੀ ਪ੍ਰਾਪਤ ਨਹੀਂ ਹੋਵੇਗੀ। ਇਸ ਕਰਕੇ, ਤੂੰ ਫਲਾਣੇ ਸ਼ਹਿਰ ਵਿੱਚ ਜਾਹ! ਉੱਥੇ 'ਤੁਲਾਧਾਰ' ਨਾਮ ਦਾ ਇੱਕ ਬਾਣੀਆਂ ਰਹਿੰਦਾ ਹੈ, ਉਸ ਦੀ ਸ਼ਰਨ ਲਏਂਗਾ ਤਾਂ ਤੇਰਾ ਮਨ ਸ਼ਾਂਤ ਹੋਵੇਗਾ। ਇਹ ਰੱਬੀ ਬਾਣੀ ਸੁਣਕੇ, 'ਜ਼ਾਜਲੀਕ' ਰਿਸ਼ੀ ਉਸ ਸ਼ਹਿਰ ਵੱਲ ਨੂੰ ਚੱਲ ਪਿਆ। ਸ਼ਹਿਰ ਪਹੁੰਚ ਕੇ ਪੁੱਛਦਾ-ਪੁੱਛਦਾ, ਤੁਲਾਧਾਰ ਬਾਣੀਏਂ ਦੀ ਦੁਕਾਨ ਤੇ ਪਹੁੰਚ ਗਿਆ। ਕੀ ਦੇਖਦਾ ਹੈ ਕਿ ਉਹ ਆਮ ਦੁਕਾਨਦਾਰਾਂ ਵਾਂਗ ਬੈਠਾ, ਤੱਕੜੀ ਨਾਲ ਤੋਲ-ਤੋਲ ਕੇ, ਗ੍ਰਾਹਕਾਂ ਨੂੰ ਸੌਦੇ ਦੇਈ ਜਾ ਰਿਹਾ ਹੈ। ਇਹ ਦੇਖਕੇ ਰਿਸ਼ੀ ਦੇ ਮਨ ਵਿੱਚ ਇਹ ਸ਼ੰਸਾ ਪੈਦਾ ਹੋ ਗਿਆ ਕਿ ਇਹ ਬਾਣੀਆਂ ਤਾਂ ਪ੍ਰਵਿਰਤੀ ਵਿੱਚ ਫਸਿਆ ਹੋਇਆ ਹੈ, ਇਹ ਮੈਨੂੰ ਕੀ ਉਪਦੇਸ਼ ਕਰੇਗਾ? ਮੈਂ ਤਾਂ ਨਵਿਰਤੀ ਵਿੱਚ ਰਹਿਕੇ ਭਜਨ ਬੰਦਗੀ ਅਤੇ ਜਪ-ਤਪ ਆਦਿ ਸਾਧਨ ਕਰਨ ਵਾਲਾ ਇਸ ਤੋਂ ਉੱਤਮ ਸਾਧਕ ਹਾਂ। ਰਿਸ਼ੀ ਅਜੇ ਇਸ ਤਰ੍ਹਾਂ ਦੇ

ਵਿਚਾਰ ਕਰ ਹੀ ਰਿਹਾ ਸੀ ਤਾਂ 'ਤੁਲਾਧਾਰ' ਨੇ ਉਸਦੇ ਮਨ ਦੀ ਗੱਲ ਬੁੱਝ ਲਈ ਅਤੇ ਆਪਣੇ ਕੋਲ ਬੁਲਾ ਲਿਆ। ਯਥਾ-ਯੋਗ ਸਨਮਾਨ ਕਰਕੇ, ਰਿਸ਼ੀ ਨੂੰ ਆਸਣ ਤੇ ਬਿਠਾਇਆ ਅਤੇ ਭੋਜਨ ਛਕਾ ਕੇ, ਉਸਦੇ ਚਰਨਾਂ ਵਿੱਚ ਬੈਠ ਗਿਆ। 'ਤੁਲਾਧਾਰ' ਨੇ ਰਿਸ਼ੀ ਦੇ ਮਨ ਦਾ ਸਾਰਾ ਹਾਲ ਉਸ ਨੂੰ ਸੁਣਾ ਦਿੱਤਾ। 'ਜ਼ਾਜਲੀਕ' ਰਿਸ਼ੀ ਹੈਰਾਨ ਹੋ ਗਿਆ ਅਤੇ ਸੋਚਣ ਲੱਗਿਆ ਕਿ ਇਸ ਬਾਣੀਏ ਨੂੰ ਮੇਰੇ ਮਨ ਦੀ ਗੱਲ ਦਾ ਕਿਵੇਂ ਪਤਾ ਲੱਗ ਗਿਆ? ਤਾਂ ਫਿਰ ਰਿਸ਼ੀ ਨੇ 'ਤੁਲਾਧਾਰ' ਬਾਣੀਏਂ ਤੋਂ ਪੁੱਛਿਆ ਕਿ ਤੈਨੂੰ ਇਹ ਅਵਸਥਾ ਕਿਵੇਂ ਪ੍ਰਾਪਤ ਹੋਈ ਹੈ? 'ਤੁਲਾਧਾਰ' ਨੇ ਕਿਹਾ ਕਿ ਮੈਂ ਕੋਈ ਤੀਰਥ, ਬ੍ਰਤ, ਯੱਗ, ਦਾਨ, ਪੁੰਨ ਅਤੇ ਤਪ ਆਦਿ ਸਾਧਨ ਨਹੀਂ ਕੀਤੇ। ਹੱਕ ਦੀ ਕਮਾਈ ਕਰਨ ਲਈ ਮੈਂ ਸੱਚਾਈ, ਇਮਾਨਦਾਰੀ ਅਤੇ ਮਿਹਨਤ ਨਾਲ ਅਪਣਾ ਵਪਾਰ, ਸ਼ੁੱਧ ਵਿਉਹਾਰ ਨਾਲ ਕਰਦਾ ਹਾਂ। ਬਾਲਕ, ਬਿਰਧ, ਅਮੀਰ, ਗਰੀਬ ਸਭ ਨੂੰ ਇੱਕੋ ਜਿਹਾ ਸਮਝਕੇ ਉਨ੍ਹਾਂ ਦੁਆਰਾ ਦਿੱਤੀ ਕੀਮਤ ਬਦਲੇ ਉਨ੍ਹਾਂ ਨੂੰ ਪੂਰਾ ਤੋਲ ਕੇ ਸੌਦਾ ਦਿੰਦਾ ਹਾਂ। ਧਾਰਮਿਕ ਗ੍ਰੰਥਾਂ ਵਿੱਚ ਵਰਨਣ ਕੀਤੇ ਹੋਏ 'ਗ੍ਰਿਹਸਥ' ਆਸ਼ਰਮ ਦੇ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦਾ ਹਾਂ। ਸ਼ਾਸਤ੍ਰਾਂ ਅਨੁਸਾਰ ਅਪਣੀ ਆਮਦਨੀ ਵਿੱਚੋਂ ਧਰਮ ਕਾਰਜਾਂ ਲਈ ਹਿੱਸਾ ਕੱਢ ਕੇ ਦਾਨ ਕਰ ਦਿੰਦਾ ਹਾਂ। ਖਾਲੀ ਸਮਾਂ, ਭਜਨ- ਸਿਮਰਨ ਅਤੇ ਅਤਿਥੀ ਸੇਵਾ ਵਿੱਚ ਲਾਉਂਦਾ ਹਾਂ। ਜੇਕਰ ਕੋਈ ਮੈਨੂੰ ਬੁਰਾ-ਭਲਾ ਵੀ ਕਹਿੰਦਾ ਹੈ ਤਾਂ ਵੀ ਮੈਂ ਕ੍ਰੋਧ ਕਰਨ ਦੀ ਬਜਾਇ ਉਸਨੂੰ ਖਿਮਾ ਕਰ ਦਿੰਦਾ ਹਾਂ। ਹਮੇਸ਼ਾ ਦਇਆ ਪੂਰਬਕ, ਦੂਜਿਆਂ ਦੇ ਦੁੱਖਾਂ ਨੂੰ ਮਿਟਾਉਣ ਦਾ ਯਤਨ ਕਰਦਾ ਰਹਿੰਦਾ ਹਾਂ। ਪ੍ਰਭੂ ਅਤੇ ਦੇਵੀ-ਦੇਵਤਿਆਂ ਦੀ ਪੂਜਾ ਸ਼ਰਧਾ ਨਾਲ ਕਰਦਾ ਹਾਂ। ਜਦੋਂ ਕੋਈ ਅਤਿਥੀ (ਮਹਿਮਾਨ) ਜਾਂ ਅਭਿਆਗਤ (ਲੋੜਵੰਦ ਪਾਂਧੀ) ਮੇਰੇ ਪਾਸ ਆਉਂਦਾ ਹੈ ਤਾਂ ਉਸਦੀ ਪ੍ਰੇਮ ਨਾਲ ਸੇਵਾ ਕਰਦਾ ਹਾਂ। ਇਉਂ ਕਰਨ ਨਾਲ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਮੈਨੂੰ ਇਹ ਅਵਸਥਾ ਪ੍ਰਾਪਤ ਹੋਈ ਹੈ। ਇਹ ਸੁਣਕੇ, ਰਿਸ਼ੀ ਦਾ ਸ਼ੰਸਾ ਮਿਟ ਗਿਆ ਅਤੇ 'ਜ਼ਾਜਲੀਕ' ਰਿਸ਼ੀ ਨੇ ਉਸ 'ਤੁਲਾਧਾਰ' ਬਾਣੀਏਂ ਨੂੰ ਪੂਰਨ ਸ਼ਰਧਾ ਨਾਲ 'ਗੁਰਮੁਖਿ' ਮੰਨਦੇ ਹੋਏ, ਉਸਦੀ ਸ਼ਰਣ ਲਈ ਅਤੇ ਮਨ ਦੀ ਸ਼ਾਂਤੀ ਪ੍ਰਾਪਤ

ਕੀਤੀ। ਇਹ ਹੈ ਉਦਹਾਰਣ ਇੱਕ ਗੁਰਮੁਖਿ ਗ੍ਰਿਹਸਥੀ ਦੀ ਜਿਸ ਨੂੰ ਗੁਰੂ ਸਾਹਿਬ ਜੀ ਨੇ 'ਧੰਨ ਗਿਰਹੀ' ਗੁਰਮੁਖਿ ਕਿਹਾ ਹੈ।

**ਦ੍ਰਿਸ਼ਟਾਂਤ (੨)**–'ਸੁਕਦੇਵ' ਰਿਸ਼ੀ ਨੂੰ ਅਪਣੇ ਤਿਆਗੀ ਹੋਣ ਦਾ ਹੰਕਾਰ ਹੋ ਗਿਆ ਸੀ। ਉਸਦੇ ਪਿਤਾ 'ਵੇਦਵਿਆਸ' ਜੀ ਨੇ ਸੁਕਦੇਵ ਦਾ ਅਭਿਮਾਨ ਦੂਰ ਕਰਨ ਲਈ, 'ਰਾਜਾ ਜਨਕ' ਕੋਲ ਭੇਜਿਆ। ਰਾਜਾ ਜਨਕ, ਇੱਕ 'ਗੁਰਮੁਖਿ' ਗ੍ਰਿਹਸਥੀ ਹੋਇਆ ਹੈ। ਇੱਕ ਦਿਨ ਰਾਜਾ ਜਨਕ, ਸਤਿਸੰਗ ਕਰ ਰਹੇ ਸਨ ਤਾਂ ਕਿਸੇ ਨੇ ਖਬਰ ਦਿੱਤੀ ਕਿ ਸ਼ਹਿਰ ਵਿੱਚ ਭਿਆਨਕ ਅੱਗ ਲੱਗ ਗਈ ਹੈ। ਇਹ ਖਬਰ ਸੁਣਕੇ, ਸਾਰੇ ਹੀ ਸਤਿਸੰਗੀ ਅਪਣੇ-ਅਪਣੇ ਮਕਾਨ ਅਤੇ ਬਾਲ-ਬੱਚਿਆਂ ਨੂੰ ਬਚਾਉਣ ਲਈ, ਉੱਥੋਂ ਉੱਠ ਕੇ ਭੱਜ ਗਏ। ਪ੍ਰੰਤੂ 'ਰਾਜਾ ਜਨਕ' ਨੂੰ ਇਹ ਖ਼ਬਰ ਸੁਣਕੇ ਕੋਈ ਸ਼ੋਕ ਨਹੀਂ ਹੋਇਆ। ਉਸਦੀ ਦ੍ਰਿਸ਼ਟੀ ਵਿੱਚ ਜਗਤ ਦੇ ਸਾਰੇ ਪਦਾਰਥ ਮਿਥਿਆ ਅਤੇ ਨਾਸ਼ਵਾਨ ਸਨ। ਇਸ ਤੋਂ ਬਿਨਾ ਉਸ ਨੂੰ ਆਤਮਾ-ਪ੍ਰਮਾਤਮਾ ਵਿੱਚ ਹੀ ਪੂਰਨ ਵਿਸ਼ਵਾਸ ਸੀ। ਉਸ ਨੂੰ ਆਤਮਿਕ ਗਿਆਨ ਦਾ ਦ੍ਰਿੜ ਨਿਸ਼ਚਾ ਹੋ ਚੁੱਕਿਆ ਸੀ ਕਿ ਮੇਰਾ ਸ੍ਵਰੂਪ ਅਤੇ ਜਗਤ ਦੇ ਸਾਰੇ ਜੜ੍ਹ-ਚੇਤਨ ਆਦਿ ਪਦਾਰਥ ਇੱਕੋ ਹੀ ਹਨ, ਜਿਸ ਕਰਕੇ ਅਗਨੀ ਵੀ ਮੇਰਾ ਹੀ ਰੂਪ ਹੈ। ਰਾਜਾ ਜਨਕ ਦੀ ਇਹ ਬ੍ਰਿਤੀ ਦੇਖਕੇ 'ਸੁਕਦੇਵ' ਰਿਸ਼ੀ ਨੂੰ ਉਸ ਉਪਰ ਪੂਰਾ ਵਿਸ਼ਵਾਸ ਹੋ ਗਿਆ। ਇਉਂ 'ਰਾਜਾ ਜਨਕ' ਦੇ ਨਿਰਲੇਪਤਾ ਵਾਲੇ ਗ੍ਰਿਹਸਥੀ ਜੀਵਨ ਤੋਂ ਪ੍ਰਭਾਵਿਤ ਹੋ ਕੇ 'ਸੁਕਦੇਵ' ਰਿਸ਼ੀ ਨੇ 'ਰਾਜਾ ਜਨਕ' ਦੀ ਸ਼ਰਣ ਗ੍ਰਹਿਣ ਕੀਤੀ। ਇਹ ਹੈ 'ਧੰਨ ਗਿਰਹੀ' ਗੁਰਮੁਖਿ।

**ਦ੍ਰਿਸ਼ਟਾਂਤ (੩)** – ਇੱਕ ਸੰਤੋਖੀ ਬ੍ਰਾਹਮਣ ਅਤੇ ਉਸਦਾ ਇੱਕ ਪੁੱਤਰ ਸੀ। ਉਨ੍ਹਾਂ ਦੋਹਾਂ ਪਿਉ-ਪੁੱਤਰਾਂ ਅਤੇ ਉਨ੍ਹਾਂ ਦੀਆਂ ਇਸਤਰੀਆਂ ਦਾ ਇਹ ਨਿਯਮ ਸੀ ਕਿ ਭੋਜਨ ਤਿਆਰ ਕਰਕੇ, ਪਹਿਲਾਂ ਕਿਸੇ ਸਾਧੂ-ਮਹਾਤਮਾ ਨੂੰ ਛਕਾਉਣਾ ਫਿਰ ਆਪ ਛਕਣਾ। ਇੱਕ ਸਮੇਂ ਉਹ ਚਾਰੇ ਜਣੇ ਤੀਰਥ ਯਾਤ੍ਰਾ ਤੇ ਗਏ ਤਾਂ ਰਸਤੇ ਵਿੱਚ ਭੋਜਨ ਪਕਾਇਆ ਅਤੇ ਪੰਜ ਹਿੱਸੇ ਕਰ ਲਏ। ਇੱਕ ਹਿੱਸਾ ਵਿਸ਼ਨੂੰ ਭਗਵਾਨ ਵਾਸਤੇ ਅਤੇ ਚਾਰ ਹਿੱਸੇ ਆਪਣੇ ਚੌਹਾਂ

ਵਾਸਤੇ। ਹੁਣ ਉਹ ਕਿਸੇ ਅਤਿਥੀ ਦੀ ਇੰਤਜ਼ਾਰ ਵਿੱਚ ਬੈਠ ਗਏ। ਭਗਵਾਨ ਵਿਸ਼ਨੂੰ, ਇੱਕ ਬ੍ਰਾਹਮਣ ਦਾ ਰੂਪ ਧਾਰਨ ਕਰਕੇ ਆਏ ਤੇ ਬੋਲੇ, ਭਾਈ! ਮੈਂ ਬਹੁਤ ਭੁੱਖਾ ਹਾਂ, ਮੈਨੂੰ ਭੋਜਨ ਕਰਾਉ, ਭਗਵਾਨ ਆਪ ਦਾ ਭਲਾ ਕਰੇਗਾ! ਇਹ ਸੁਣਕੇ ਉਨ੍ਹਾਂ ਨੇ ਬਹੁਤ ਖੁਸ਼ੀ ਨਾਲ ਅਤਿਥੀ ਦਾ ਹਿੱਸਾ, ਇਸ ਬ੍ਰਾਹਮਣ ਨੂੰ ਦੇ ਦਿੱਤਾ। ਪ੍ਰੰਤੂ ਉਸਦੀ ਭੁੱਖ ਨਵਿਰਤ ਨਾ ਹੋਈ ਅਤੇ ਹੋਰ ਭੋਜਨ ਮੰਗਿਆ। ਫਿਰ ਉਸ ਸੰਤੋਖੀ ਬ੍ਰਾਹਮਣ ਨੇ ਆਪਣਾ ਹਿੱਸਾ, ਉਸ ਅਤਿਥੀ ਨੂੰ ਦੇ ਦਿੱਤਾ। ਬ੍ਰਾਹਮਣ ਦੀ ਪਤਨੀ ਨੇ ਅਪਣਾ ਹਿੱਸਾ, ਪਤੀ ਨੂੰ ਅਤੇ ਉਸਦੇ ਪੁੱਤਰ ਨੇ ਆਪਣਾ ਹਿੱਸਾ, ਮਾਂ ਨੂੰ ਦੇ ਦਿੱਤਾ। ਇਉਂ ਲੜਕੇ ਦੀ ਪਤਨੀ ਨੇ ਆਪਣਾ ਹਿੱਸਾ, ਪਤੀ ਦੇ ਅੱਗੇ ਰੱਖ ਦਿੱਤਾ। ਉਹ ਬ੍ਰਾਹਮਣ ਦੂਜਾ ਹਿੱਸਾ ਵੀ ਖਾ ਗਿਆ ਫਿਰ ਵੀ ਤ੍ਰਿਪਤੀ ਨਾ ਹੋਈ। ਫਿਰ ਉਨ੍ਹਾਂ ਨੇ ਭੋਜਨ ਦਾ ਤੀਜਾ ਹਿੱਸਾ ਵੀ ਦੇ ਦਿੱਤਾ। ਇਉਂ ਇੱਕ ਇੱਕ ਕਰਕੇ ਉਸ ਬ੍ਰਾਹਮਣ ਨੇ ਭੋਜਨ ਦੇ ਪੰਜੇ ਹਿੱਸੇ ਛੱਕ ਲਏ। ਸੰਤੋਖੀ ਬ੍ਰਾਹਮਣ ਅਤੇ ਉਸ ਦਾ ਪ੍ਰੀਵਾਰ ਭੁੱਖਾ ਹੀ ਰਹਿ ਗਿਆ ਪਰ ਫਿਰ ਵੀ ਸ਼ਾਂਤ ਚਿੱਤ ਬੈਠੇ ਰਹੇ। ਉਨ੍ਹਾਂ ਦਾ ਸਬਰ-ਸੰਤੋਖ ਦੇਖ ਕੇ ਭਗਵਾਨ ਵਿਸ਼ਨੂੰ ਉਨ੍ਹਾਂ ਤੇ ਬਹੁਤ ਪ੍ਰਸੰਨ ਹੋਏ ਅਤੇ ਆਪਣੇ ਨਿਜ ਸ੍ਵਰੂਪ ਦੇ ਦਰਸ਼ਨ ਦੇਕੇ ਨਿਹਾਲ ਕੀਤਾ। ਇਸੇ ਨੂੰ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਧੰਨ ਗਿਰਹੀ' ਗੁਰਮੁਖਿ ਕਿਹਾ ਹੈ ।

**ਪ੍ਰਸ਼ਨ 6. ਕਉਣੁ ਉਦਾਸੀ** – ਭਾਵ ਉਦਾਸੀ ਕੌਣ ਹੈ?

**ਉੱਤਰ-ਉਦਾਸੀ ਗੁਰਮੁਖਿ**-ਭਾਵ 'ਗੁਰਮੁਖਿ' ਹੀ ਅਸਲ 'ਉਦਾਸੀ' ਹੈ।

**ਵਿਆਖਿਆ**-ਜੋ ਪ੍ਰਾਣੀ 'ਗੁਰਮੁਖਿ' ਵਾਲੀ ਅਵਸਥਾ ਦਾ ਮਾਲਕ ਹੋਕੇ ਆਪਣੇ ਸ਼ਰੀਰ ਦੀਆਂ ਕਰਮ ਇੰਦਰੀਆਂ ਅਤੇ ਗਿਆਨ ਇੰਦਰੀਆਂ ਨੂੰ ਮਾਇਆ ਦੇ ਪ੍ਰਭਾਵ ਤੋਂ ਬਚਾ ਕੇ, ਜਗਤ ਵਿੱਚ 'ਉਦਾਸ' ਯਾਨੀ ਉਪਰਾਮ ਹੋਕੇ ਰਹੇ ਸੋ ਗੁਰਮੁਖਿ 'ਉਦਾਸੀ' ਸਭ ਤੋਂ ਉੱਤਮ ਮੰਨਿਆ ਜਾਂਦਾ ਹੈ। ਨਿਰਲੇਪਤਾ ਵਾਲੇ (ਪ੍ਰਵਿਰਤੀ ਜਾਂ ਨਵਿਰਤੀ) ਮਾਰਗ ਵਿੱਚ ਉਸ ਨੂੰ ਵਿਲੱਖਣ ਯਾਨੀ ਅਸਚਰਜ ਰੂਪ ਅਨੰਦਮਈ ਬ੍ਰਿਤੀ ਦਾ ਸਦੈਵੀ ਸੁੱਖ ਪ੍ਰਾਪਤ ਹੁੰਦਾ ਹੈ। 'ਉਦਾਸੀ' ਦੇ ਲੱਛਣ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਉਂ ਵਰਨਣ ਕੀਤੇ ਹਨ- **ਸੋ ਉਦਾਸੀ ਜੋ ਪਾਲੇ ਉਦਾਸ॥** **(ਪੰਨਾ ੯੫੨)**

ਅਸਲ ਵਿੱਚ 'ਉਦਾਸੀ' ਉਹ ਹੀ ਹੈ ਜੋ ਸ਼ਰੀਰ ਦੀਆਂ ਕਰਮ ਇੰਦ੍ਰੀਆਂ ਅਤੇ ਗਿਆਨ ਇੰਦ੍ਰੀਆਂ ਤੋਂ ਉਪਰਾਮ ਯਾਨੀ 'ਉਦਾਸ' ਰਹਿੰਦਾ ਹੈ। ਜਿਵੇਂ ਕਿ ਰਸਨਾ (ਜੀਭ) ਹੁੰਦੇ ਹੋਏ ਵੀ ਰਸਾਂ ਵਿੱਚ ਨਾ ਫਸੇ, ਯਾਨੀ ਭੋਜਨ ਦੇ ਸੁਆਦਾਂ ਨੂੰ ਨਾ ਪਰਖੇ। ਸਾਡੀ ਜੀਭ ਦਾ ਦੂਜਾ ਕਰਮ ਹੈ 'ਬੋਲਣਾ'। ਜ਼ੁਬਾਨ ਤੋਂ ਸੱਚੇ,ਮਿੱਠੇ,ਪਿਆਰ ਭਰੇ ਅਤੇ ਪ੍ਰਮੇਸ਼ਰ ਦੀ ਉਸਤਤੀ ਦੇ ਬਚਨ ਕਰਦਾ ਰਹੇ। ਐਸੇ ਮਹਾਤਮਾ ਨੂੰ ਹੀ 'ਅਜਿਹਬਾ' ਯਾਨੀ ਜੁਬਾਨ ਤੋਂ 'ਉਦਾਸ' ਕਹਿ ਸਕਦੇ ਹਾਂ। ਜੋ ਪੁਰਸ਼ ਹੱਥ ਪੈਰ ਹੁੰਦੇ ਹੋਏ ਵੀ ਪਿੰਗਲਾ ਹੋ ਕੇ ਰਹੇ ਯਾਨੀ ਬੁਰੇ ਕਰਮ ਕਰਨ ਤੋਂ ਹੱਥਾਂ ਪੈਰਾਂ ਨੂੰ ਰੋਕ ਕੇ ਰੱਖੇ, ਅੱਖਾਂ ਹੁੰਦੇ ਹੋਏ ਵੀ ਅੰਨ੍ਹਾਂ ਹੋ ਕੇ ਰਹੇ ਯਾਨੀ ਬਾਹਰਮੁੱਖਤਾ ਛੱਡਕੇ ਅੰਤਰਮੁੱਖੀ ਹੋ ਕੇ ਰਹੇ, ਕੰਨ ਹੁੰਦੇ ਹੋਏ ਵੀ ਬਹਿਰਾ ਹੋ ਕੇ ਰਹੇ ਯਾਨੀ ਕਿਸੇ ਦੀ ਨਿੰਦਾ ਅਤੇ ਅਨਰਥ ਬਚਨ ਨਾ ਸੁਣੇ। ਇਸ ਤਰ੍ਹਾਂ ਜੋ ਵੀ ਇਨਸਾਨ ਜਗਤ ਤੋਂ 'ਉਦਾਸੀ' (ਉਪਰਾਮਤਾ) ਧਾਰਨ ਕਰਦਾ ਹੈ, ਗੁਰੂ ਸਾਹਿਬ ਕਹਿੰਦੇ ਹਨ ਕਿ ਉਹੀ 'ਉਦਾਸੀ' ਹੈ ਅਤੇ ਧੰਨਤਾ ਦੇ ਯੋਗ ਹੈ।

**ਦ੍ਰਿਸ਼ਟਾਂਤ (੧)** – ਇੱਕ ਮਹਾਤਮਾ ਨੂੰ ਅਨਾਰਾਂ ਦਾ ਬਗੀਚਾ ਦੇਖਕੇ ਅਨਾਰ ਖਾਣ ਦੀ ਇੱਛਾ ਹੋਈ। ਪੇੜ ਤੋਂ ਅਨਾਰ ਤੋੜਨਾ ਉਸਨੇ ਪਾਪ ਸਮਝਿਆ ਤੇ ਧਰਤੀ ਤੇ ਡਿੱਗਿਆ ਹੋਇਆ ਇੱਕ ਅਨਾਰ, ਆਪਣੇ ਖਾਣ ਵਾਸਤੇ ਚੁੱਕ ਲਿਆ। ਨਾਲ ਹੀ ਅਪਣੇ ਮਨ ਨੂੰ ਸਮਝਾਇਆ ਕਿ ਹੇ ਮਨਾ! ਤੂੰ ਹੁਣ ਤੱਕ ਵੀ ਵਾਸ਼ਨਾਵਾਂ ਵਿੱਚ ਫਸਿਆ ਪਿਆ ਹੈਂ? ਇਉਂ ਮਨ ਨੂੰ ਸਮਝਾ ਕੇ ਅਨਾਰ ਸੁੱਟ ਦਿੱਤਾ ਅਤੇ ਅਪਣੇ ਰਸਤੇ ਚੱਲ ਪਿਆ। ਚਲਦੇ ਹੋਏ ਉਸਨੇ ਇੱਕ ਪਹਾੜ ਦੇ ਹੇਠਾਂ ਵੱਲ ਨੂੰ ਇੱਕ ਮਹਾਤਮਾ ਸੁੱਤਾ ਪਿਆ ਦੇਖਿਆ। ਇਸ ਸਾਧੂ ਨੇ ਉਸ ਸੁੱਤੇ ਹੋਏ ਮਹਾਤਮਾ ਕੋਲ ਜਾਕੇ ਨਮਸ਼ਕਾਰ ਕੀਤੀ। ਉਸ ਮਹਾਤਮਾ ਦੇ ਸਾਰੇ ਸ਼ਰੀਰ ਉੱਤੇ ਮੱਖੀਆਂ ਭਿਣਕ ਰਹੀਆਂ ਸਨ। ਵਿਸ਼ਰਾਮ ਕਰ ਰਹੇ ਮਹਾਤਮਾ ਨੇ ਆਏ ਸਾਧੂ ਨੂੰ ਉਸਦਾ ਨਾਮ ਲੈਕੇ ਬੁਲਾਇਆ ਅਤੇ ਸੁੱਖ-ਸਾਂਦ ਪੁੱਛੀ। ਸਾਧੂ ਬੜਾ ਹੈਰਾਨ ਹੋਇਆ ਅਤੇ ਉਹਨੇ ਮਹਾਤਮਾ ਜੀ ਨੂੰ ਪੁੱਛਿਆ ਕਿ ਤੁਸੀਂ ਮੈਨੂੰ ਕਿਵੇਂ ਪਛਾਣਿਆ ਹੈ? ਮਹਾਤਮਾ ਨੇ ਕਿਹਾ ਕਿ ਜਿਸ ਨੇ ਪ੍ਰਮਾਤਮਾ ਨੂੰ ਪਛਾਣ ਲਿਆ ਹੋਵੇ, ਉਸ

ਤੋਂ ਕੁੱਝ ਵੀ ਛੁਪਿਆ ਨਹੀਂ ਰਹਿੰਦਾ। ਸਾਧੂ ਨੇ ਕਿਹਾ ਕਿ ਜੇ ਤੁਸੀਂ ਐਂਨੇ ਹੀ ਪਹੁੰਚੇ ਹੋਏ ਮਹਾਂਪੁਰਖ ਹੋਂ ਤਾਂ ਰੱਬ ਨੂੰ ਕਹੋ ਕਿ ਤੁਹਾਨੂੰ ਮੱਖੀਆਂ ਤੋਂ ਬਚਾਏ। ਮਹਾਤਮਾ ਨੇ ਕਿਹਾ, ਭਾਈ! ਮੈਂ ਇਸ ਤੁੱਛ ਸ਼ਰੀਰ ਵਾਸਤੇ ਪ੍ਰਭੂ ਅੱਗੇ ਅਰਦਾਸ ਕਿਉਂ ਕਰਾਂ? ਤੈਥੋਂ ਤਾਂ ਅਪਣੇ ਅੰਦਰ ਦੀਆਂ ਵਾਸ਼ਨਾਵਾਂ ਰੂਪੀ ਮੱਖੀਆਂ ਨਹੀਂ ਹਟਾਈਆਂ ਜਾਂਦੀਆਂ। ਸਾਧੂ ਹੋ ਕੇ ਵੀ ਅਨਾਰ ਖਾਣ ਦੀ ਵਾਸ਼ਨਾ ਚਿੱਤ ਵਿੱਚ ਰੱਖੀ ਫਿਰਦਾ ਹੈਂ। ਤੂੰ ਸਾਰੀਆਂ ਵਾਸ਼ਨਾਵਾਂ ਤੋਂ ਉਦਾਸ ਹੋ ਕੇ ਰਹਿ ਕਿਉਂਕਿ ਇਸ ਪ੍ਰਾਣੀ ਨੂੰ, ਵਾਸ਼ਨਾ ਹੀ ਜਨਮ ਅਤੇ ਮਰਨ ਦੇ ਚੱਕਰ ਵਿੱਚ ਪਾਉਂਦੀ ਹੈ। ਇਸ ਨੂੰ ਕਿਹਾ ਹੈ ਧੰਨ 'ਉਦਾਸੀ ਗੁਰਮੁਖਿ'।

**ਦ੍ਰਿਸ਼ਟਾਂਤ (੨)** – ਇੱਕ ਸਮੇਂ ਦੀ ਗੱਲ ਹੈ ਕਿ ਇੰਦਰ ਦੇਵਤਾ ਸਮੇਤ ਸਭ ਦੇਵਤੇ, ਵ੍ਰਤ੍ਰਾਸੁਰ ਦੈਂਤ ਤੋਂ ਲੜਾਈ ਵਿੱਚ ਹਾਰ ਗਏ ਅਤੇ ਦੁਖੀ ਹੋ ਕੇ ਸ੍ਰੀ ਨਾਰਾਇਣ ਭਗਵਾਨ ਦੇ ਪਾਸ ਜਾਕੇ ਆਪਣਾ ਹਾਲ ਸੁਣਾਇਆ। ਭਗਵਾਨ ਨੇ ਉਨ੍ਹਾਂ ਤੇ ਦਇਆ ਕਰਕੇ ਵ੍ਰਤ੍ਰਾਸੁਰ ਦੈਂਤ ਦੇ ਮਾਰਨ ਦਾ ਉਪਾਉ ਦੱਸਿਆ ਕਿ ਤੁਸੀਂ 'ਦਧੇਚ' ਰਿਸ਼ੀ ਕੋਲ ਜਾਕੇ ਉਸਤੋਂ ਉਹਦੇ ਸ਼ਰੀਰ ਦੀਆਂ ਹੱਡੀਆਂ ਮੰਗੋ। ਉਨ੍ਹਾਂ ਹੱਡੀਆਂ ਤੋਂ ਬੱਜਰ ਹਥਿਆਰ ਬਣਾਉ ਤਦ ਉਸ ਬੱਜਰ ਨਾਲ ਵ੍ਰਤ੍ਰਾਸੁਰ ਦੈਂਤ ਮਾਰਿਆ ਜਾਵੇਗਾ, ਉਸ ਦੈਂਤ ਨੂੰ ਮਾਰਨ ਦਾ ਹੋਰ ਕੋਈ ਉਪਾਉ ਨਹੀਂ ਹੈ। ਇਹ ਸੁਣਕੇ ਸਭ ਦੇਵਤੇ,'ਦਧੇਚ' ਰਿਸ਼ੀ ਦੇ ਪਾਸ ਪਹੁੰਚੇ ਅਤੇ ਅਪਣੀ ਪ੍ਰੇਸ਼ਾਨੀ ਦੂਰ ਕਰਨ ਲਈ ਬੇਨਤੀ ਕੀਤੀ। ਸੁਣਕੇ,'ਦਧੇਚ' ਰਿਸ਼ੀ ਅਤੀ ਪ੍ਰਸੰਨ ਹੋਏ ਅਤੇ ਆਪਣੇ ਸ਼ਰੀਰ ਦੀਆਂ ਹੱਡੀਆਂ ਦੇਣ ਲਈ ਤਿਆਰ ਹੋ ਗਏ।ਰਿਸ਼ੀ ਨੇ ਅੰਤਰ-ਧਿਆਨ ਹੋ ਕੇ ਸਮਾਧੀ ਦੇ ਰਸਤੇ ਸ਼ਰੀਰ ਤਿਆਗ ਦਿੱਤਾ। ਦੇਵਤਿਆਂ ਨੇ ਉਸ ਦੇ ਸ਼ਰੀਰ ਦੀਆਂ ਹੱਡੀਆਂ ਤੋਂ ਬੱਜਰ ਹਥਿਆਰ ਬਣਾ ਕੇ ਵ੍ਰਤ੍ਰਾਸੁਰ ਦੈਂਤ ਨੂੰ ਮਾਰ ਦਿੱਤਾ। ਅਜਿਹੇ 'ਦਧੇਚ' ਰਿਸ਼ੀ ਵਰਗੇ ਮਹਾਤਮਾ ਨੂੰ ਹੀ ਪੂਰਨ 'ਉਦਾਸੀ' ਜਾਂ ਤਿਆਗੀ ਕਿਹਾ ਜਾ ਸਕਦਾ ਹੈ। ਇਹ ਹੈ 'ਗੁਰਮੁਖਿ' ਦੀ ਅਵਸਥਾ ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਕਿਹਾ ਹੈ-ਧੰਨ 'ਉਦਾਸੀ ਗੁਰਮੁਖਿ'।

**ਪ੍ਰਸ਼ਨ** 7. **ਕਉਣੁ ਸੁ ਕੀਮਤਿ ਪਾਏ ਜੀਉ॥** ਭਾਵ ਪ੍ਰਮਾਤਮਾ ਦੀ ਕੀਮਤ ਪਾਉਣ ਵਾਲਾ ਕੌਣ ਹੈ?

**ਉੱਤਰ- ਗੁਰਮੁਖਿ ਕੀਮਤਿ ਪਾਏ ਜੀਉ॥** - ਭਾਵ ਪ੍ਰਮੇਸ਼ਰ ਦੀ ਕੀਮਤ ਪਾਉਣ ਵਾਲਾ 'ਗੁਰਮੁਖਿ' ਹੀ ਹੁੰਦਾ ਹੈ।

**ਵਿਆਖਿਆ:-** ਪ੍ਰਮਾਤਮਾ ਸੰਸਾਰੀ ਕਦਰਾਂ-ਕੀਮਤਾਂ ਤੋਂ ਬਹੁਤ ਪਰੇ ਹੈ। ਅਮੁੱਲ ਹੋਣ ਕਰਕੇ ਉਸਦੀ ਕੀਮਤ ਕੋਈ ਵੀ ਨਹੀਂ ਪਾ ਸਕਦਾ ਪ੍ਰੰਤੂ ਸਿਦਕਵਾਨ ਗੁਰਮੁਖਾਂ ਵਿੱਚ ਗੁਰੂ ਬਖ਼ਸ਼ੀ ਸ਼ਕਤੀ ਹੁੰਦੀ ਹੈ ਜੋ ਕਿ ਉਹ ਅਪਣਾ ਮਨ ਅਰਪਣ ਕਰਕੇ, ਮਨ ਵੇਚ ਕੇ ਯਾਨੀ ਅਹੰਕਾਰ ਤਿਆਗ ਕੇ ਪ੍ਰਮਾਤਮਾ ਨੂੰ ਖ਼੍ਰੀਦ ਲੈਂਦੇ ਹਨ। ਜਿਵੇਂ ਕਿ ਭਗਤ ਕਬੀਰ ਜੀ ਨੇ ਫੁਰਮਾਇਆ ਹੈ-

**ਕੰਚਨ ਸਿਉ ਪਾਈਐ ਨਹੀ ਤੋਲਿ॥**
**ਮਨੁ ਦੇ ਰਾਮੁ ਲੀਆ ਹੈ ਮੋਲਿ॥** **(ਅੰਗ ੩੨੭)**

ਸੋਨਾ ਆਦਿ ਅਤੀ ਕੀਮਤੀ ਸੰਸਾਰੀ ਪਦਾਰਥ ਭੇਟਾ ਕਰਨ ਨਾਲ ਵੀ ਰਾਮ (ਰਮਿਆ ਹੋਇਆ) ਪ੍ਰਮਾਤਮਾ ਨਹੀਂ ਮਿਲ ਸਕਦਾ ਪ੍ਰੰਤੂ ਅਪਣਾ ਮਨ ਭੇਟਾ ਕਰਨ ਨਾਲ ਮੈਨੂੰ ਰਾਮ ਮਿਲਿਆ ਹੈ।

**ਦ੍ਰਿਸ਼ਟਾਂਤ (੧)** - ਇੱਕ ਵਾਰ ਰਾਜਾ ਜਨਕ ਨੂੰ ਖਿਆਲ ਆਇਆ ਕਿ ਕੋਈ ਅਜਿਹਾ ਪੂਰਾ ਗੁਰੂ ਮਿਲੇ ਜੋ ਮੈਨੂੰ ਘੋੜੇ ਤੇ ਚੜ੍ਹਦੇ ਚੜ੍ਹਦੇ ਨੂੰ ਹੀ ਗਿਆਨ ਕਰਾ ਦੇਵੇ। ਉਹ ਗੁਰੂ ਜੋ ਵੀ ਮੰਗੇਗਾ ਮੈਂ ਉਸ ਨੂੰ ਭੇਟਾ ਕਰ ਦੇਵਾਂਗਾ। ਉਸਨੇ ਸਾਰੇ ਸ਼ਹਿਰ ਵਿੱਚ ਇਸ ਸੰਕਲਪ ਦਾ ਢੰਡੋਰਾ ਪਿਟਵਾ ਦਿੱਤਾ। ਇਹ ਖ਼ਬਰ ਸੁਣਕੇ ਅਸ਼ਟਾਵਕਰ ਰਿਸ਼ੀ, ਰਾਜਾ ਜਨਕ ਦੀ ਬੁਲਾਈ ਹੋਈ ਸਭਾ ਵਿੱਚ ਆਇਆ। ਰਿਸ਼ੀ ਨੇ ਰਾਜਾ ਨੂੰ ਕਿਹਾ ਕਿ ਮੈਂ ਤੇਰੀ ਇੱਛਾ ਪੂਰੀ ਕਰੂੰਗਾ ਪ੍ਰੰਤੂ ਪਹਿਲਾਂ ਮੈਨੂੰ ਗੁਰੂ-ਦੱਛਣਾ ਦੇਹ। ਰਾਜੇ ਨੇ ਕਿਹਾ ਕਿ ਜੋ ਆਪ ਫੁਰਮਾਉ, ਮੈਂ ਦੇਣ ਲਈ ਤਿਆਰ ਹਾਂ। ਅਸ਼ਟਾਵਕਰ ਰਿਸ਼ੀ ਨੇ ਕਿਹਾ ਕਿ ਅਪਣਾ ਤਨ, ਮਨ ਅਤੇ ਧਨ ਤਿੰਨੋ ਹੀ ਮੈਨੂੰ ਅਰਪਣ ਕਰੋ। ਰਾਜੇ ਨੇ, ਰਿਸ਼ੀ ਦੇ ਕਹਿਣ ਮੁਤਾਬਿਕ ਇਹ ਸੰਕਲਪ ਦੇ ਦਿੱਤਾ ਅਤੇ ਅਸ਼ਟਾਵਕਰ ਰਿਸ਼ੀ, ਰਾਜੇ ਦੇ ਸਿੰਘਾਸਣ ਤੇ ਬੈਠ ਗਿਆ। ਕੁੱਝ ਦੇਰ ਬਾਅਦ ਰਾਜੇ ਨੇ ਦੇਖਿਆ ਕਿ ਰਿਸ਼ੀ, ਰਾਜ ਸਿੰਘਾਸਣ ਤੇ ਬੈਠਾ ਹੈ ਪ੍ਰੰਤੂ

ਬੋਲਦਾ ਕੁੱਝ ਵੀ ਨਹੀਂ। ਰਾਜੇ ਨੇ ਸਮਝਿਆ ਕਿ ਰਿਸ਼ੀ ਕਿਤੇ ਇਸ ਵਾਸਤੇ ਤਾਂ ਨਹੀਂ ਬੋਲਦਾ ਕਿ ਰਾਜਾ ਘੋੜੇ ਤੇ ਚੜ੍ਹੇ ਤਾਂ ਮੈਂ ਉਸਨੂੰ ਉਪਦੇਸ਼ ਕਰਾਂ। ਇਹ ਸੋਚਕੇ ਰਾਜੇ ਨੇ ਘੋੜਾ ਮੰਗਵਾਇਆ ਅਤੇ ਜਿਵੇਂ ਹੀ ਆਪਣਾ ਪੈਰ ਰਕਾਬ ਵਿੱਚ ਪਾ ਕੇ ਘੋੜੇ ਤੇ ਚੜ੍ਹਨ ਲੱਗਿਆ ਤਾਂ ਰਿਸ਼ੀ ਨੇ ਅਵਾਜ਼ ਮਾਰਕੇ ਕਿਹਾ ਕਿ ਹੇ ਰਾਜਨ! ਖ਼ਬਰਦਾਰ ਹੋ, ਤੂੰ ਇਹ ਕੀ ਕਰ ਰਿਹਾ ਹੈਂ? ਰਾਜੇ ਨੇ ਕਿਹਾ ਕਿ ਮੈਂ ਘੋੜੇ ਤੇ ਚੜ੍ਹ ਰਿਹਾ ਹਾਂ ਕਿਉਂਕਿ ਆਪ ਜੀ ਨੇ ਉਪਦੇਸ਼ ਕਰਨਾ ਹੈ। ਰਿਸ਼ੀ ਨੇ ਕਿਹਾ ਕਿ ਤੂੰ ਤਨ, ਮਨ ਅਤੇ ਧਨ ਤਿੰਨੋ ਹੀ ਮੈਨੂੰ ਅਰਪਣ ਕਰ ਚੁੱਕਿਆ ਹੈਂ। ਹੁਣ ਤੂੰ ਆਪਣਾ ਸ਼ਰੀਰ ਘੋੜੇ ਉਤੇ ਰੱਖ ਰਿਹਾ ਹੈਂ ਜਦੋਂ ਕਿ ਇਹ ਸ਼ਰੀਰ ਤਾਂ ਤੂੰ ਮੈਨੂੰ ਅਰਪਣ ਕਰ ਚੁੱਕਿਆ ਹੈਂ। ਇਸ ਲਈ ਤੈਨੂੰ ਘੋੜੇ ਤੇ ਚੜ੍ਹਨ ਦਾ ਕੋਈ ਅਧਿਕਾਰ ਨਹੀਂ। ਇਵੇਂ ਹੀ ਜਦ ਤੂੰ ਮੈਨੂੰ ਸਭ ਧਨ ਅਰਪਣ ਕੀਤਾ ਹੋਇਆ ਹੈ ਤਾਂ ਉਸਦੇ ਵਿੱਚ ਹਾਥੀ, ਘੋੜੇ ਵਗੈਰਾ ਸਾਰੇ ਪਦਾਰਥ ਆ ਗਏ। ਬਾਕੀ ਤੇਰੇ ਪਾਸ ਕੀ ਰਿਹਾ ਹੈ ਜਿਸ ਉੱਤੇ ਤੂੰ ਸਵਾਰੀ ਕਰਨਾ ਚਾਹੁੰਦਾ ਹੈਂ? ਮਨ ਵਿੱਚ ਜੋ ਤੂੰ ਘੋੜੇ ਉਤੇ ਚੜ੍ਹਨ ਦਾ ਸੰਕਲਪ ਕੀਤਾ ਹੈ, ਉਹ ਮਨ ਵੀ ਮੇਰਾ ਹੈ, ਫਿਰ ਤੂੰ ਸੰਕਲਪ ਕਿਹੜੇ ਮਨ ਨਾਲ ਕਰ ਰਿਹਾ ਹੈਂ? ਇਹ ਵਾਰਤਾ ਸੁਣਕੇ, ਰਾਜੇ ਨੂੰ ਯਥਾਰਥ ਗਿਆਨ ਦਾ ਉਪਦੇਸ਼ ਪ੍ਰਾਪਤ ਹੋ ਗਿਆ ਅਤੇ ਉਸ ਦੀ ਬ੍ਰਿਤੀ ਸਮਾਧੀ ਵਿੱਚ ਚਲੀ ਗਈ। ਕੁੱਝ ਸਮਾਂ ਗੁਜ਼ਰਨ ਤੋਂ ਬਾਅਦ ਜਦੋਂ ਉਸਨੇ ਅੱਖਾਂ ਖੋਲ੍ਹੀਆਂ ਤਾਂ ਅਸ਼ਟਾਵਕਰ ਰਿਸ਼ੀ ਨੇ ਕਿਹਾ ਕਿ ਹੇ ਰਾਜਨ! ਹੁਣ ਤੂੰ ਬੇਸ਼ੱਕ ਘੋੜੇ ਤੇ ਚੜ੍ਹ ਅਤੇ ਮੈਂ ਤੈਨੂੰ ਉਪਦੇਸ਼ ਦੇਵਾਂ। ਰਾਜੇ ਨੇ ਕਿਹਾ, ਹੇ ਕ੍ਰਿਪਾ ਨਿਧਾਨ! ਮੈਨੂੰ ਆਪ ਜੀ ਦੀ ਕ੍ਰਿਪਾ ਨਾਲ ਆਤਮਿਕ ਗਿਆਨ ਦਾ ਉਪਦੇਸ਼ ਮਿਲ ਗਿਆ ਹੈ, ਹੁਣ ਮੈਨੂੰ ਘੋੜੇ ਤੇ ਚੜ੍ਹਨ ਦਾ ਜਾਂ ਹੋਰ ਕੋਈ ਵੀ ਸੰਕਲਪ ਨਹੀਂ ਰਿਹਾ ਹੈ। ਆਪ ਨੂੰ ਤਨ, ਮਨ, ਅਤੇ ਧਨ ਸਭ ਸੌਂਪਣ ਨਾਲ ਮੈਨੂੰ ਹੁਣ ਅਜਿਹਾ ਅਨੰਦ ਆਇਆ ਹੈ ਕਿ ਉਸ ਨੂੰ ਵਰਨਣ ਕਰਨ ਲਈ, ਮੇਰੇ ਕੋਲ ਕੋਈ ਸਮਰੱਥਾ ਨਹੀਂ ਹੈ। ਯਥਾ-

**ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ॥**
**ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ॥** (ਅੰਗ ੨੫੬)

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾ ਰਹੇ ਹਨ ਕਿ ਅਸੀਂ ਆਪਣਾ ਤਨ, ਮਨ ਅਤੇ ਧਨ ਸਭ ਉਸਨੂੰ ਅਰਪਣ ਕਰ ਦੇਈਏ ਜੋ ਸਾਨੂੰ ਪ੍ਰਭੂ ਨਾਲ ਮਿਲਾ ਦੇਵੇ। ਜਿਸਦੇ ਨਾਲ ਸਾਡਾ ਭਰਮ ਤੇ ਭਉ ਨਾਸ਼ ਹੋ ਜਾਵੇ ਅਤੇ ਅਸੀਂ ਜਮ ਦੀ ਤਾੜਨਾ ਤੋਂ ਬਚ ਜਾਈਏ। ਇਹ ਹੈ - ਗੁਰਮੁਖਿ ਕੀਮਤਿ ਪਾਏ ਜੀਉ॥

**ਦ੍ਰਿਸ਼ਟਾਂਤ (੨)**-'ਉਦਿਆਲਕ' ਰਿਸ਼ੀ ਨੂੰ ਇੱਕ ਸਮੇਂ ਖਿਆਲ ਆਇਆ ਕਿ ਮੈਂ ਆਪਣਾ ਸਭ ਕੁੱਛ ਦਾਨ ਕਰ ਦੇਵਾਂ। ਉਸਨੇ ਵਧੀਆ-ਵਧੀਆ ਗਊਆਂ ਆਪਣੇ ਪੁੱਤਰ 'ਨਚਿਕੇਤਾ' ਵਾਸਤੇ ਅਲੱਗ ਕਰਕੇ ਬਾਕੀ ਸਾਰਾ ਸਾਮਾਨ ਦਾਨ ਕਰ ਦਿੱਤਾ। ਉਸਦੇ ਪੁੱਤਰ 'ਨਚਿਕੇਤਾ' ਨੇ ਜਦ ਇਹ ਖ਼ਬਰ ਸੁਣੀ ਤਾਂ ਅਪਣੇ ਪਿਤਾ ਜੀ ਨੂੰ ਪੁੱਛਿਆ ਕਿ ਪਿਤਾ ਜੀ ਬਾਕੀ ਦੀਆਂ ਗਊਆਂ ਕਿਸ ਲਈ ਰੱਖੀਆਂ ਹਨ? ਨਚਿਕੇਤਾ ਨੇ ਇਹ ਵੀ ਕਿਹਾ ਕਿ ਮੇਰਾ ਵੀ ਦਾਨ ਕਰ ਦਿਉ ਕਿਉਂਕਿ ਮੈਂ ਵੀ ਤੁਹਾਡੇ ਸਭ ਕੁੱਛ ਵਿੱਚ ਹੀ ਹਾਂ। ਇਸ ਤਰ੍ਹਾਂ ਬਾਰ-ਬਾਰ ਅਪਣੇ ਪਿਤਾ ਨੂੰ ਪੁੱਛੀ ਜਾਵੇ ਕਿ ਮੈਨੂੰ ਕਿਸਦੇ ਅਰਪਣ ਕਰ ਰਹੇ ਹੋ? ਇਉਂ ਉਸਦੇ ਪਿਤਾ ਨੂੰ ਕ੍ਰੋਧ ਆ ਗਿਆ ਅਤੇ ਕਹਿਣ ਲੱਗਿਆ ਕਿ ਮੈਂ ਤੈਨੂੰ ਯਮਰਾਜ ਨੂੰ ਦਾਨ ਕਰ ਰਿਹਾ ਹਾਂ। 'ਨਚਿਕੇਤਾ' ਇਹ ਖ਼ਬਰ ਸੁਣਕੇ ਬਹੁਤ ਖੁਸ਼ ਹੋਇਆ ਅਤੇ ਪਿਤਾ ਦੇ ਬਚਨ ਦੀ ਪਾਲਣਾ ਕਰਨ ਲਈ, ਆਪਣੀ ਦੇਹ ਸਮੇਤ ਯਮਰਾਜ ਕੋਲ ਜਾਣ ਦੀ ਤਿਆਰੀ ਕਰ ਲਈ। ਇਸ ਗੱਲ ਤੇ ਉਸ ਦੇ ਪਿਤਾ ਨੂੰ ਬਹੁਤ ਸ਼ੋਕ ਹੋਇਆ। ਆਖਿਰ ਪੱਕਾ ਇਰਾਦਾ ਕਰਕੇ ਯੋਗ-ਬਲ ਦੁਆਰਾ ਆਪਣੀ ਦੇਹ ਸਮੇਤ ਯਮਰਾਜ ਦੀ ਨਗਰੀ ਵਿੱਚ ਪਹੁੰਚ ਗਿਆ। ਉੱਥੇ ਪਹੁੰਚ ਕੇ ਯਮਰਾਜ ਦੇ ਅਸਥਾਨ ਦੇ ਬਾਹਰ ਬੈਠ ਗਿਆ। ਬੈਠੇ ਨੂੰ ਜਦੋਂ ਤਿੰਨ ਰਾਤਾਂ ਗੁਜ਼ਰ ਗਈਆਂ ਤਾਂ ਯਮਰਾਜ ਨੇ 'ਨਚਿਕੇਤਾ' ਦੀ ਪ੍ਰੇਮ-ਭਾਵਨਾ ਦੇਖਕੇ ਉਸਨੂੰ ਦਰਸ਼ਨ ਦਿੱਤੇ ਅਤੇ ਕਿਹਾ ਕਿ ਮੈਂ ਤੈਥੋਂ ਬਹੁਤ ਪ੍ਰਸੰਨ ਹਾਂ ਕਿਉਂਕਿ ਤੂੰ ਤਿੰਨ ਰਾਤਾਂ ਲਗਾਤਾਰ ਮੈਨੂੰ ਮਿਲਣ ਲਈ ਬੈਠਾ ਰਿਹਾ ਹੈਂ। ਹੁਣ ਤੂੰ ਮੇਰੇ ਪਾਸੋਂ ਕੋਈ ਤਿੰਨ ਵਰਦਾਨ ਮੰਗ ਲੈ। ਨਚਿਕੇਤਾ ਨੇ ਯਮਰਾਜ ਨੂੰ ਨਮਸ਼ਕਾਰ ਕਰਕੇ ਇਹ ਤਿੰਨ ਵਰਦਾਨ ਮੰਗੇ -

(੧) ਹੁਣ ਮੈਂ ਮੁੜਕੇ ਜਦ ਮਾਤਲੋਕ ਵਿੱਚ ਜਾਊਂਗਾ ਤਾਂ ਮੇਰਾ ਪਿਤਾ ਮੈਨੂੰ

ਯਮਲੋਕ ਤੋਂ ਆਇਆ ਸਮਝਕੇ ਸੋਚੇਗਾ ਕਿ ਇਹ ਤਾਂ ਨਚਿਕੇਤਾ ਦਾ ਭੂਤ ਜਾਂ ਪ੍ਰੇਤ ਹੈ। ਇਸ ਲਈ ਉਹ ਮੇਰੇ ਨਾਲ ਪਹਿਲਾਂ ਵਰਗਾ ਵਰਤਾਉ ਨਹੀਂ ਕਰੇਗਾ। ਸੋ ਆਪ ਐਸੀ ਮਾਇਆ ਖੇਡੋ ਕਿ ਮੇਰਾ ਪਿਤਾ ਇਹ ਸਾਰੀ ਗੱਲ ਭੁੱਲ ਜਾਵੇ ਅਤੇ ਜਿਸ ਤਰ੍ਹਾਂ ਪਹਿਲਾਂ ਮੈਨੂੰ ਪਿਆਰ ਕਰਦਾ ਸੀ, ਉਸੇ ਤਰ੍ਹਾਂ ਫਿਰ ਵੀ ਕਰੇ।

(੨) ਇਸ ਵਕਤ ਮੈਨੂੰ ਯੱਗ ਕਰਨ ਦੀ ਪੂਰੀ ਰੀਤੀ (ਵਿਧੀ) ਨਹੀਂ ਆਉਂਦੀ। ਆਪ ਜੀ ਕ੍ਰਿਪਾ ਕਰਕੇ ਮੈਨੂੰ ਯੱਗ ਦੀ ਸੰਪੂਰਣ ਵਿਧੀ ਸਮਝਾਉ।

(੩) ਆਤਮਾ ਦਾ ਗਿਆਨ ਅਥਵਾ ਬ੍ਰਹਮ ਗਿਆਨ ਦਾ ਉਪਦੇਸ਼ ਮੈਨੂੰ ਦਿਉ ਤਾਂ ਕਿ ਮੈਂ ਦੁਬਾਰਾ ਜਨਮ-ਮਰਨ ਦੇ ਬੰਧਨ ਵਿੱਚ ਨਾ ਆਵਾਂ।

ਯਮਰਾਜ ਨੇ ਪਹਿਲੇ ਦੋ ਵਰਦਾਨ ਤਾਂ ਬੜੀ ਖੁਸ਼ੀ ਨਾਲ ਦੇ ਦਿੱਤੇ। ਤੀਜੇ ਵਰਦਾਨ ਬਾਰੇ ਕਿਹਾ ਕਿ ਤੂੰ ਉਸ ਗੱਲ ਦਾ ਖਿਆਲ ਛੱਡ ਦੇ। ਉਸ ਦੇ ਬਦਲੇ ਤੈਨੂੰ ਮਾਤਲੋਕ ਦੇ ਸੁੱਖ ਜਿਵੇਂ ਕਿ ਸ਼ਰੀਰਕ ਸੁੱਖ, ਮਾਇਆ ਦਾ ਸੁੱਖ ਅਤੇ ਹੋਰ ਸਭ ਤਰ੍ਹਾਂ ਦੇ ਸੁੱਖ ਜੋ ਵੀ ਦੁਨੀਆਂ ਵਿੱਚ ਦੇਖਣ ਨੂੰ ਮਿਲਦੇ ਹਨ, ਉਹ ਮੈਂ ਤੈਨੂੰ ਦੇ ਦਿੰਦਾ ਹਾਂ। ਬਲਕਿ ਜੇਕਰ ਤੂੰ 'ਚਿਰੰਜੀਵੀ' ਯਾਨੀ ਵੱਡੀ ਉਮਰ ਵਾਲਾ ਹੋ ਕੇ ਵੀ ਰਹਿਣਾ ਚਾਹੇਂ, ਤਾਂ ਉਹ ਪਦਵੀ ਵੀ ਮੈਂ ਤੈਨੂੰ ਦੇ ਸਕਦਾ ਹਾਂ। ਪ੍ਰੰਤੂ ਨਚਿਕੇਤਾ ਨੇ ਇਹ ਗੱਲ ਮਨਜ਼ੂਰ ਨਹੀਂ ਕੀਤੀ ਕਿਉਂਕਿ ਉਸਨੂੰ ਗਿਆਨ ਸੀ ਕਿ ਇਹ ਸੰਸਾਰਕ ਸੁੱਖ ਤਾਂ ਨਾਸ਼ਵੰਤ ਹਨ ਅਤੇ ਆਤਮਾ ਦਾ ਸੁੱਖ ਅਮਰ ਅਤੇ ਅਟੱਲ ਹੈ। ਯਮਰਾਜ ਨੇ ਉਸਨੂੰ ਬਾਰ-ਬਾਰ ਲਾਲਚ ਦਿੱਤੇ ਕਿ ਉਹ ਇਸ ਖਿਆਲ ਤੋਂ ਹਟ ਜਾਵੇ ਪ੍ਰੰਤੂ 'ਨਚਿਕੇਤਾ' ਆਪਣੇ ਇਰਾਦੇ ਤੇ ਦ੍ਰਿੜ ਰਿਹਾ। ਅਖੀਰ ਜਦੋਂ ਯਮਰਾਜ ਨੇ ਦੇਖਿਆ ਕਿ ਉਸਦੀ ਬ੍ਰਿਤੀ ਪੂਰਨ ਤੌਰ ਤੇ ਅਡੋਲ ਹੈ, ਇਸ ਨੂੰ ਲੋਕ-ਪਰਲੋਕ ਦੇ ਪਦਾਰਥਕ ਸੁੱਖਾਂ ਦੀ ਜ਼ਰਾ ਵੀ ਆਸਕਤੀ (ਮੋਹ) ਨਹੀਂ ਹੈ ਤਾਂ ਯਮਰਾਜ ਨੇ ਨਚਿਕੇਤਾ ਨੂੰ ਬ੍ਰਹਮ ਗਿਆਨ ਦਾ ਉਪਦੇਸ਼ ਦਿੱਤਾ। ਐਸੀ ਦਸ਼ਾ ਵਾਲਿਆਂ ਨੂੰ ਕਿਹਾ ਜਾਏਗਾ ਗੁਰਮੁਖਿ ਕੀਮਤ ਪਾਏ ਜੀਉ॥

**ਦ੍ਰਿਸ਼ਟਾਂਤ (੩)** - ਇੱਕ ਗੁਰਮੁਖ ਸਿੱਖ 'ਭਾਈ ਮੰਝ' ਵੱਡਾ ਸ਼ਾਹੂਕਾਰ ਸੀ।ਉਸ ਦਾ 'ਸਰਵਰ ਪੀਰ' ਵਿੱਚ ਬਹੁਤ ਨਿਸ਼ਚਾ ਹੁੰਦਾ ਸੀ। ਇੱਕ ਵਾਰ

ਜੰਗਲ ਵਿੱਚ ਉਸਨੇ ਇੱਕ ਦਰਵੇਸ਼ ਨੂੰ ਗੁਰਬਾਣੀ ਦਾ ਸ਼ਬਦ ਗਾਇਣ ਕਰਦੇ ਹੋਏ ਸੁਣਿਆਂ ਜੋ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਲਈ ਅੰਮ੍ਰਿਤਸਰ ਨੂੰ ਜਾ ਰਿਹਾ ਸੀ। ਇਸ ਸ਼ਬਦ ਨੇ ਭਾਈ ਮੰਝ ਦੇ ਦਿਲ ਤੇ ਬਹੁਤ ਅਸਰ ਕੀਤਾ। ਉਸ ਨੂੰ ਵੀ ਦਰਸ਼ਨ ਕਰਨ ਦੀ ਇੱਛਾ ਪੈਦਾ ਹੋ ਗਈ। ਕੁੱਝ ਸਮੇਂ ਬਾਅਦ 'ਭਾਈ ਮੰਝ' ਸ੍ਰੀ ਅੰਮ੍ਰਿਤਸਰ ਵਿਖੇ ਪਹੁੰਚ ਗਿਆ। ਉਹ ਜਾਂਦੇ ਸਾਰ ਹੀ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ ਅਤੇ ਬੇਨਤੀ ਕੀਤੀ ਕਿ ਮੈਨੂੰ ਭੁੱਲੇ-ਭਟਕੇ ਨੂੰ ਵੀ ਸਿੱਖੀ ਦੀ ਦਾਤ ਬਖਸ਼ਿਸ਼ ਕਰੋ। ਗੁਰੂ ਸਾਹਿਬ ਜੀ ਨੇ ਕਿਹਾ ਕਿ ਭਾਈ! ਸਿੱਖੀ ਲੈਣੀ ਸੌਖੀ ਨਹੀਂ ਹੈ ਅਤੇ ਨਿਭਾਉਣੀ ਹੋਰ ਵੀ ਔਖੀ ਹੈ। ਇੱਕ ਹੋਰ ਵੀ ਗੱਲ ਹੈ ਕਿ ਤੂੰ 'ਸਰਵਰ ਪੀਰ' ਦੀ ਪੂਜਾ ਕਿਵੇਂ ਛੱਡੇਂਗਾ? ਇਹ ਸੁਣਦੇ ਸਾਰ ਹੀ ਉਹ ਕੋਈ ਵੀ ਉੱਤਰ ਦਿੱਤੇ ਬਿਨਾਂ, ਗੁਰੂ ਸਾਹਿਬ ਨੂੰ ਮੱਥਾ ਟੇਕ ਕੇ, ਘਰ ਚਲਿਆ ਗਿਆ। ਘਰ ਜਾਕੇ 'ਸਰਵਰ ਪੀਰ' ਦੀ ਕਬਰ ਨੂੰ ਢਾਹ ਦਿੱਤਾ ਜਿਸ ਕਰਕੇ ਲੋਕਾਂ ਵਿੱਚ ਬਹੁਤ ਚਰਚਾ ਹੋਈ। ਪ੍ਰੇਮ-ਖਿੱਚ ਨਾਲ ਖਿੱਚਿਆ ਹੋਇਆ ਉਹ ਫਿਰ ਸ੍ਰੀ ਅੰਮ੍ਰਿਤਸਰ ਆ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਇਆ ਅਤੇ ਕਬਰ ਢਾਹ ਦੇਣ ਦਾ ਕਿੱਸਾ, ਗੁਰੂ ਸਾਹਿਬ ਜੀ ਨੂੰ ਸੁਣਾਇਆ। ਗੁਰੂ ਜੀ ਨੇ ਉਸਨੂੰ ਸਮਝਾਇਆ ਕਿ ਭਾਈ! ਤੂੰ ਸਿੱਖ ਬਣਨ ਦਾ ਹੱਠ ਛੱਡ ਦੇ। ਸਿੱਖੀ ਨਿਭਾਉਣੀ ਬਹੁਤ ਕਠਿਨ ਹੈ ਕਿਉਂਕਿ ਤੈਥੋਂ ਸਖਤੀਆਂ ਨਹੀਂ ਸਹਾਰ ਹੋਣੀਆਂ। 'ਭਾਈ ਮੰਝ' ਹੱਥ ਜੋੜ ਕੇ ਕਹਿਣ ਲੱਗਿਆ ਕਿ ਹੇ ਸੱਚੇ ਪਾਤਸ਼ਾਹ! ਆਪ ਜੀ ਦੀ ਮਿਹਰ ਹੋ ਜਾਵੇ ਤਾਂ ਸਭ ਕੁੱਝ ਆਸਾਨ ਹੋ ਜਾਵੇਗਾ। ਤਾਂ ਗੁਰੂ ਜੀ ਨੇ ਮੁਸਕਰਾਉਂਦਿਆਂ ਹੋਇਆਂ ਗੁਰ-ਸਿੱਖੀ ਦਾ ਉਪਦੇਸ਼ ਦਿੱਤਾ ਅਤੇ ਫੁਰਮਾਇਆ ਕਿ ਜਾਹ! ਸਾਧ-ਸੰਗਤ ਦੀ ਸੇਵਾ ਕਰ। ਭਾਈ ਮੰਝ, ਸਾਧ-ਸੰਗਤ ਦੀ ਸੇਵਾ ਕਰਨ ਵਿੱਚ ਜੁੱਟ ਗਿਆ। ਇੱਕ ਸਮੇਂ ਗੁਰੂ ਜੀ ਦਾ ਹੁਕਮ ਮਿਲਣ ਤੇ ਵਾਪਸ ਘਰ ਚਲਿਆ ਗਿਆ। ਘਰ ਪਹੁੰਚਿਆਂ ਅਜੇ ਦੋ ਦਿਨ ਹੀ ਹੋਏ ਸਨ ਕਿ ਬੀਮਾਰੀ ਪੈਣ ਕਾਰਨ ਬਹੁਤ ਸਾਰੇ ਪਸ਼ੂ ਮਰ ਗਏ ਅਤੇ ਫਸਲ ਨਾ ਹੋਣ ਕਰਕੇ ਕਰਜ਼ਾ ਵੀ ਨਾ ਉਤਾਰ ਸਕਿਆ। ਲਾਚਾਰ ਹੋ ਕੇ ਮਕਾਨ ਵੇਚਣਾ

ਪਿਆ। ਹੁਣ ਰੋਜ਼ ਦਾ ਗੁਜ਼ਾਰਾ ਕਰਨ ਲਈ ਜੰਗਲ 'ਚੋਂ ਘਾਹ ਖੋਤ ਕੇ ਵੇਚਣ ਨਾਲ ਆਪਣਾ ਗੁਜ਼ਾਰਾ ਕਰਨ ਲੱਗਿਆ। ਉਸ ਥੋੜ੍ਹੀ ਕਮਾਈ ਵਿੱਚੋਂ ਚੌਥਾ ਹਿੱਸਾ, ਗੁਰੂ ਸਾਹਿਬ ਜੀ ਦੇ ਅਰਪਣ ਕਰ ਦਿੰਦਾ। ਦੀਨ-ਦੁਨੀਆਂ ਦੇ ਵਾਲੀ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਅੰਮ੍ਰਿਤਸਰ ਵਿਖੇ ਸਰੋਵਰ ਦੀ ਸੇਵਾ ਕਰਵਾ ਰਹੇ ਸਨ। ਇੱਧਰ 'ਭਾਈ ਮੰਝ' ਐਨੇਂ ਕਸ਼ਟਾਂ ਦੇ ਹੁੰਦੇ ਹੋਏ ਵੀ 'ਗੁਰੂ ਜੀ' ਨੂੰ ਕਦੀ ਮਨ ਤੋਂ ਨਹੀਂ ਵਿਸਾਰਦਾ ਸੀ।ਉੱਧਰ 'ਸਤਿਗੁਰਾਂ' ਕੋਲ ਸੇਵਾ ਦਾ ਐਨਾਂ ਕੰਮ ਹੁੰਦੇ ਹੋਏ ਵੀ ਭਾਈ ਮੰਝ ਨੂੰ ਆਪਣੇ ਮਨੋਂ ਕਦੇ ਨਹੀਂ ਸੀ ਵਿਸਾਰਿਆ।ਇੱਕ ਦਿਨ ਗੁਰੂ ਜੀ ਨੇ ਹੁਕਮਨਾਮਾ ਲਿਖਕੇ ਇੱਕ ਸਿੱਖ ਨੂੰ ਦਿੱਤਾ ਅਤੇ ਕਿਹਾ ਕਿ ਇਹ ਭਾਈ ਮੰਝ ਕੋਲ ਲੈ ਜਾਹ, ਪਹਿਲਾਂ ਇੱਕੀ 21 ਰੁਪਏ ਭੇਟਾ ਲੈਕੇ, ਤਾਂ ਹੁਕਮਨਾਮਾ 'ਭਾਈ ਮੰਝ' ਨੂੰ ਦੇਣਾ। ਉਹ ਸਿੱਖ, ਗੁਰੂ ਸਾਹਿਬ ਜੀ ਤੋਂ ਆਗਿਆ ਲੈਕੇ ਚੱਲ ਪਿਆ ਅਤੇ ਜੰਗਲ ਵਿੱਚ ਜਾਕੇ ਭਾਈ ਮੰਝ ਨੂੰ ਮਿਲਿਆ। ਦੱਸਿਆ ਕਿ ਮੈਂ ਗੁਰੂ ਜੀ ਵੱਲੋਂ ਆਇਆ ਹਾਂ। ਭਾਈ ਮੰਝ ਨੇ ਘਾਹ ਦੀ ਪੰਡ ਸਿਰ ਤੋਂ ਉਤਾਰਕੇ, ਆਏ ਸਿੱਖ ਨੂੰ ਮੱਥਾ ਟੇਕਿਆ ਅਤੇ ਘਰ ਲਿਜਾਕੇ ਉਸਦਾ ਬਹੁਤ ਆਦਰ ਸਤਿਕਾਰ ਕਰਕੇ ਪ੍ਰਸ਼ਾਦਾ ਛਕਾਇਆ। ਉਸ ਤੋਂ ਮਗਰੋਂ ਆਪਣੇ ਪਿਆਰੇ ਗੁਰੂ ਜੀ ਦਾ ਖੇਮ-ਕੁਸ਼ਲ ਪੁੱਛਿਆ। ਉਸ ਸਿੱਖ ਨੇ, ਸਾਰਾ ਹਾਲ ਸੁਣਾਇਆ ਅਤੇ ਗੁਰੂ ਜੀ ਦਾ ਹੁਕਮਨਾਮਾ ਦਿਖਾ ਕੇ ਕਿਹਾ ਕਿ ਗੁਰੂ ਜੀ ਦਾ ਹੁਕਮ ਹੈ ਕਿ 21 ਰੁਪਏ ਭੇਟਾ ਲੈਣ ਤੋਂ ਬਾਅਦ ਹੁਕਮਨਾਮਾ ਦੇਣਾ ਹੈ। 'ਭਾਈ ਮੰਝ' ਨੇ ਆਪਣੀ ਪਤਨੀ ਨਾਲ ਸਾਰੀ ਗੱਲ ਕੀਤੀ। ਉਸਦੀ ਪਤਨੀ ਨੇ ਦੱਸਿਆ ਕਿ ਇੱਕ ਦਿਨ ਪਿੰਡ ਦੀ ਸ਼ਾਹੂਕਾਰਨੀ ਨੇ ਸਾਡੀ ਧੀ ਦਾ ਰਿਸ਼ਤਾ, ਆਪਣੇ ਪੁੱਤਰ ਲਈ ਮੰਗਿਆ ਸੀ। ਜੇ ਤੁਸੀਂ ਆਗਿਆ ਦੇਵੋ ਤਾਂ ਮੈਂ ਜਾਕੇ ਰਿਸ਼ਤਾ ਪੱਕਾ ਕਰਕੇ, ਉਨ੍ਹਾਂ ਤੋਂ ਪੈਸਿਆਂ ਦਾ ਬੰਦੋਬਸਤ ਕਰਕੇ ਆਵਾਂ। ਭਾਈ ਮੰਝ ਨੇ ਮੰਨ ਲਿਆ ਤੇ ਉਸਦੀ ਪਤਨੀ ਨੇ ਧੀ ਦਾ ਰਿਸ਼ਤਾ ਪੱਕਾ ਕਰਕੇ, ਕੁੜਮਾਂ ਤੋਂ 21 ਰੁਪਏ ਉਧਾਰ ਲੈ ਲਏ। ਭਾਈ ਮੰਝ ਨੇ ਉਹ 21 ਰੁਪਏ ਸਿੱਖ ਦੇ ਅੱਗੇ ਰੱਖ ਕੇ, ਗੁਰੂ ਜੀ ਦਾ ਹੁਕਮਨਾਮਾ ਪ੍ਰਾਪਤ ਕੀਤਾ। ਉਸ ਹੁਕਮਨਾਮੇ ਵਿੱਚ ਇਹ ਸਲੋਕ ਅੰਕਿਤ ਸੀ -

**ਗੁਰ ਸਤਿਗੁਰ ਕਾ ਜੋ ਸਿਖੁ ਅਕਾਏ**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥**
**ਉਦਮੁ ਕਰੇ ਭਲਕੇ ਪਰਭਾਤੀ**
**ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ**
**ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ**
**ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥**
**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ**
**ਸੋ ਗੁਰਸਿਖੁ ਗੁਰੂ ਮਨਿ ਭਾਵੈ॥**
**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ**
**ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥** **(ਅੰਗ ੩੦੫)**

**ਅਰਥ**–ਜੋ ਆਪਣੇ ਪੂਜਨੀਕ ਸਤਿਗੁਰੂ ਦਾ ਸਿੱਖ ਕਹਾਉਂਦਾ ਹੈ, ਉਹ ਸਵੇਰੇ ਉੱਠ ਕੇ ਹਰੀ ਪ੍ਰਭੂ ਦਾ ਨਾਮ ਧਿਆਵੇ। ਸਵੇਰੇ ਉੱਠਣ ਦਾ ਉੱਦਮ ਕਰੇ ਅਤੇ ਸ੍ਰੀ ਅੰਮ੍ਰਿਤ ਸਰੋਵਰ ਦਾ ਇਸ਼ਨਾਨ ਕਰੇ ਜਾਂ ਜਿੱਥੇ ਵੀ ਹੋਵੇ ਸ੍ਰੀ ਅੰਮ੍ਰਿਤ ਸਰੋਵਰ (ਅੰਮ੍ਰਿਤਸਰ) ਦਾ ਧਿਆਨ ਕਰਕੇ ਇਸ਼ਨਾਨ ਕਰੇ। ਸਤਿਸੰਗ ਰੂਪੀ ਸਰੋਵਰ ਵਿੱਚ ਇਸ਼ਨਾਨ ਕਰਕੇ ਆਪਣੇ ਅੰਦਰ ਦੀ ਮੈਲ ਧੋਵੇ ਅਤੇ ਗੁਰੂ ਦੇ ਦਿੱਤੇ ਉਪਦੇਸ਼ ਮੁਤਾਬਿਕ, ਹਰੀ ਦਾ ਨਾਮ ਜਪੇ, ਜਿਸ ਕਰਕੇ ਕੁੱਲ ਪਾਪਾਂ ਦਾ ਦੁੱਖ ਦੂਰ ਹੋ ਜਾਵੇ। ਫਿਰ ਜਦੋਂ ਦਿਨ ਚੜ੍ਹੇ ਤਾਂ ਗੁਰਬਾਣੀ ਦਾ ਕੀਰਤਨ ਕਰੇ। ਉਠਦੇ ਬੈਠਦੇ ਹਰੀ ਦਾ ਨਾਮ ਧਿਆਵੇ। ਜੋ ਗੁਰੂ ਦਾ ਸਿੱਖ ਬੈਠਦਿਆਂ-ਉਠਦਿਆਂ, ਖਾਂਦਿਆਂ-ਪੀਂਦਿਆਂ ਹਰ ਸੁਆਸ ਦੇ ਨਾਲ ਹਰੀ ਨੂੰ ਧਿਆਉਂਦਾ ਹੈ, ਉਹ ਗੁਰਸਿੱਖ ਹੀ ਗੁਰੂ ਦੇ ਮਨ ਨੂੰ ਚੰਗਾ ਲੱਗਦਾ ਹੈ ਅਤੇ ਉਸਨੂੰ ਹੀ ਗੁਰੂ, ਆਪਣਾ ਉਪਦੇਸ਼ ਸੁਣਾਉਂਦੇ ਹਨ। ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਅਸੀਂ ਉਸ ਗੁਰਸਿੱਖ

ਦੀ ਧੂੜੀ ਚਾਹੁੰਦੇ ਹਾਂ ਜੋ ਆਪ ਹਰੀ ਦਾ ਨਾਮ ਜਪਦਾ ਹੋਵੇ ਅਤੇ ਦੂਜਿਆਂ ਨੂੰ ਜਪਾਉਂਦਾ ਹੋਵੇ।

ਇਹ ਹੁਕਮਨਾਮਾ ਦੇ ਕੇ ਉਹ ਸਿੱਖ ਗੁਰੂ ਜੀ ਦੀ ਹਜ਼ੂਰੀ ਵਿੱਚ ਆ ਪਹੁੰਚਿਆ। ਨਮਸ਼ਕਾਰ ਕਰਕੇ, ਸਾਰਾ ਹਾਲ ਸੁਣਾਇਆ ਜਿਸਨੂੰ ਸੁਣਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ। ਥੋੜੇ ਦਿਨਾਂ ਬਾਅਦ ਫਿਰ ਗੁਰੂ ਜੀ ਨੇ ਉਸੇ ਸਿੱਖ ਨੂੰ ਦੂਜਾ ਹੁਕਮਨਾਮਾ, 'ਭਾਈ ਮੰਝ' ਦੇ ਪਾਸ ਲੈ ਜਾਣ ਲਈ ਕਿਹਾ। 21 ਰੁਪਏ ਭੇਟਾ ਲੈਕੇ ਹੁਕਮਨਾਮਾ ਦੇਣ ਦੀ ਆਗਿਆ ਕੀਤੀ। ਆਏ ਸਿੱਖ ਨੂੰ ਭਾਈ ਮੰਝ ਨੇ ਬੜੇ ਪਿਆਰ ਸਤਿਕਾਰ ਨਾਲ, ਪ੍ਰਸ਼ਾਦਾ ਛਕਾਇਆ। ਸਿੱਖ ਨੇ ਹੁਕਮਨਾਮੇ ਦੀ ਗੱਲ ਕੀਤੀ ਜਿਸਨੂੰ ਸੁਣਕੇ, ਭਾਈ ਮੰਝ ਨੇ ਫਿਰ ਆਪਣੀ ਪਤਨੀ ਨਾਲ ਸਲਾਹ ਕੀਤੀ ਕਿ ਭੇਟਾ ਦੇਣ ਲਈ ਪੈਸੇ ਕਿੱਥੋਂ ਲਿਆਈਏ? ਵਾਹਿਗੁਰੂ ਦੇ ਹੁਕਮ ਅਨੁਸਾਰ ਉਨ੍ਹਾਂ ਦੀ ਲੜਕੀ ਵੀ ਗੁਜ਼ਰ ਚੁੱਕੀ ਸੀ, ਨਹੀਂ ਤਾਂ ਆਪਣੇ ਕੁੜਮਾਂ ਕੋਲੋਂ ਉਧਾਰ ਲੈ ਲੈਂਦੇ। ਉਸਦੀ ਪਤਨੀ ਨੇ ਬੇਨਤੀ ਕੀਤੀ ਕਿ ਮੈਨੂੰ ਕਿਸੇ ਭਲੇ ਪੁਰਸ਼ ਕੋਲ ਦਾਸੀ ਦੀ ਨੌਕਰੀ ਤੇ ਲਗਵਾ ਦਿਉ ਅਤੇ ਉਸਤੋਂ ਹੁਕਮਨਾਮੇ ਦੀ ਭੇਟਾ ਦੇਣ ਵਾਸਤੇ, ਪਹਿਲਾਂ ਪੈਸੇ ਲੈ ਲਵੋ। 'ਭਾਈ ਮੰਝ' ਨੇ ਇਵੇਂ ਹੀ ਕੀਤਾ। ਹੁਕਮਨਾਮੇ ਵਿੱਚ ਲਿਖਿਆ ਹੋਇਆ ਸੀ ਕਿ ਹੇ ਭਾਈ ਮੰਝ! ਇਹ ਹੁਕਮ ਪੜ੍ਹਦੇ ਸਾਰ ਹੀ ਸਾਡੇ ਕੋਲ ਚਲੇ ਆਉ। ਇਹ ਪੜ੍ਹਕੇ ਉਹ ਬਹੁਤ ਖੁਸ਼ ਹੋਇਆ ਅਤੇ ਆਏ ਹੋਏ ਸਿੱਖ ਦੇ ਨਾਲ ਉਸੇ ਸਮੇਂ ਹੀ ਤੁਰ ਪਿਆ। ਜਦੋਂ ਗੁਰੂ ਜੀ ਦੀ ਹਜ਼ੂਰੀ ਵਿੱਚ ਪਹੁੰਚਿਆ ਤਾਂ ਗੁਰੂ ਜੀ ਨੇ ਭਾਈ ਮੰਝ ਨੂੰ ਦੂਰੋਂ ਦੇਖਕੇ ਹੀ, ਆਪਣਾ ਮੂੰਹ ਮੋੜ ਲਿਆ। ਪਿਆਰ ਵਿੱਚ ਭਿੱਜਿਆ ਹੋਇਆ ਸਿੱਖ, ਨਮਸ਼ਕਾਰ ਕਰਕੇ ਦੂਜੇ ਪਾਸੇ ਵੱਲ ਆਇਆ, ਜਿੱਧਰ ਗੁਰੂ ਸਾਹਿਬ ਜੀ ਦਾ ਮੁੱਖ ਸੀ। ਨਿੰਮਰਤਾ ਭਰੀਆਂ ਅੱਖਾਂ ਨਾਲ ਗੁਰੂ ਸਾਹਿਬ ਵੱਲ ਦੇਖਣ ਲੱਗਿਆ, ਤਾਂ ਗੁਰੂ ਸਾਹਿਬ ਨੇ ਉੱਧਰ ਵੀ ਪਿੱਠ ਕਰ ਲਈ। ਗੁਰੂ ਜੀ ਦਾ ਇਹ ਭਾਣਾ ਵਰਤਾਉਣ ਦਾ ਕਾਰਨ ਇਹ ਸੀ ਕਿ ਸਾਡਾ ਪਿਆਰਾ ਸਿੱਖ ਆਪਣਾ ਸਨਮਾਨ ਦੇਖਕੇ ਕਿਤੇ ਹੰਕਾਰ ਨਾ ਕਰ ਲਵੇ ਜਿਸ ਕਰਕੇ ਸਿੱਖੀ ਦੀ ਪੂਰਨਤਾ ਤੋਂ ਵਾਂਝਾ ਨਾ ਰਹਿ ਜਾਵੇ। ਪ੍ਰੰਤੂ ਧੰਨ 'ਭਾਈ ਮੰਝ' ਜੋ ਕਿ ਰਤਾ

ਭਰ ਵੀ ਨਾ ਡੋਲੇ ਅਤੇ ਆਪਣੇ ਆਪ ਨੂੰ ਹੁਣ ਤੱਕ ਇਸ ਪਦਵੀ ਦੇ ਯੋਗ ਨਾ ਸਮਝਦਿਆਂ ਹੋਇਆਂ ਅਤੇ ਹੋਰ ਵੱਧ ਸੇਵਾ ਕਰਨ ਲਈ ਤੱਤਪਰ ਹੋ ਗਏ। ਇੱਕ ਦਿਨ ਭਾਈ ਮੰਝ ਲੰਗਰ ਵਿੱਚ ਸੇਵਾ ਕਰ ਰਹੇ ਸਨ ਤਾਂ ਇੱਕ ਸਿੱਖ ਨੇ ਆ ਕੇ ਕਿਹਾ ਕਿ ਤੁਹਾਨੂੰ ਗੁਰੂ ਸਾਹਿਬ ਜੀ ਨੇ ਯਾਦ ਕੀਤਾ ਹੈ। 'ਭਾਈ ਮੰਝ' ਹੁਕਮ ਸੁਣਦੇ ਸਾਰ ਹੀ ਗੁਰੂ ਸਾਹਿਬ ਜੀ ਦੇ ਪਾਸ ਪਹੁੰਚ ਗਏ। ਗੁਰੂ ਜੀ ਨੇ ਕੁੱਝ ਸਮਾਂ ਤਾਂ ਉਸ ਨੂੰ ਦੇਖਿਆ ਹੀ ਨਾ। ਥੋੜ੍ਹੀ ਦੇਰ ਬਾਅਦ ਗੁਰੂ ਸਾਹਿਬ ਜੀ ਨੇ ਨਜ਼ਰ ਉੱਪਰ ਕਰਕੇ ਕਿਹਾ ਕਿ ਹੇ ਭਾਈ ਮੰਝ! ਤੂੰ ਲੰਗਰ ਦੀ ਸੇਵਾ ਤਾਂ ਜ਼ਰੂਰ ਕਰਦਾ ਹੈਂ, ਸੇਵਾ ਕਰਕੇ ਜੇ ਪ੍ਰਸ਼ਾਦਾ ਪਾਣੀ ਇੱਥੋਂ ਹੀ ਛਕਣਾ ਹੈ ਤਾਂ ਫਿਰ ਤੁਹਾਡੀ ਸੇਵਾ ਕਾਹਦੀ ਹੋਈ? ਇਹ ਤਾਂ ਮਜ਼ਦੂਰੀ ਹੋਈ। ਇਸ ਬਚਨ ਦਾ ਵੀ ਭਾਈ ਮੰਝ ਨੂੰ ਕੋਈ ਗਿਲਾ ਨਾ ਹੋਇਆ ਅਤੇ ਨਮਸ਼ਕਾਰ ਕਰਕੇ ਭੁੱਲ ਬਖ਼ਸ਼ਾਈ। ਬਲਕਿ ਹੁਣ ਪਹਿਲਾਂ ਨਾਲੋਂ ਵੀ ਵੱਧ ਸਿਦਕ ਨਾਲ ਸੇਵਾ ਕਰਨ ਲੱਗ ਪਿਆ। ਆਪਣੀ ਭੁੱਖ, ਸ਼ਹਿਰ ਦੇ ਘਰਾਂ ਤੋਂ ਰੋਟੀ ਮੰਗਕੇ ਪੂਰੀ ਕਰਨ ਲੱਗਿਆ। ਇੱਕ ਦਿਨ ਜੰਗਲ ਵਿੱਚੋਂ ਲੰਗਰ ਲਈ ਲੱਕੜੀਆਂ ਲੈਕੇ ਵਾਪਸ ਆ ਰਿਹਾ ਸੀ ਤਾਂ ਬਹੁਤ ਭਾਰੀ ਤੂਫਾਨ ਆਇਆ ਫਿਰ ਵੀ ਉਹ ਨਾ ਰੁਕਿਆ। ਉਹ ਸਮਝਦਾ ਸੀ ਕਿ ਰੁਕਣ ਨਾਲ ਲੰਗਰ ਲਈ ਲੱਕੜਾਂ ਪਹੁੰਚਾਉਣ ਵਿੱਚ ਦੇਰੀ ਹੋ ਜਾਵੇਗੀ। ਹਨੇਰੀ ਇਤਨੀ ਜ਼ੋਰਦਾਰ ਸੀ ਕਿ ਰਸਤੇ ਦਾ ਕੋਈ ਪਤਾ ਨਹੀਂ ਸੀ ਲੱਗ ਰਿਹਾ। ਰਾਹ ਭੁੱਲ ਕੇ ਉਜਾੜ ਵਿੱਚ ਉਹ ਅਚਾਨਕ ਹੀ ਇੱਕ ਖੂਹ ਵਿੱਚ ਡਿੱਗ ਪਿਆ। ਖੂਹ ਵਿੱਚ ਪਾਣੀ ਬਹੁਤ ਸੀ ਪ੍ਰੰਤੂ ਭਾਈ ਸਾਹਿਬ ਜੀ ਸੰਭਲ ਕੇ ਖੜ੍ਹੇ ਹੋ ਗਏ ਕਿ ਕਿਤੇ ਲੱਕੜੀਆਂ ਪਾਣੀ ਵਿੱਚ ਡਿੱਗ ਕੇ ਭਿੱਜ ਨਾ ਜਾਣ। ਖੂਹ ਵਿੱਚ ਬਹੁਤ ਠੰਡ ਹੋਣ ਦੇ ਕਾਰਨ ਸ਼ਰੀਰ ਕੰਬ ਰਿਹਾ ਸੀ। ਸਿਰ ਚਕਰਾਉਣ ਲੱਗ ਪਿਆ ਤਾਂ ਵੀ ਲੱਕੜਾਂ ਮਜ਼ਬੂਤੀ ਨਾਲ ਫੜਕੇ ਖੜ੍ਹੇ ਰਹੇ। ਜਦੋਂ ਸਤਿਗੁਰਾਂ ਨੇ ਆਪਣੇ ਸਿੱਖ ਨੂੰ ਹਰੇਕ ਪ੍ਰੀਖਿਆ ਵਿੱਚ ਸਫ਼ਲ ਦੇਖ ਲਿਆ ਤਾਂ ਅੰਤਰਜਾਮੀ ਸਤਿਗੁਰਾਂ ਦੇ ਨੇਤਰਾਂ 'ਚੋਂ ਪਾਣੀ ਵਹਿ ਤੁਰਿਆ। ਆਪ ਇੱਕ ਦਮ ਸੰਗਤ ਵਿੱਚੋਂ ਉਠ ਕੇ ਚੱਲ ਪਏ। ਸਿੱਖਾਂ ਨੂੰ ਰੱਸਾ ਲੈ ਕੇ ਆਉਣ ਦਾ ਹੁਕਮ ਦੇਕੇ, ਆਪ ਨੰਗੇ ਪੈਰੀਂ ਉਸ ਖੂਹ ਵੱਲ ਦੌੜ ਪਏ। ਸਿੱਖ

ਵੀ ਜਲਦੀ ਹੀ ਰੱਸਾ ਲੈ ਕੇ ਪਹੁੰਚ ਗਏ। ਪਿਆਰੇ ਸਿੱਖ ਨੂੰ ਦੇਖਕੇ, ਦਿਆਲੂ ਸਤਿਗੁਰਾਂ ਦਾ ਹਿਰਦਾ ਦ੍ਰਵ ਗਿਆ। ਪੁੱਛਣ ਲੱਗੇ ਕਿ ਭਾਈ! ਖੂਹ ਵਿੱਚ ਕੋਈ ਹੈ? ਠੰਢ ਜ਼ਿਆਦਾ ਹੋਣ ਕਰਕੇ, ਭਾਈ ਸਾਹਿਬ ਪੂਰੀ ਸੁਰਤ ਵਿੱਚ ਨਹੀਂ ਸਨ ਪ੍ਰੰਤੂ ਗੁਰੂ ਜੀ ਦੀ ਅਵਾਜ਼ ਪਛਾਣ ਕੇ ਇੱਕ ਦਮ ਅੱਖਾਂ ਖੋਲ੍ਹ ਕੇ ਕਹਿਣ ਲੱਗੇ, ਸੁਆਮੀ ਜੀ! ਆਪ ਜੀ ਦੇ ਦਾਸਾਂ ਦਾ ਦਾਸ 'ਮੰਝ' ਹੈ। ਬਲਿਹਾਰ! ਬਲਿਹਾਰ! ਕਹਿ ਕੇ ਗੁਰੂ ਸਾਹਿਬਾਂ ਨੇ ਸਿੱਖਾਂ ਨੂੰ ਇਸ਼ਾਰਾ ਕੀਤਾ ਕਿ ਰੱਸੇ ਨੂੰ ਖੂਹ ਵਿੱਚ ਲਟਕਾਉ ਅਤੇ ਭਾਈ ਮੰਝ ਨੂੰ ਕਿਹਾ ਕਿ ਰੱਸੇ ਨੂੰ ਚੰਗੀ ਤਰ੍ਹਾਂ ਪਕੜ ਲਉ ਤਾਂ ਕਿ ਤੁਹਾਨੂੰ ਖੂਹ ਵਿੱਚੋਂ ਬਾਹਰ ਕੱਢ ਲਈਏ। ਭਾਈ ਮੰਝ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੂ! ਦਇਆ ਕਰਕੇ ਪਹਿਲਾਂ ਲੰਗਰ ਦੀਆਂ ਲੱਕੜਾਂ ਕੱਢਣ ਦੀ ਆਗਿਆ ਦੇਵੋ। ਗੁਰੂ ਸਾਹਿਬ ਜੀ ਨੇ ਮੁਸਕਰਾ ਕੇ ਕਿਹਾ- ਸਤਿ ਬਚਨ! ਜੈਸੀ ਤੁਹਾਡੀ ਮਰਜ਼ੀ। ਪਹਿਲਾਂ ਲੱਕੜੀਆਂ ਬਾਹਰ ਕੱਢੀਆਂ, ਪਿੱਛੋਂ ਆਪ ਬਾਹਰ ਆਏ। ਬਾਹਰ ਆਉਂਦੇ ਸਾਰ ਹੀ ਗੁਰੂ ਸਾਹਿਬ ਜੀ ਨੇ ਉਸਦੇ ਗਿੱਲੇ ਅਤੇ ਲਿੱਬੜੇ ਹੋਏ ਕੱਪੜਿਆਂ ਸਮੇਤ 'ਭਾਈ ਮੰਝ' ਨੂੰ ਆਪਣੀ ਛਾਤੀ ਨਾਲ ਲਗਾ ਲਿਆ ਅਤੇ ਕਿਹਾ ਪਿਆਰੇ ਸਿੱਖਾ ਨਿਹਾਲ! ਨਿਹਾਲ! ਨਿਹਾਲ!

ਇਸਦੇ ਨਾਲ ਹੀ 'ਭਾਈ ਮੰਝ' ਪ੍ਰਤੀ ਵਰਦਾਨ ਰੂਪੀ ਇਹ ਸ਼ਬਦ ਉਚਾਰਨ ਕੀਤਾ-

**ਮੰਝ ਪਿਆਰਾ ਗੁਰੂ ਕਾ ਗੁਰੂ ਮੰਝ ਪਿਆਰਾ।**
**ਮੰਝ ਗੁਰੂ ਕਾ ਬੋਹਿਥਾ ਜੱਗ ਲੰਘਣਹਾਰਾ।**

**ਅਰਥ**–'ਮੰਝ' ਗੁਰੂ ਦਾ ਪਿਆਰਾ ਹੈ ਅਤੇ 'ਗੁਰੂ' ਮੰਝ ਦਾ ਪਿਆਰਾ ਹੈ। 'ਮੰਝ' ਗੁਰੂ ਦਾ ਜਹਾਜ਼ ਹੈ, ਜਿਸ ਉਤੇ ਚੜ੍ਹਕੇ ਸੰਸਾਰ ਦੇ ਲੋਕ ਭਵਸਾਗਰ ਤੋਂ ਪਾਰ ਹੋਣਗੇ।

ਇਸ ਸਾਖੀ ਤੋਂ ਸਿੱਧ ਹੁੰਦਾ ਹੈ ਕਿ ਕਿਸ ਤਰ੍ਹਾਂ 'ਭਾਈ ਮੰਝ' ਨੇ ਆਪਣਾ ਤਨ, ਮਨ ਅਤੇ ਧਨ ਆਪਣੇ ਗੁਰੂ ਨੂੰ ਅਰਪਣ ਕੀਤਾ ਜਿਸ ਕਰਕੇ ਉਹ 'ਗੁਰਮੁਖਿ' ਵਾਲੀ ਉੱਤਮ ਪੱਦਵੀ ਨੂੰ ਪ੍ਰਾਪਤ ਹੋਏ।ਇਸਨੂੰ ਕਹਿੰਦੇ ਹਨ ਗੁਰਮੁਖਿ ਕੀਮਤ ਪਾਏ ਜੀਉ॥

**ਪ੍ਰਸ਼ਨ 8. ਕਿਨਿ ਬਿਧਿ ਬਾਧਾ-** ਯਾਨੀ ਕਿ ਇਹ ਜੀਵ ਕਿਸ ਪ੍ਰਕਾਰ ਜਨਮ-ਮਰਨ ਦੇ ਬੰਧਨ ਵਿੱਚ ਬੰਨ੍ਹਿਆ ਹੋਇਆ ਹੈ?

**ਉੱਤਰ-ਹਉਮੈ ਬਾਧਾ-**ਭਾਵ ਕਿ ਇਹ ਜੀਵ ਹਉਂਮੈ ਵਿੱਚ ਗ੍ਰਸਿਆ ਹੋਇਆ ਹੋਣ ਕਰਕੇ ਜਨਮ-ਮਰਨ ਦੇ ਬੰਧਨ ਵਿੱਚ ਬੰਨ੍ਹਿਆ ਹੋਇਆ ਹੈ।

**ਵਿਆਖਿਆ** -ਇਹ ਹਉਂ-ਮੈਂ ਹੀ ਹੈ, ਜੋ ਕਿ ਜੀਵ ਨੂੰ ਚੁਰਾਸੀ (84) ਲੱਖ ਜੂੰਨਾਂ ਵਿੱਚ ਭਟਕਾਉਂਦੀ ਰਹਿੰਦੀ ਹੈ। ਪ੍ਰਾਣੀ ਨੂੰ ਦੇਹ ਅਭਿਮਾਨ ਹੋਣਾ ਕਿ 'ਮੈਂ' ਹਾਂ ਯਾਨੀ ਕਿ ਆਪਣੇ ਪੰਜ ਭੌਤਿਕ ਸ਼ਰੀਰ ਅਤੇ ਮਨ, ਬੁੱਧੀ, ਚਿੱਤ ਆਦਿ ਦਾ ਹੰਕਾਰ ਕਰਨਾ ਕਿ ਇਹ ਸਭ 'ਮੈਂ' ਹੀ ਹਾਂ।ਇਸ 'ਮੈਂ' ਤੋਂ ਹੀ 'ਮੇਰਾ' ਬਣਦਾ ਹੈ।ਯਾਨੀ ਕੁਟੰਬ, ਘਰ, ਰਿਸ਼ਤੇਦਾਰ, ਮਿੱਤਰ, ਜਾਇਦਾਦ, ਧਨ-ਦੌਲਤ, ਪਦਾਰਥ, ਜਾਤੀ, ਮਜ਼੍ਹਬ, ਇਲਾਕਾ, ਦੇਸ਼ ਅਤੇ ਕੌਮ ਆਦਿ ਮੇਰੇ ਹਨ ਅਤੇ ਇਨ੍ਹਾਂ ਵਿੱਚ ਮੋਹ-ਮਮਤਾ ਦਾ ਪੈ ਜਾਣਾ। ਹਉਂਮੈ ਵਿੱਚ ਫਸੇ ਹੋਏ ਜੀਵ ਦੀ ਹਾਲਤ ਬਾਰੇ ਗੁਰੂ ਸਾਹਿਬ ਜੀ ਨੇ ਇਉਂ ਫੁਰਮਾਨ ਕੀਤਾ ਹੈ-

**ਸਲੋਕ ਮ:੧॥**
**ਹਉ ਵਿਚਿ ਆਇਆ ਹਉ ਵਿਚਿ ਗਇਆ॥**
**ਹਉ ਵਿਚਿ ਜੰਮਿਆ ਹਉ ਵਿਚਿ ਮੁਆ॥**
**ਹਉ ਵਿਚਿ ਦਿਤਾ ਹਉ ਵਿਚਿ ਲਇਆ॥**
**ਹਉ ਵਿਚਿ ਖਟਿਆ ਹਉ ਵਿਚਿ ਗਇਆ॥**
**ਹਉ ਵਿਚਿ ਸਚਿਆਰੁ ਕੂੜਿਆਰੁ॥**
**ਹਉ ਵਿਚਿ ਪਾਪ ਪੁੰਨ ਵੀਚਾਰੁ॥**
**ਹਉ ਵਿਚਿ ਨਰਕਿ ਸੁਰਗਿ ਅਵਤਾਰੁ॥**
**ਹਉ ਵਿਚਿ ਹਸੈ ਹਉ ਵਿਚਿ ਰੋਵੈ॥**
**ਹਉ ਵਿਚਿ ਭਰੀਐ ਹਉ ਵਿਚਿ ਧੋਵੈ॥**
**ਹਉ ਵਿਚਿ ਜਾਤੀ ਜਿਨਸੀ ਖੋਵੈ॥**
**ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ॥**
**ਮੋਖ ਮੁਕਤਿ ਕੀ ਸਾਰ ਨ ਜਾਣਾ॥**
**ਹਉ ਵਿਚਿ ਮਾਇਆ ਹਉ ਵਿਚਿ ਛਾਇਆ॥**

**ਹਉਮੈ ਕਰਿ ਕਰਿ ਜੰਤ ਉਪਾਇਆ॥**
**ਹਉਮੈ ਬੂਝੈ ਤਾ ਦਰੁ ਸੂਝੈ॥**
**ਗਿਆਨ ਵਿਹੂਣਾ ਕਥਿ ਕਥਿ ਲੂਝੈ॥**
**ਨਾਨਕ ਹੁਕਮੀ ਲਿਖੀਐ ਲੇਖੁ॥**
**ਜੇਹਾ ਵੇਖਹਿ ਤੇਹਾ ਵੇਖੁ॥੧॥**
**ਮਹਲਾ ੨॥**
**ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥**
**ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥**
**ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥**
**ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥**
**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥**
**ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥**
**ਨਾਨਕ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥੨॥**

**(ਅੰਗ ੪੬੬)**

ਇਨ੍ਹਾਂ ਸਲੋਕਾਂ ਦਾ ਅਰਥ ਬਹੁਤ ਹੀ ਸਰਲ ਅਤੇ ਸਪਸ਼ਟ ਹੈ ਜੋ ਕਿ ਆਸਾਨੀ ਨਾਲ ਸਮਝ ਆ ਜਾਂਦਾ ਹੈ। ਇਸ ਹੰਕਾਰ ਅਤੇ ਮੋਹ ਪ੍ਰਤੀ ਇੱਕ ਦ੍ਰਿਸ਼ਟਾਂਤ ਪ੍ਰਸਿੱਧ ਹੈ:-

**ਦ੍ਰਿਸ਼ਟਾਂਤ (੧)** - ਇੱਕ ਸੇਠ ਅਪਣੀ ਇਸਤ੍ਰੀ ਅਤੇ ਛੋਟੇ ਬੱਚੇ ਨੂੰ ਘਰ ਛੱਡ ਕੇ ਵਪਾਰ ਕਰਨ ਲਈ ਦੂਜੇ ਦੇਸ਼ ਗਿਆ। ਸੇਠ ਨੂੰ ਘਰੋਂ ਗਏ ਨੂੰ ਬਾਰ੍ਹਾਂ (12) ਸਾਲ ਹੋ ਗਏ ਸਨ। ਕਿਉਂਕਿ ਉਸ ਦੇਸ਼ ਵਿੱਚ ਵਪਾਰ ਚੰਗਾ ਚੱਲ ਪਿਆ ਤਾਂ ਲੋਭ ਵੱਸ ਹੋ ਕੇ ਉੱਥੇ ਹੀ ਮਾਇਆ ਜੋੜਨ ਲੱਗ ਪਿਆ। ਉਸਦੀ ਪਤਨੀ ਨੇ ਚਿੰਤਾਤੁਰ ਹੋ ਕੇ ਘਰ ਮੁੜਨ ਲਈ ਬਹੁਤ ਸਾਰੀਆਂ ਚਿੱਠੀਆਂ ਭੇਜੀਆਂ ਪ੍ਰੰਤੂ ਸੇਠ, ਵਪਾਰ ਵਿੱਚ ਬਹੁਤ ਲਾਭ ਹੋਣ ਕਰਕੇ, ਲੋਭ ਵਿੱਚ ਫਸਿਆ ਹੋਇਆ ਸੀ। ਘਰ ਦੀ ਯਾਦ ਆਉਣ ਤੇ ਉਹ ਸੇਠ ਕਈ ਵਾਰ ਘਰ ਚੱਲਣ ਦੀ ਤਿਆਰੀ ਕਰਦਾ ਪ੍ਰੰਤੂ ਵਪਾਰ ਦੇ ਕੰਮ ਵਿੱਚ ਬਹੁਤ ਰੁਝਿਆ ਹੋਇਆ ਹੋਣ ਕਰਕੇ ਫਿਰ ਕਈ-ਕਈ ਦਿਨ ਭੁੱਲਿਆ ਰਹਿੰਦਾ।

ਆਖਰ ਇੱਕ ਦਿਨ ਬਹੁਤ ਸਾਰਾ ਸਮਾਨ ਖ਼੍ਰੀਦਿਆ ਅਤੇ ਨੌਕਰ ਨੂੰ ਨਾਲ ਲੈ ਕੇ ਘਰ ਨੂੰ ਰਵਾਨਾ ਹੋਇਆ। ਉੱਧਰ, ਉਸ ਸੇਠ ਦਾ ਪੁੱਤਰ ਵੀ ਆਪਣੇ ਪਿਤਾ ਜੀ ਨੂੰ ਮਿਲਣ ਦੀ ਖਿੱਚ ਨਾਲ ਪਿੰਡ ਦੇ ਕੁੱਝ ਬੰਦਿਆਂ ਨੂੰ ਨਾਲ ਲੈ ਕੇ ਵਿਦੇਸ਼ ਨੂੰ ਚੱਲ ਪਿਆ। ਕੁੱਝ ਦਿਨ ਚੱਲਣ ਤੋਂ ਬਾਅਦ ਰਾਤ ਕੱਟਣ ਲਈ ਇੱਕ ਮੁਸਾਫਰਖਾਨੇ ਵਿੱਚ ਜਾ ਠਹਿਰੇ। ਅਚਾਨਕ ਹੀ ਅੱਧੀ ਰਾਤ ਵੇਲੇ ਲੜਕੇ ਦੇ ਪੇਟ ਵਿੱਚ ਦਰਦ ਹੋਇਆ ਅਤੇ ਉਹ ਉੱਚੀ ਉੱਚੀ ਰੋਣ ਲੱਗਿਆ। ਰੋਣ ਦੀ ਅਵਾਜ਼ ਨਾਲ ਉੱਥੇ ਠਹਿਰੇ ਹੋਏ ਇੱਕ ਸ਼ਾਹੂਕਾਰ ਦੀ ਨੀਂਦ ਟੁੱਟ ਗਈ ਅਤੇ ਉਹ ਪੁੱਛਣ ਲੱਗਿਆ ਕਿ ਇਹ ਕੌਣ ਰੋਂਦਾ ਹੈ? ਨਾਲ ਹੀ ਨੌਕਰਾਂ ਨੂੰ ਕਿਹਾ ਕਿ ਉਸ ਨੂੰ ਜਲਦੀ ਚੁੱਪ ਕਰਵਾ ਦੇਵੋ ਨਹੀਂ ਤਾਂ ਇੱਥੋਂ ਬਾਹਰ ਕੱਢ ਦਿਉ। ਮੁਸਾਫ਼ਰਖਾਨੇ ਦੇ ਚੌਕੀਦਾਰ ਨੇ ਸੇਠ ਨੂੰ ਇੱਕ ਵੱਡਾ ਸ਼ਾਹੂਕਾਰ ਹੋਣ ਕਰਕੇ, ਉਸ ਬੱਚੇ ਦੇ ਸਾਥੀਆਂ ਨੂੰ ਕਿਹਾ ਕਿ ਇਸ ਨੂੰ ਚੁੱਪ ਕਰਾਉ ਨਹੀਂ ਤਾਂ ਮਜਬੂਰ ਹੋ ਕੇ ਇਸ ਨੂੰ ਬਾਹਰ ਕੱਢ ਦਿੱਤਾ ਜਾਵੇਗਾ। ਚੌਕੀਦਾਰ ਦੇ ਕਹਿਣ ਤੇ ਸਾਥੀਆਂ ਨੇ ਉਸ ਨੂੰ ਬਹੁਤ ਸਮਝਾਇਆ ਪ੍ਰੰਤੂ ਦਰਦ ਨੂੰ ਕੌਣ ਰੋਕੇ? ਉਹ ਲੜਕਾ ਥੋੜ੍ਹੀ ਦੇਰ ਤੱਕ ਤਾਂ ਡਰ ਨਾਲ ਚੁੱਪ ਰਿਹਾ ਪ੍ਰੰਤੂ ਦੁਬਾਰਾ ਦਰਦ ਵਧ ਜਾਣ ਕਰਕੇ ਉਹ ਹੋਰ ਵੀ ਵੱਧ ਜ਼ੋਰ ਨਾਲ ਰੋਣ ਲੱਗਿਆ ਜਿਸ ਨਾਲ ਸੇਠ ਜੀ ਦੀ ਨੀਂਦ ਵਿੱਚ ਹੋਰ ਵੀ ਜ਼ਿਆਦਾ ਵਿਘਨ ਪੈ ਗਿਆ। ਪ੍ਰੇਸ਼ਾਨ ਹੋ ਕੇ ਸੇਠ ਨੇ ਗੁੱਸੇ ਨਾਲ ਕਿਹਾ ਕਿ ਇਸ ਲੜਕੇ ਨੂੰ ਮੁਸਾਫ਼ਰਖਾਨੇ ਵਿੱਚੋਂ ਇੱਕ ਦਮ ਬਾਹਰ ਕੱਢ ਦਿਉ। ਚੌਕੀਦਾਰ ਨੇ ਸੇਠ ਦਾ ਕਹਿਣਾ ਮੰਨ ਕੇ ਬਾਲਕ ਨੂੰ ਮੁਸਾਫ਼ਰਖਾਨੇ ਵਿੱਚੋਂ ਬਾਹਰ ਕੱਢ ਦਿੱਤਾ। ਰੱਬ ਦੀ ਕੁਦਰਤ ਐਸੀ ਹੋਈ ਕਿ ਬਹੁਤ ਜ਼ੋਰ ਨਾਲ ਬਰਸਾਤ ਪੈਣ ਲੱਗੀ ਅਤੇ ਠੰਢੀ ਹਵਾ ਚੱਲਣ ਲੱਗੀ। ਨਤੀਜਾ ਇਹ ਹੋਇਆ ਕਿ ਠੰਢ ਨਾਲ ਉਸ ਬਾਲਕ ਦੀ ਮੌਤ ਹੋ ਗਈ। ਸਵੇਰੇ ਜਦੋਂ ਲੋਕ ਉਥੋਂ ਲੰਘਣੇ ਸ਼ੁਰੂ ਹੋਏ ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਕੋਈ ਮੁਸਾਫਰ ਰਾਤ ਨੂੰ ਬਾਹਰਲੇ ਦਰਵਾਜ਼ੇ ਕੋਲ ਠਹਿਰਨ ਕਰਕੇ ਠੰਢ ਨਾਲ ਮਰ ਗਿਆ ਹੈ। ਇਹ ਸਭ ਕੁੱਝ ਦੇਖ ਸੁਣ ਕੇ ਬਹੁਤ ਸਾਰੇ ਆਦਮੀ ਉੱਥੇ ਇੱਕਠੇ ਹੋ ਗਏ। ਇਸੇ ਦੌਰਾਨ ਮੁਸਾਫ਼ਰਖਾਨੇ ਦਾ ਦਰਵਾਜ਼ਾ ਖੁਲ੍ਹਿਆ ਅਤੇ ਸੇਠ ਵੀ ਦਰਵਾਜ਼ੇ ਤੋਂ ਬਾਹਰ ਆਇਆ।

ਆਦਮੀਆਂ ਦਾ ਇੱਕਠ ਦੇਖ ਕੇ ਪੁੱਛਣ ਲੱਗਿਆ ਕਿ ਇਹ ਇਕੱਠ ਕਾਹਦਾ ਹੈ? ਤਾਂ ਉਸ ਨੂੰ ਪਤਾ ਲੱਗਿਆ ਕਿ ਜਿਸ ਬੱਚੇ ਨੂੰ ਰਾਤ ਨੂੰ ਰੋਣ ਕਰਕੇ ਬਾਹਰ ਕੱਢ ਦਿੱਤਾ ਗਿਆ ਸੀ, ਠੰਢ ਲੱਗ ਕੇ ਉਸ ਦੀ ਮੌਤ ਹੋ ਗਈ ਹੈ। ਸੇਠ ਨੇ ਪੁੱਛਿਆ ਕਿ ਇਹ ਬਾਲਕ ਕੌਣ ਅਤੇ ਕਿਸ ਦੇਸ਼ ਦਾ ਹੈ? ਲੜਕੇ ਦੇ ਸਾਥੀਆਂ ਨੇ ਉਸ ਦੀ ਜੇਬ ਵਿੱਚੋਂ ਇੱਕ ਚਿੱਠੀ ਕੱਢ ਕੇ, ਸੇਠ ਨੂੰ ਦਿੱਤੀ ਤਾਂ ਚਿੱਠੀ ਪੜ੍ਹਕੇ ਸੇਠ ਦਾ ਰੰਗ ਪੀਲਾ ਪੈ ਗਿਆ। ਸਾਰੀ ਚਿੱਠੀ ਪੜ੍ਹ ਕੇ ਉਸਨੂੰ ਪਤਾ ਲੱਗਿਆ ਕਿ ਇਹ ਤਾਂ 'ਮੇਰਾ' ਹੀ ਬੇਟਾ ਹੈ। ਮੋਹ ਭਰੇ ਇਸ ਡੂੰਗੇ ਗ਼ਮ ਅਤੇ ਦੁੱਖ ਨਾਲ ਉਸਦੇ ਮੂੰਹੋਂ ਇਹ ਸ਼ਬਦ ਨਿੱਕਲੇ ਕਿ ਹਾਏ! ਮੈਂ ਮਰ ਗਿਆ! ਹਾਏ! ਮੇਰਾ ਇੱਕੋ ਹੀ ਪੁੱਤਰ ਸੀ, ਉਹ ਵੀ ਮੇਰੀ ਗਲਤੀ ਕਰਕੇ ਹੀ ਮਰ ਗਿਆ! ਇਸ ਪ੍ਰਕਾਰ ਵਿਰਲਾਪ ਕਰਦਾ-ਕਰਦਾ ਉਹ (ਸੇਠ) ਬੇਹੋਸ਼ ਹੋ ਕੇ ਡਿੱਗ ਪਿਆ ਅਤੇ ਉਸਦਾ ਸਿਰ ਪੱਥਰ ਤੇ ਲੱਗਿਆ। ਇਉਂ ਡਿੱਗਦੇ ਸਾਰ ਹੀ ਉਸ ਸੇਠ ਦੀ ਵੀ ਮੌਤ ਹੋ ਗਈ।

ਇਸ ਘਟਨਾ ਤੋਂ ਸਪਸ਼ਟ ਹੈ ਕਿ ਜਦ ਤੱਕ ਉਸ ਦੇ ਅੰਦਰ ਮੋਹ-ਮਮਤਾ ਨਹੀਂ ਸੀ ਤਦ ਤੱਕ ਉਸ ਨੂੰ ਕਿਸੇ ਕਿਸਮ ਦਾ ਕੋਈ ਅਫਸੋਸ ਜਾਂ ਦੁੱਖ ਨਹੀਂ ਸੀ ਪ੍ਰੰਤੂ ਜਿਸ ਵਕਤ ਪਤਾ ਲੱਗਿਆ ਕਿ ਇਹ ਬਾਲਕ 'ਮੇਰਾ' ਪੁੱਤਰ ਹੈ, ਤਾਂ 'ਹਉਂ' ਅਤੇ 'ਮੈਂ' ਪੈਦਾ ਹੋ ਗਈ। ਉਸੇ ਵਕਤ ਮੋਹ ਵੱਸ ਅਤਿਅੰਤ ਦੁਖੀ ਅਤੇ ਪ੍ਰੇਸ਼ਾਨ ਹੋ ਕੇ ਪੁੱਤਰ ਦੇ ਵਿਯੋਗ ਵਿੱਚ ਸੇਠ ਨੇ ਵੀ ਪ੍ਰਾਣ ਤਿਆਗ ਦਿੱਤੇ। ਇਹ ਹੈ 'ਹਉਮੈ ਬਾਧਾ' ਯਾਨੀ ਜੀਵ ਦਾ ਹਉਮੈ ਵਿੱਚ ਬੰਨ੍ਹਿਆਂ ਜਾਣਾ। ਇਸ ਬੰਧਨ ਕਰਕੇ, ਜੀਵ ਦੁਖੀ ਹੁੰਦਾ ਹੈ ਅਤੇ ਚੌਰਾਸੀ ਦੇ ਚੱਕਰ ਵਿੱਚ ਭਟਕਦਾ ਰਹਿੰਦਾ ਹੈ।

**ਪ੍ਰਸ਼ਨ 9. ਕਿਨਿ ਬਿਧਿ ਛੂਟਾ** - ਕਿਸ ਤਰੀਕੇ ਨਾਲ ਇਹ ਜੀਵ 'ਹਉਮੈ' ਭਾਵ ਜਨਮ-ਮਰਨ ਤੋਂ ਛੁੱਟਦਾ ਹੈ?

**ਉੱਤਰ-ਗੁਰਮੁਖਿ ਛੂਟਾ**-ਭਾਵ ਗੁਰਮੁਖਿ ਹੋਣ ਨਾਲ ਹੀ ਇਹ ਜੀਵ ਹਉਮੈ ਤੋਂ ਛੁੱਟ ਸਕਦਾ ਹੈ।

**ਵਿਆਖਿਆ** - ਕੁਦਰਤ ਦਾ ਇਹ ਨਿਯਮ ਹੈ ਕਿ ਜਦੋਂ ਤੱਕ ਜੀਵ ਦੇ ਅੰਤਹਕਰਣ ਵਿੱਚ ਲੇਸ਼ ਮਾਤ੍ਰ ਵੀ ਹਉਮੈ ਹੁੰਦੀ ਹੈ ਤਾਂ ਉੱਥੇ ਹਉਮੈ ਤੋਂ ਪੈਦਾ

ਹੋਣ ਵਾਲੇ ਵਿਸ਼ੇ-ਵਿਕਾਰਾਂ, ਦਵੈਖ, ਈਰਖਾ, ਤ੍ਰਿਸ਼ਨਾ ਅਤੇ ਵਾਸ਼ਨਾ ਆਦਿ ਦਾ ਹੋਣਾ ਵੀ ਲਾਜ਼ਮੀ ਹੈ। ਉਸ ਵਿਸ਼ੇ-ਵਿਕਾਰਾਂ ਨਾਲ ਗੰਦੀ ਹੋਈ ਥਾਂ ਨੂੰ ਯਾਨੀ ਪਾਪਾਂ ਨਾਲ ਭਰੀ ਹੋਈ ਮਤਿ ਨੂੰ ਜਦੋਂ ਤੱਕ ਅਸੀਂ ਪ੍ਰਭੂ ਦਾ ਨਾਮ, ਜਪ, ਤਪ, ਸਾਧਨਾ ਰੂਪੀ ਸਾਬਣ ਨਹੀਂ ਲਾਵਾਂਗੇ ਉਦੋਂ ਤੱਕ ਉਸ ਥਾਂ ਤੇ 'ਨਾਮ ਅੰਮ੍ਰਿਤ' ਵਾਸਾ ਨਹੀਂ ਕਰਦਾ ਅਤੇ ਜਿੱਥੇ ਨਾਮ ਦਾ ਵਸੇਬਾ ਹੋਏਗਾ ਉੱਥੇ ਹਉਂਮੈ ਪੈਦਾ ਹੀ ਨਹੀਂ ਹੋ ਸਕਦੀ। ਜਿੱਥੇ ਗਿਆਨ ਰੂਪੀ ਪ੍ਰਕਾਸ਼ ਹੋਵੇ ਉਥੋਂ ਅਗਿਆਨ ਰੂਪੀ ਅੰਧੇਰੇ ਦੇ ਚਲੇ ਜਾਣ ਵਿੱਚ ਦੇਰ ਨਹੀਂ ਹੁੰਦੀ। ਗੁਰੂ ਸਾਹਿਬ ਜੀ ਨੇ ਇਉਂ ਫੁਰਮਾਇਆ ਹੈ-

**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥**

**(ਅੰਗ ੫੬੦)**

ਜਦੋਂ ਕਿਸੇ ਜੀਵ ਪ੍ਰਾਣੀ ਦਾ ਪ੍ਰਭੂ-ਨਾਮ ਸਿਮਰਣ ਕਰਕੇ ਅੰਤਹਕਰਣ ਸ਼ੁੱਧ ਹੋ ਜਾਂਦਾ ਹੈ ਤਾਂ ਗੁਰੂ ਕ੍ਰਿਪਾ ਸਦਕਾ ਨਿੰਮ੍ਰਤਾ, ਹਲੀਮੀ ਅਤੇ ਨਿਰਮਾਣਤਾ ਆਦਿ ਦੈਵੀ ਗੁਣ ਸਹਿਜੇ ਹੀ ਆ ਜਾਂਦੇ ਹਨ। ਫਿਰ ਇਹ ਜੀਵ ਨਿਮਾਣਾ ਹੋਕੇ ਗੁਰੂ ਚਰਨਾਂ ਦੀ ਸ਼ਰਣ ਲੈਂਦਾ ਹੈ ਅਤੇ ਸਹਿਜੇ ਹੀ ਹਉਂਮੈ ਦੇ ਰੋਗ ਤੋਂ ਛੁੱਟ ਜਾਂਦਾ ਹੈ। ਇਸੇ ਸਿਧਾਂਤ ਦੀ ਪ੍ਰੋੜਤਾ ਲਈ ਮਸਕੀਨੀਏਂ ਪਹਿਲਵਾਨ ਦੀ ਸਾਖੀ ਇਸ ਪ੍ਰਕਾਰ ਹੈ-

**ਦ੍ਰਿਸ਼ਟਾਂਤ (੧)** - ਇੱਕ ਸਮੇਂ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿੱਚ ਇੱਕ ਸਿੱਖ ਆਇਆ ਅਤੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ! ਕ੍ਰਿਪਾ ਕਰਕੇ ਮੈਨੂੰ ਪੂਰਨ ਗੁਰਸਿੱਖ ਦੇ ਲੱਛਣ ਦੱਸੋ? ਸਤਿਗੁਰੂ ਜੀ ਉਸਨੂੰ ਕਹਿਣ ਲੱਗੇ ਕਿ ਅਸੀਂ ਤੁਹਾਨੂੰ ਸਾਡੇ ਇੱਕ ਸਿੱਖ ਨਾਲ ਮਿਲਾ ਦਿੰਦੇ ਹਾਂ ਜਿਸਦੇ ਦਰਸ਼ਨ ਕਰਨ ਨਾਲ ਤੁਹਾਡੇ ਪ੍ਰਸ਼ਨ ਦਾ ਉੱਤਰ ਮਿਲ ਜਾਵੇਗਾ।ਇਉਂ ਇੱਕ ਚਿੱਠੀ ਦੇਕੇ ਹੁਕਮ ਕੀਤਾ ਕਿ ਲਾਹੌਰ ਸ਼ਹਿਰ ਵਿੱਚ ਸਾਡਾ ਇੱਕ ਸਿੱਖ ਰਹਿੰਦਾ ਹੈ ਜਾ ਕੇ ਇਹ ਚਿੱਠੀ ਉਸ ਨੂੰ ਦੇ ਦਿਉ। ਲਾਹੌਰ ਪਹੁੰਚਕੇ ਉਸ ਸਿੱਖ ਨੇ ਗੁਰੂ ਜੀ ਦੀ ਚਿੱਠੀ ਉਸ ਨੂੰ ਦੇ ਦਿੱਤੀ। 'ਗੁਰਮੁਖਿ' ਸਿੱਖ ਨੇ ਉਸ ਨੂੰ ਆਪਣੇ ਸਤਿਗੁਰਾਂ ਵੱਲੋਂ ਆਇਆ ਜਾਣਕੇ ਉਸਦਾ ਬਹੁਤ ਸਤਿਕਾਰ ਕੀਤਾ। ਉਸ ਤੋਂ ਬਾਅਦ 'ਗੁਰਮੁਖਿ' ਸਿੱਖ ਨੇ ਗੁਰੂ ਸਾਹਿਬ ਜੀ ਦਾ

ਫੁਰਮਾਨ, ਸਤਿਕਾਰ ਵਜੋਂ ਆਪਣੇ ਮੱਥੇ ਨਾਲ ਲਾਇਆ। ਪੜ੍ਹਨ ਨਾਲ ਪੱਤਾ ਲੱਗਿਆ ਕਿ ਪੰਜ ਸੌ ਰੁਪਏ ਭੇਟਾ ਇਸ ਸਿੱਖ ਦੇ ਹੱਥ ਭੇਜ ਦਿਉ। ਪ੍ਰੰਤੂ ਉਸ ਗਰੀਬ ਸਿੱਖ ਦੇ ਘਰ ਤਾਂ ਖਾਣ ਲਈ ਵੀ ਕੁੱਝ ਨਹੀਂ ਸੀ। ਗੁਰੂ ਜੀ ਨੇ ਤਾਂ ਸਿੱਖ ਦੀ ਪ੍ਰੀਖਿਆ ਲੈਣ ਵਾਸਤੇ ਹੀ ਇਉਂ ਕੀਤਾ ਸੀ। ਉਸ ਸਿੱਖ ਨੇ ਆਪਣੀ ਇਸਤਰੀ ਨਾਲ ਸਲਾਹ ਕੀਤੀ ਕਿ ਗੁਰੂ ਜੀ ਦੀ ਆਗਿਆ ਦਾ ਪਾਲਣ ਕਿਵੇਂ ਕੀਤਾ ਜਾਵੇ। ਅਜੇ ਸੋਚ-ਵਿਚਾਰ ਚੱਲ ਹੀ ਰਹੀ ਸੀ, ਕਿ ਇਤਫ਼ਾਕ ਨਾਲ ਪਿੰਡ ਵਿੱਚ ਇੱਕ ਢੰਡੋਰਚੀ ਇਹ ਢੰਡੋਰਾ ਦੇ ਰਿਹਾ ਸੀ ਕਿ ਅੱਜ ਸ਼ਹਿਰ ਦੇ ਬਾਦਸ਼ਾਹ ਨੇ ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਾਉਣੀਆਂ ਹਨ ਅਤੇ ਉੱਥੇ ਮਸਕੀਨੀਆਂ ਪਹਿਲਵਾਨ ਵੀ ਆਵੇਗਾ। ਜਿਹੜਾ ਉਸ ਮਸਕੀਨੀਏਂ ਪਹਿਲਵਾਨ ਨੂੰ ਜਿੱਤੇਗਾ ਉਸ ਨੂੰ ਇੱਕ ਹਜ਼ਾਰ (1000) ਰੁਪਏ ਇਨਾਮ ਦਿੱਤਾ ਜਾਵੇਗਾ ਅਤੇ ਜਿਹੜਾ ਹਾਰ ਜਾਵੇਗਾ ਉਸ ਨੂੰ ਵੀ ਪੰਜ ਸੌ (500) ਰੁਪਏ ਇਨਾਮ ਦਿੱਤਾ ਜਾਵੇਗਾ। ਇਸਦਾ ਮਤਲਬ ਇਹ ਹੈ ਕਿ ਉਹ ਬਹੁਤ ਜ਼ਬਰਦਸਤ ਪਹਿਲਵਾਨ ਸੀ, ਜਿਸ ਨੂੰ ਕੋਈ ਵੀ ਜਿੱਤ ਨਹੀਂ ਸੀ ਸਕਦਾ। ਉਹ ਐਨਾਂ ਬਲਵਾਨ ਸੀ ਕਿ ਜੋ ਕੋਈ ਵੀ ਉਸ ਨਾਲ ਕੁਸ਼ਤੀ ਲੜਦਾ, ਉਸ ਨੂੰ ਆਪਣੇ ਜ਼ੋਰ ਨਾਲ ਦਬੋਚ ਕੇ ਮਰਨ ਵਾਲਾ ਕਰ ਦਿੰਦਾ ਸੀ।

ਇਹ ਸੁਣਕੇ ਉਹ ਬਹੁਤ ਖੁਸ਼ ਹੋਇਆ ਅਤੇ ਸੋਚਣ ਲੱਗਿਆ ਕਿ ਕਿਵੇਂ ਸਤਿਗੁਰੂ ਆਪਣੇ ਸਿੱਖ ਦੇ ਘਰ ਬੈਠੇ ਦੇ ਹੀ ਕਾਰਜ ਸਵਾਰ ਦਿੰਦੇ ਹਨ। ਅਜਿਹਾ ਸੋਚ ਕੇ ਉਹ ਮੱਲ-ਅਖਾੜੇ ਵਿੱਚ ਪਹੁੰਚਿਆ। ਜਦੋਂ ਅਵਾਜ਼ ਆਈ ਕਿ ਹੈ ਕੋਈ ਜਿਹੜਾ ਮਸਕੀਨੀਏ ਪਹਿਲਵਾਨ ਨਾਲ ਕੁਸ਼ਤੀ ਕਰੇ? ਤਾਂ ਉਹ ਕਮਜ਼ੋਰ ਜਿਹਾ 'ਗੁਰਮੁਖਿ' ਸਿੱਖ ਭੀੜ'ਚੋਂ ਨਿੱਕਲ ਕੇ ਬਾਹਰ ਆ ਗਿਆ। ਉਸ ਨੂੰ ਮੈਦਾਨ ਵਿੱਚ ਖੜ੍ਹਾ ਦੇਖਕੇ ਸਭ ਲੋਕ ਕਹਿਣ ਲੱਗੇ ਬਈ ਇਹਦੇ ਤਾਂ ਅੱਜ ਦਿਨ ਪੂਰੇ ਹੋ ਗਏ ਲੱਗਦੇ ਹਨ, ਜੋ ਮਸਕੀਨੀਏ ਨਾਲ ਮੁਕਾਬਲਾ ਕਰਨ ਲਈ ਅਖਾੜੇ ਵਿੱਚ ਆਇਆ ਹੈ। ਮਸਕੀਨੀਏ ਨੂੰ ਵੀ ਉਹਦੇ ਵੱਲ ਦੇਖਕੇ ਬੜੀ ਹੈਰਾਨੀ ਹੋਈ ਕਿ ਬੜੇ-ਬੜੇ ਤਾਕਤਵਰ ਪਹਿਲਵਾਨ ਮੇਰੇ ਸਾਹਮਣੇ ਆਉਣ ਤੋਂ ਡਰਦੇ ਹਨ ਤੇ ਇਹ ਤਾਂ ਵਿਚਾਰਾ ਕਮਜ਼ੋਰ ਜਿਹਾ

ਹੈ। ਸ਼ਾਇਦ ਆਪਣੇ ਜੀਵਨ ਤੋਂ ਦੁਖੀ ਹੋਕੇ ਮਰਨਾ ਚਾਹੁੰਦਾ ਹੋਵੇ। ਮਸਕੀਨੀਏ ਨੇ ਉਸ ਤੋਂ ਹੌਲੀ ਜਿਹੀ ਅਵਾਜ਼ ਵਿੱਚ ਪੁੱਛਿਆ ਕਿ ਭਾਈ! ਤੂੰ ਆਪਣਾ ਸੱਚਾ ਹਾਲ ਦੱਸ ਬਈ ਕਿਉਂ ਤੂੰ ਆਪਣੀ ਮੌਤ ਚਾਹੁੰਦਾ ਹੈਂ? ਉਸ 'ਗੁਰਮੁਖਿ' ਸਿੱਖ ਨੇ ਪੂਰੀ ਗੱਲ ਮਸਕੀਨੀਏ ਨੂੰ ਸੁਣਾ ਦਿੱਤੀ ਕਿ ਗੁਰੂ ਜੀ ਦੀ ਆਗਿਆ ਪਾਲਣ ਕਰਨ ਲਈ ਮੈਨੂੰ ਪੰਜ ਸੌ (500) ਰੁਪਏ ਦੀ ਸਖ਼ਤ ਲੋੜ ਹੈ। ਮੈਂ ਬਹੁਤ ਗਰੀਬ ਹਾਂ ਅਤੇ ਪੰਜ ਸੌ (500) ਰੁਪਏ ਹੋਰ ਕਿੱਧਰੋਂ ਕਮਾਉਣ ਦੀ ਮੇਰੇ ਵਿੱਚ ਤਾਕਤ ਨਹੀਂ ਹੈ। ਇਸ ਕਰਕੇ, ਇਹ ਇਰਾਦਾ ਪੱਕਾ ਕਰਕੇ ਆਇਆ ਹਾਂ ਕਿ ਆਪਣੀ ਜਾਨ ਗਵਾ ਕੇ ਵੀ ਆਪਣੇ ਗੁਰੂ ਦੀ ਆਗਿਆ ਦਾ ਪਾਲਣ ਕਰਨਾ ਹੈ। ਇੱਕ ਸ਼ਰੀਰ ਦੀ ਕੀ ਗੱਲ ਹੈ ਜੇ ਅਜਿਹੇ ਲੱਖਾਂ ਸ਼ਰੀਰ ਵੀ ਹੋਣ ਤਾਂ ਵੀ ਆਪਣੇ ਗੁਰੂ ਵਾਸਤੇ ਕੁਰਬਾਨ ਕਰ ਦੇਵਾਂ। ਸਿੱਖ ਦੀ ਆਪਣੇ ਗੁਰੂ ਪ੍ਰਤੀ ਐਨੀਂ ਸ਼ਰਧਾ ਅਤੇ ਪ੍ਰੇਮ ਭਾਵਨਾ ਦੇਖਕੇ, ਮਸਕੀਨੀਏ ਦੇ ਮਨ ਅੰਦਰ ਵੀ ਪ੍ਰੇਮ ਉਤਪੰਨ ਹੋਇਆ। ਸੋਚਣ ਲੱਗਿਆ ਕਿ ਧੰਨ ਹਨ ਅਜਿਹੇ ਪੁਰਸ਼ ਜੋ ਆਪਣੇ ਜੀਵਨ ਦੀ ਵੀ ਪ੍ਰਵਾਹ ਨਾ ਕਰਦੇ ਹੋਏ, ਗੁਰੂ ਦੀ ਆਗਿਆ ਦਾ ਪਾਲਣ ਕਰਨ ਲਈ ਤੱਤਪਰ ਰਹਿੰਦੇ ਹਨ।ਤਾਂ ਮੈਂ ਵੀ ਐਸੇ ਸਤਿਗੁਰੂ ਦੇ ਦਰਸ਼ਨ ਕਰਕੇ ਨਿਹਾਲ ਹੋਵਾਂ? ਇਸ ਕਰਕੇ, ਮਸਕੀਨੀਏਂ ਨੇ ਉਸ ਸਿੱਖ ਨੂੰ ਆਖਿਆ ਕਿ ਕੁਸ਼ਤੀ ਕਰਦੇ-ਕਰਦੇ ਮੈਂ ਕਿਸੇ ਜੁਗਤੀ ਨਾਲ ਆਪਣੇ ਆਪ ਨੂੰ ਹੇਠਾਂ ਗਿਰਾ ਲਵਾਂਗਾ ਅਤੇ ਤੂੰ ਮੇਰੇ ਉੱਪਰ ਬੈਠ ਜਾਈਂ। ਇਸ ਤਰ੍ਹਾਂ ਤੇਰੀ ਜਿੱਤ ਹੋ ਜਾਏਗੀ। ਮੇਰੀ ਇੱਕ ਬੇਨਤੀ ਹੈ ਕਿ ਮੈਨੂੰ ਆਪਣੇ ਗੁਰੂ ਸਾਹਿਬ ਜੀ ਦੇ ਦਰਸ਼ਨ ਜ਼ਰੂਰ ਕਰਵਾਈਂ। ਉਸ 'ਗੁਰਮੁਖਿ' ਸਿੱਖ ਨੇ ਕਿਹਾ ਕਿ ਸਤਿਗੁਰੂ ਅੰਤਰਜਾਮੀ ਹਨ ਜੇਕਰ ਤੁਹਾਡਾ ਪ੍ਰੇਮ ਸੱਚਾ ਹੋਵੇਗਾ ਤਾਂ ਆਪੇ ਹੀ ਦਰਸ਼ਨ ਦੇ ਕੇ ਨਿਹਾਲ ਕਰਨਗੇ। ਉਸੇ ਵਕਤ ਮਸਕੀਨੀਏਂ ਨੇ ਆਪਣੇ ਮਨ ਅੰਦਰ ਹੀ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਨਮਸ਼ਕਾਰ ਕੀਤੀ, ਉਸ ਤੋਂ ਬਾਅਦ ਕੁਸ਼ਤੀ ਸ਼ੁਰੂ ਹੋ ਗਈ। ਮਸਕੀਨੀਏਂ ਪਹਿਲਵਾਨ ਨੇ ਕਿੰਨੀਆਂ ਹੀ ਬਾਜ਼ੀਆਂ ਦੇ ਬਾਅਦ ਵਿਉਂਤ ਬਣਾ ਕੇ ਆਪਣੇ ਆਪ ਨੂੰ ਹੇਠਾਂ ਗਿਰਾ ਲਿਆ।ਉਹ ਐਸੇ ਤਰੀਕੇ ਨਾਲ ਹੇਠਾਂ ਡਿੱਗਿਆ ਕਿ ਕਿਸੇ ਨੂੰ ਵੀ ਸ਼ੱਕ ਨਾ ਪਿਆ। ਉਸ ਦਾ ਧਰਤੀ ਤੇ ਡਿੱਗਣਾ ਅਤੇ ਸ੍ਰੀ ਗੁਰੂ ਅਰਜਨ

ਦੇਵ ਜੀ ਦਾ ਉਸ ਨੂੰ ਆਪਣੇ ਅੰਦਰ ਹੀ ਸਾਖਸ਼ਾਤ ਦਰਸ਼ਨ ਹੋ ਜਾਣਾ ਵਾਲੀ ਇਹ ਸਾਖੀ ਇਤਿਹਾਸ ਵਿੱਚ ਦਰਜ ਹੈ।ਗੁਰਬਾਣੀ ਵਿੱਚ ਵੀ ਫੁਰਮਾਨ ਹੈ-

**ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥**

**(ਅੰਗ ੭੨੨)**

ਭਾਵ ਕਿ ਇਹ ਜੀਵ ਆਪਣਾ ਹੰਕਾਰ ਛੱਡੇ ਤਾਂ ਪਤੀ ਪਰਮੇਸ਼ਰ ਨੂੰ ਪ੍ਰਾਪਤ ਕਰ ਲਵੇ। ਉਸ ਮਾਲਕ ਨੂੰ ਪ੍ਰਾਪਤ ਕਰਨ ਲਈ ਹੋਰ ਕੋਈ ਵੀ ਚਤੁਰਾਈ ਜਾਂ ਸਿਆਣਪ ਕੰਮ ਨਹੀਂ ਆਉਣੀ।

ਸਾਰੇ ਤਮਾਸ਼ਬੀਨ ਲੋਕ ਇਹ ਤਮਾਸ਼ਾ ਦੇਖਕੇ ਬਹੁਤ ਹੈਰਾਨ ਹੋਏ ਅਤੇ ਬਾਦਸ਼ਾਹ ਨੂੰ ਵੀ ਬਹੁਤ ਹੈਰਾਨੀ ਹੋਈ। ਬਾਦਸ਼ਾਹ ਦੇ ਹੁਕਮ ਅਨੁਸਾਰ ਉਸ 'ਗੁਰਮੁਖਿ' ਨੂੰ ਇੱਕ ਹਜ਼ਾਰ ਰੁਪਏ ਇਨਾਮ ਦਿੱਤਾ ਗਿਆ। ਉਹ ਸਿੱਖ ਬਹੁਤ ਖੁਸ਼ ਹੋ ਕੇ ਮਸਕੀਨੀਏ ਨੂੰ ਨਾਲ ਲੈ ਕੇ ਘਰ ਮੁੜ ਆਇਆ।ਗੁਰੂ ਜੀ ਵੱਲੋਂ ਆਏ ਉਸ ਸਿੱਖ ਨੂੰ ਵੀ ਨਾਲ ਲੈ ਕੇ ਤਿੰਨੋਂ ਜਣੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਰਵਾਨਾ ਹੋ ਗਏ। ਜਦੋਂ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਪਹੁੰਚੇ ਤਾਂ ਗੁਰੂ ਸਾਹਿਬ ਜੀ ਸ੍ਰੀ ਸੁਖਮਨੀ ਸਾਹਿਬ ਉਚਾਰ ਰਹੇ ਸਨ। ਗਿਆਰਾਂ (11) ਅਸ਼ਟਪਦੀਆਂ ਲਿਖ ਚੁੱਕੇ ਸਨ ਅਤੇ ਬਾਰ੍ਹਵੀਂ (12ਵੀਂ) ਅਸ਼ਟਪਦੀ ਦਾ ਉਚਾਰਣ ਕਰ ਰਹੇ ਸਨ। ਦੋਵੇਂ 'ਗੁਰਮੁਖਿ' ਸਿੱਖ ਅਤੇ ਮਸਕੀਨੀਆਂ ਪਹਿਲਵਾਨ ਗੁਰੂ ਚਰਨਾਂ ਵਿੱਚ ਪਹੁੰਚੇ ਅਤੇ ਦਰਸ਼ਨ ਕਰਕੇ, ਆਪਣੇ ਸੀਸ ਸਤਿਗੁਰਾਂ ਦੇ ਪਵਿੱਤਰ ਚਰਨਾਂ ਤੇ ਨਿਵਾਏ। ਅੰਤਰਜਾਮੀ ਗੁਰੂ ਸਾਹਿਬ ਜੀ ਉਨ੍ਹਾਂ ਨੂੰ ਦੇਖਕੇ ਬਹੁਤ ਪ੍ਰਸੰਨ ਹੋਏ ਅਤੇ ਇਹ ਸਲੋਕ ਉਚਾਰਣ ਕੀਤਾ-

**ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥**
**ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥** **(ਅੰਗ ੨੭੮)**

**ਅਰਥ**-ਭਾਵ ਜੋ ਵੀ ਮਸਕੀਨ (ਨਿਮਾਣਾ) ਹੋ ਕੇ ਰਹਿੰਦਾ ਹੈ ਉਸ ਨੂੰ ਸੱਚੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਪ੍ਰੰਤੂ ਜਿਹੜੇ ਵੱਡੇ-ਵੱਡੇ ਅਹੰਕਾਰੀ ਹਨ, ਉਹ ਹੰਕਾਰ ਦੇ ਵਿੱਚ ਹੀ ਗਲਤਾਨ ਹੋ ਕੇ ਦੁਖੀ ਹੋਏ ਰਹਿੰਦੇ ਹਨ। ਇਸ ਸਾਖੀ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਜਦ ਮਸਕੀਨੀਏ ਪਹਿਲਵਾਨ ਨੇ ਆਪਣੀ

ਨਿਰਮਾਣਤਾ ਨਾਲ ਹਉਮੈ ਛੱਡੀ ਅਤੇ 'ਗੁਰਮੁਖਿ' ਬਣਿਆ ਤਾਂ ਹੀ ਉਸ ਨੂੰ ਸੱਚੇ ਸੁੱਖ ਦੀ ਪ੍ਰਾਪਤੀ ਹੋਈ। ਐਸੇ ਹੀ ਗੁਰਮੁਖਾਂ ਨੂੰ ਹਉਮੈ ਤੋਂ ਛੁੱਟਿਆ ਹੋਇਆ ਸਮਝਣਾ ਚਾਹੀਦਾ ਹੈ।ਅਜਿਹੇ ਨਿਮਾਣੇ, ਨਿਰਹੰਕਾਰੀ ਅਤੇ ਨਿੰਮ੍ਰਤਾ ਵਾਲੇ ਪ੍ਰਾਣੀ ਲਈ ਹੀ ਗੁਰੂ ਸਾਹਿਬ ਜੀ ਨੇ ਗੁਰਮੁਖਿ ਛੂਟਾ ਕਿਹਾ ਹੈ।

**ਪ੍ਰਸ਼ਨ 10. ਕਿਨਿ ਬਿਧਿ ਆਵਣੁ ਜਾਵਣੁ ਤੂਟਾ॥** ਯਾਨੀ ਕਿਹੜੇ ਤਰੀਕੇ ਨਾਲ ਇਹ ਜੀਵ ਜੰਮਣ-ਮਰਨ ਦੇ ਦੁੱਖਾਂ ਤੋਂ ਬਚ ਸਕਦਾ ਹੈ ਭਾਵ ਕਿ ਜੀਵ ਦਾ ਆਵਾਗਉਣ ਦਾ ਬੰਧਨ ਕਿਵੇਂ ਛੁੱਟਦਾ ਹੈ?

**ਉੱਤਰ-ਗੁਰਮੁਖਿ ਆਵਣੁ ਜਾਵਣੁ ਤੂਟਾ॥** ਭਾਵ ਕਿ 'ਗੁਰਮਖਿ' ਦੀ ਅਵਸਥਾ ਪ੍ਰਾਪਤ ਕਰਨ ਨਾਲ ਹੀ ਜੀਵ ਜੰਮਣ-ਮਰਨ ਦੇ ਬੰਧਨ ਤੋਂ ਛੁੱਟ ਸਕਦਾ ਹੈ।

**ਵਿਆਖਿਆ** - ਇਸ ਸੰਸਾਰ ਵਿੱਚ ਚਾਰ ਸ਼੍ਰੇਣੀਆਂ ਦੇ ਜੀਵ ਹਨ।

(੧) ਪਾਮਰ (੨) ਵਿਸ਼ਈ (੩) ਜਗਿਆਸੂ (੪) ਮੁਕਤ।

(੧)ਪਾਮਰ - ਉਹ ਪੁਰਸ਼ ਜੋ ਸ਼ਾਸਤ੍ਰਾਂ ਵਿੱਚ ਦੱਸੇ ਹੋਏ ਯੋਗ ਕਰਮਾਂ ਦੇ ਉਲਟ ਅਯੋਗ ਕਰਮਾਂ ਵਿੱਚ ਗਲਤਾਨ ਰਹਿੰਦੇ ਹਨ, ਉਨ੍ਹਾਂ ਨੂੰ 'ਪਾਮਰ' ਕਹਿੰਦੇ ਹਨ।

(੨) ਵਿਸ਼ਈ - ਸ਼ਾਸਤ੍ਰ ਅਨੁਸਾਰ ਜਿਹੜੇ ਪੁਰਸ਼ ਇਸ ਲੋਕ ਜਾਂ ਪ੍ਰਲੋਕ ਦੇ ਭੋਗਾਂ ਦੀ ਇੱਛਾ ਰੱਖ ਕੇ ਵਿਸ਼ਿਆਂ ਵਿੱਚ ਪਰਵ੍ਰਿਤ ਹੁੰਦੇ ਹਨ, ਉਨ੍ਹਾਂ ਨੂੰ 'ਵਿਸ਼ਈ' ਕਹਿੰਦੇ ਹਨ।

(੩) ਜਗਿਆਸੂ - ਜਿਸ ਪੁਰਸ਼ ਨੂੰ ਉੱਤਮ ਸੰਸਕਾਰ ਹੋਣ ਕਰਕੇ ਧਰਮ ਸ਼ਾਸਤ੍ਰਾਂ ਦਾ ਵਿਚਾਰ ਅਤੇ ਮਹਾਂਪੁਰਖਾਂ ਦਾ ਸਤਿਸੰਗ ਪ੍ਰਾਪਤ ਹੋਇਆ ਹੋਵੇ ਅਤੇ ਇਹ ਨਿਸ਼ਚੇ ਹੋ ਚੁੱਕਿਆ ਹੋਵੇ ਕਿ ਸੰਸਾਰ ਦੇ ਵਿਸ਼ੇ-ਸੁੱਖ ਅਤੇ ਭੋਗ ਸਭ ਅਨਿੱਤ ਅਤੇ ਦੁੱਖ ਰੂਪ ਹਨ। ਜਦੋਂ ਤੱਕ ਇਸ ਸ਼ਰੀਰ ਦਾ ਅਧਿਆਸ ਨਹੀਂ ਛੁੱਟੇਗਾ ਯਾਨੀ ਜਦ ਤੱਕ ਇਹ ਜੀਵ ਸ਼ਰੀਰਕ ਮੋਹ ਮਮਤਾ ਤੋਂ ਨਹੀਂ ਛੁੱਟੇਗਾ, ਤਦ ਤੱਕ ਪਰਮਾਨੰਦ ਦੀ ਪ੍ਰਾਪਤੀ ਅਤੇ ਸੰਪੂਰਨ ਦੁੱਖਾਂ ਦੀ ਨਵਿਰਤੀ ਹੋਣਾ ਮੁਸ਼ਕਿਲ ਹੈ। ਅਜਿਹੇ ਪੁਰਸ਼ ਨੂੰ ਹੀ 'ਜਗਿਆਸੂ' ਕਿਹਾ ਜਾਂਦਾ ਹੈ। ਜਿਸ ਨੂੰ ਅਜਿਹੀ ਪਿਆਸ ਮਨ ਵਿੱਚ ਜਾਗ੍ਰਿਤ ਹੋਈ ਹੋਵੇ, ਉਹ

ਹੀ ਬ੍ਰਹਮ-ਸ੍ਰੋਤਰੀ, ਬ੍ਰਹਮ-ਨੇਸ਼ਠੀ ਅਤੇ ਬ੍ਰਹਮ ਗਿਆਨੀ ਮਹਾਂਪੁਰਖਾਂ ਦੇ ਪਵਿੱਤ੍ਰ ਸੰਗ ਅਤੇ ਸੇਵਾ ਵਿੱਚ ਪੱਕਾ ਹੋ ਕੇ ਜਦ 'ਗੁਰਮੁਖਿ' ਬਣਦਾ ਹੈ ਤਾਂ ਉਹ ਜਨਮ-ਮਰਨ ਤੋਂ ਛੁੱਟ ਜਾਂਦਾ ਹੈ।

(੪) ਮੁਕਤ - ਜਿਨ੍ਹਾਂ ਜਗਿਆਸੂ ਜਨਾਂ ਨੂੰ ਉਪਰੋਕਤ ਅਵਸਥਾ'ਚੋਂ ਗੁਜ਼ਰ ਕੇ ਆਤਮਿਕ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਉਨ੍ਹਾਂ ਦਾ ਬ੍ਰਹਮ ਦੇ ਅਨੁਭਵ ਦੁਆਰਾ ਜਨਮ-ਮਰਨ ਨਵਿਰਤ ਹੋ ਜਾਂਦਾ ਹੈ, ਉਹ ਹੀ ਮੁਕਤ ਪੁਰਸ਼ ਕਹੇ ਜਾਂਦੇ ਹਨ।

**ਦ੍ਰਿਸ਼ਟਾਂਤ (੧) –** ਨਾਰਦ ਮੁਨੀ ਸਾਰੀਆਂ ਵਿੱਦਿਆਵਾਂ ਪੜ੍ਹ ਚੁੱਕਿਆ ਸੀ ਤਾਂ ਵੀ ਗਿਆਨ ਨਾ ਹੋਣ ਕਰਕੇ ਉਸ ਨੂੰ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਸੀ। ਇਸ ਕਰਕੇ ਉਹ ਬ੍ਰਹਮਾ ਜੀ ਦੇ ਚਾਰ ਪੁੱਤਰਾਂ ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ ਕੋਲ ਆਇਆ। ਇਹ ਚਾਰੇ ਭਰਾ ਪੰਜ ਪੰਜ ਸਾਲ ਦੀ ਉਮਰ ਵਿੱਚ ਹੀ ਬ੍ਰਹਮ ਗਿਆਨੀ ਹੋਏ ਹਨ ਅਤੇ ਹਰਖ-ਸ਼ੋਕ ਆਦਿ ਦ੍ਵੰਦਾਂ ਤੋਂ ਰਹਿਤ ਸਨ। ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕ ਕੇ ਬੇਨਤੀ ਕੀਤੀ ਕਿ ਹੇ ਮਹਾਂਪੁਰਖੋ! ਕ੍ਰਿਪਾ ਕਰਕੇ, ਮੈਨੂੰ ਵੀ ਆਤਮ-ਗਿਆਨ ਦੀ ਦਾਤ ਬਖਸ਼ਿਸ਼ ਕਰੋ। ਮੈਂ ਵਿੱਦਿਆ ਤਾਂ ਬਹੁਤ ਪੜ੍ਹੀ ਹੈ ਲੇਕਿਨ ਮੈਨੂੰ ਸ਼ਾਂਤੀ ਨਹੀਂ ਮਿਲੀ। ਉਨ੍ਹਾਂ ਨੇ ਨਾਰਦ ਮੁਨੀ ਨੂੰ ਪੁੱਛਿਆ ਕਿ ਤੁਸੀਂ ਕਿਹੜੀ-ਕਿਹੜੀ ਵਿੱਦਿਆ ਪੜ੍ਹੇ ਹੋ ਅਤੇ ਇਹ ਕਿਵੇਂ ਕਹਿ ਰਹੇ ਹੋ ਕਿ ਗਿਆਨ ਦੀ ਪ੍ਰਾਪਤੀ ਨਹੀਂ ਹੋਈ? ਨਾਰਦ ਮੁਨੀ ਨੇ ਉਨ੍ਹਾਂ ਨੂੰ ਦੱਸਿਆ ਕਿ ਮੈਂ ਚਾਰੇ (4) ਵੇਦ, ਛੇ (6) ਸ਼ਾਸਤਰ, ਸਤਾਈ (27) ਸਿੰਮ੍ਰਤੀਆਂ ਅਠਾਰਾਂ (18) ਪੁਰਾਣ, ਤਾਂਤ੍ਰਿਕ, ਜੋਤਿਸ਼ ਵਿੱਦਿਆਵਾਂ ਆਦਿਕ ਸਭ ਵਿੱਦਿਆਂ ਪੜ੍ਹ ਲਈਆਂ ਹਨ ਤਾਂ ਵੀ ਮੇਰੇ ਮਨ ਵਿੱਚੋਂ ਸ਼ੋਕ ਨਹੀਂ ਜਾਂਦਾ। ਮੈਨੂੰ ਪਤਾ ਹੈ ਕਿ ਗਿਆਨੀ ਨੂੰ ਸ਼ੋਕ ਨਹੀਂ ਹੁੰਦਾ। ਇਸ ਕਰਕੇ, ਮੈਂ ਸਮਝ ਗਿਆ ਹਾਂ ਕਿ ਮੈਨੂੰ ਗਿਆਨ ਦੀ ਪ੍ਰਾਪਤੀ ਨਹੀਂ ਹੋਈ। ਉਨ੍ਹਾਂ ਮਹਾਂਪੁਰਖਾਂ ਨੇ ਨਾਰਦ ਮੁਨੀ ਨੂੰ ਉਪਦੇਸ਼ ਕੀਤਾ ਕਿ ਹੇ ਮੁਨੀਸ਼੍ਵਰ! ਅੰਤਹਕਰਣ ਦੀ ਸ਼ੁੱਧੀ ਵਾਸਤੇ ਪ੍ਰਭੂ-ਨਾਮ ਦਾ ਸਿਮਰਣ ਕਰੋ। ਇਸ ਤਰ੍ਹਾਂ ਤੁਹਾਡਾ ਹਿਰਦਾ ਸ਼ੁੱਧ ਹੋ ਜਾਵੇਗਾ ਅਤੇ ਅੰਤਹਕਰਣ ਵਿੱਚ ਨਾਮ ਦਾ ਵਾਸਾ ਹੋ ਜਾਵੇਗਾ।ਗਿਆਨ ਦਾ ਪ੍ਰਕਾਸ਼ ਹੋ ਕੇ

ਅਗਿਆਨ ਰੂਪੀ ਅੰਧੇਰਾ ਮਿਟ ਜਾਏਗਾ ਅਤੇ ਤੁਹਾਡਾ ਸ਼ੋਕ ਨਵਿਰਤ ਹੋ ਜਾਏਗਾ। ਇਉਂ ਆਤਮ-ਗਿਆਨ ਹੋ ਜਾਣ ਨਾਲ ਤੁਸੀਂ ਪਰਮਾਨੰਦ ਦੇ ਸਦੈਵੀ ਸੁੱਖ ਨੂੰ ਮਾਣੋਂਗੇ। ਇਹ ਉਪਦੇਸ਼ ਸੁਣਨ ਤੋਂ ਬਾਅਦ ਨਾਰਦ ਮੁਨੀ ਨੇ ਉਸ ਉਪਦੇਸ਼ ਦੀ ਕਮਾਈ ਕਰਕੇ ਗਿਆਨ ਦੀ ਪ੍ਰਾਪਤੀ ਅਤੇ ਮਨ ਦੀ ਸ਼ਾਂਤੀ ਹਾਸਲ ਕੀਤੀ। ਇਸ ਤੋਂ ਸਿੱਧ ਹੁੰਦਾ ਹੈ ਕਿ ਜਦ ਨਾਰਦ ਮੁਨੀ 'ਗੁਰਮੁਖਿ' ਹੋਇਆ ਤਾਂ ਹੀ ਉਸਨੂੰ ਗਿਆਨ ਦੀ ਪ੍ਰਾਪਤੀ ਹੋਈ ਅਤੇ ਆਵਾਗਉਣ ਦੇ ਚੱਕਰ ਤੋਂ ਛੁੱਟ ਗਿਆ। ਇਸ ਨੂੰ ਹੀ ਗੁਰਮਖਿ ਆਵਣੁ ਜਾਵਣੁ ਤੂਟਾ॥ ਕਿਹਾ ਜਾ ਸਕਦਾ ਹੈ।

**ਪ੍ਰਸ਼ਨ 11. ਕਉਣ ਕਰਮ**-ਯਾਨੀ ਸ੍ਰੇਸ਼ਟ ਕਰਮ ਕੌਣ ਕਰਦਾ ਹੈ?

**ਉੱਤਰ-ਗੁਰਮੁਖਿ ਕਰਮ**-ਭਾਵ 'ਗੁਰਮੁਖਿ' ਹੀ ਸ੍ਰੇਸ਼ਟ ਕਰਮ ਕਰਦਾ ਹੈ, 'ਗੁਰਮੁਖਿ' ਹੀ ਨਿਹਕਰਮਾ ਹੁੰਦਾ ਹੈ ਅਤੇ ‘ਗੁਰਮੁਖਿ’ ਹੀ ਜੋ ਕੁੱਝ ਕਥਨ ਕਰਦਾ ਹੈ, ਉਹੀ ਸ਼ੋਭਨੀਕ ਹੁੰਦਾ ਹੈ।

**ਵਿਆਖਿਆ** - ਕਰਮ ਦੀ ਗਤੀ ਬਹੁਤ ਗਹਿਨ ਹੈ। ਵੱਡੇ ਵੱਡੇ ਵਿੱਦਵਾਨ ਅਤੇ ਸਿਆਣੇ ਵੀ ਇਸ ਗਤੀ ਨੂੰ ਨਹੀਂ ਸਮਝ ਸਕਦੇ। ਕਈ ਵਾਰੀ ਅਤੀ ਸੂਝਵਾਨ ਪ੍ਰਾਣੀਆਂ ਨੂੰ ਵੀ ਪਤਾ ਨਹੀਂ ਲੱਗਦਾ ਕਿ ਕਿਸ ਸਮੇਂ, ਕਿਹੋ ਜਿਹਾ ਕਰਮ ਕਰਨਾ ਚਾਹੀਦਾ ਹੈ। ਇਸ ਵਾਸਤੇ ਸਤਿਗੁਰਾਂ ਨੇ ਸਪਸ਼ਟ ਕੀਤਾ ਹੈ ਕਿ ਜਦੋਂ ਤੱਕ ਇਹ ਜੀਵ 'ਗੁਰਮੁਖਿ' ਨਹੀਂ ਬਣਦਾ ਉਦੋਂ ਤੱਕ ਇਸ ਪ੍ਰਾਣੀ ਨੂੰ ਇਹ ਸੋਝੀ ਨਹੀਂ ਆ ਸਕਦੀ। ਕੋਈ ਕੋਈ ਕਰਮ ਅਜਿਹੇ ਹੁੰਦੇ ਹਨ ਜੋ ਪਹਿਲਾਂ ਦਿੱਸਣ ਵਿੱਚ ਤਾਂ ਚੰਗੇ ਲੱਗਦੇ ਹਨ ਪ੍ਰੰਤੂ ਉਨ੍ਹਾਂ ਦਾ ਨਤੀਜਾ ਬਹੁਤ ਬੁਰਾ ਨਿੱਕਲਦਾ ਹੈ। ਯਾਨੀ ਕਿ ਪਹਿਲਾਂ ਪ੍ਰਤੀਤ ਹੋਵੇ ਕਿ ਇਸ ਕਰਮ ਦਾ ਫਲ 'ਪੁੰਨ' ਹੋਵੇਗਾ ਪ੍ਰੰਤੂ ਨਤੀਜਾ ਇਹ ਹੋਵੇ ਕਿ ਉਸ ਕਰਮ ਦਾ ਫਲ 'ਪਾਪ' ਹੋ ਜਾਵੇ। ਇਸੇ ਤਰ੍ਹਾਂ ਕੁੱਝ ਕਰਮ ਇਹੋ ਜਿਹੇ ਵੀ ਹੁੰਦੇ ਹਨ ਜੋ ਪਹਿਲਾਂ ਦਿੱਸਣ ਵਿੱਚ ਤਾਂ ਬੁਰੇ ਲੱਗਦੇ ਹੋਣ ਪ੍ਰੰਤੂ ਉਨ੍ਹਾਂ ਕਰਮਾਂ ਦਾ ਨਤੀਜਾ ਬਹੁਤ ਚੰਗਾ ਨਿੱਕਲਦਾ ਹੋਵੇ ਯਾਨੀ ਕਿ ਪਾਪ ਦੇ ਬਦਲੇ ਪੁੰਨ ਮਿਲ ਜਾਣ। ਅਜਿਹੇ ਮੌਕੇ ਤੇ ਵਿਵੇਕਪੂਰਣ, ਉੱਤਮ ਅਤੇ ਸ੍ਰੇਸ਼ਟ ਵਿਚਾਰਾਂ ਦੀ ਲੋੜ ਹੁੰਦੀ ਹੈ। ਅਜਿਹੇ ਸ਼ੁੱਭ ਵਿਚਾਰ ਤਾਂ ਹੀ ਉਤਪੰਨ ਹੋਣਗੇ ਜੇ ਇਹ

ਜੀਵ ਗੁਰੂ ਉਪਦੇਸ਼ ਨੂੰ ਧਾਰਣ ਕਰਕੇ 'ਗੁਰਮੁਖਿ' ਬਣੇਗਾ।

**ਦ੍ਰਿਸ਼ਟਾਂਤ (੧)** - ਪਾਂਡਵ ਅਰਜਨ ਨੂੰ 'ਗਾਂਡੀਵ' ਨਾਮੀ ਧਨੁੱਸ਼, ਇੰਦਰ ਦੇਵਤੇ ਤੋਂ ਪ੍ਰਾਪਤ ਹੋਇਆ ਸੀ। ਉਸ ਨੇ ਪ੍ਰਣ ਕੀਤਾ ਹੋਇਆ ਸੀ ਕਿ ਜੇ ਕੋਈ ਮੇਰੇ ਧਨੁੱਸ਼ ਦੀ ਨਿੰਦਾ ਕਰੇਗਾ ਤਾਂ ਮੈਂ ਉਸਦਾ ਸਿਰ ਵੱਢ ਦਿਆਂਗਾ। ਦੂਜੇ ਪਾਸੇ ਯੁਧਿਸ਼ਟਰ ਦੇ ਚਾਰੇ ਭਰਾਵਾਂ ਦਾ ਇਹ ਪ੍ਰਣ ਸੀ ਕਿ ਜੇ ਕੋਈ ਸਾਡੇ ਧ੍ਰਮਾਤਮਾ ਭਰਾ ਯੁਧਿਸ਼ਟਰ ਨੂੰ ਬੇਹੋਸ਼ ਕਰੇਗਾ, ਉਸ ਨੂੰ ਅਸੀਂ ਜਾਨੋਂ ਮਾਰ ਦਿਆਂਗੇ।ਇੱਕ ਦਿਨ ਦੀ ਗੱਲ ਹੈ ਕਿ ਮਹਾਂਭਾਰਤ ਦੀ ਲੜਾਈ ਦੇ ਮੈਦਾਨ ਵਿੱਚ ਰਾਜਾ ਕਰਣ ਯੁਧਿਸ਼ਟਰ ਨੂੰ ਬੇਹੋਸ਼ ਕਰਕੇ ਆਪਣੇ ਘਰ ਲੈ ਆਇਆ ਅਤੇ ਅਰਜਨ ਵੀ ਉਥੇ ਪਹੁੰਚ ਗਿਆ। ਹੋਸ਼ ਵਿੱਚ ਆਉਂਦਿਆਂ ਹੀ ਯੁਧਿਸ਼ਟਰ ਨੇ ਅਰਜਨ ਤੋਂ ਪੁੱਛਿਆ ਕਿ ਤੂੰ ਮੇਰੇ ਦੁਸ਼ਮਣ, ਕਰਣ ਨੂੰ ਮਾਰ ਕੇ ਆਇਆ ਹੈਂ ਕਿ ਨਹੀਂ? ਅਰਜਨ ਨੇ ਜਵਾਬ ਦਿੱਤਾ, 'ਨਹੀਂ'! ਯੁਧਿਸ਼ਟਰ ਨੇ ਕਿਹਾ ਕਿ ਧਿਕਾਰ ਹੈ ਤੇਰੇ 'ਗਾਂਡੀਵ' ਧਨੁੱਸ਼ ਨੂੰ ਜੋ ਤੂੰ ਕਰਣ ਨੂੰ ਮਾਰਨ ਤੋਂ ਬਿਨਾਂ ਹੀ ਇੱਥੇ ਆ ਗਿਆ। ਯੁਧਿਸ਼ਟਰ ਦਾ ਇਹ ਕਹਿਣਾ ਹੀ ਸੀ ਤਾਂ ਅਰਜਨ ਅਪਣੇ ਧਨੁੱਸ਼ ਦੀ ਨਿੰਦਾ ਸੁਣਕੇ ਰੋਸ਼ ਵਿੱਚ ਆ ਗਿਆ। ਉਹ ਅਪਣਾ ਪ੍ਰਣ ਪੂਰਾ ਕਰਨ ਲਈ ਤਲਵਾਰ ਨਾਲ ਯੁਧਿਸ਼ਟਰ ਨੂੰ ਮਾਰਨ ਲਈ ਖੜ੍ਹਾ ਹੋ ਗਿਆ। ਉਸੇ ਵਕਤ ਸ੍ਰੀ ਕ੍ਰਿਸ਼ਨ ਭਗਵਾਨ ਨੇ ਅਰਜਨ ਨੂੰ ਕਿਹਾ ਕਿ ਅਰਜਨ ਖਬਰਦਾਰ! ਧੀਰਜ ਰੱਖ ਕੇ ਇਹ ਕੰਮ ਕਰੀਂ। ਪਹਿਲਾਂ ਵਿਚਾਰ ਕਰਕੇ ਦੇਖ ਲੈ ਕਿ ਆਪਣੇ ਪ੍ਰਣ ਨੂੰ ਪੂਰਾ ਨਾ ਕਰਨ ਦਾ ਫਲ ਕੀ ਹੋਵੇਗਾ ਅਤੇ ਆਪਣਾ ਪ੍ਰਣ ਪੂਰਾ ਕਰਨ ਲਈ ਪਿਤਾ ਬਰਾਬਰ ਅਪਣੇ ਧ੍ਰਮਾਤਮਾ ਭਰਾ ਯੁਧਿਸ਼ਟਰ ਨੂੰ ਮਾਰੇਂਗਾ ਤਾਂ ਉਸ ਕਰਮ ਦਾ ਫਲ ਕੀ ਹੋਵੇਗਾ? ਦੋਹਾਂ ਵਿਚਾਰਾਂ ਨੂੰ ਵਿਵੇਕ-ਬੁੱਧੀ ਰੂਪੀ ਤੱਕੜੀ ਵਿੱਚ ਤੋਲ ਕੇ, ਫਿਰ ਜਿਹੜਾ ਤੈਨੂੰ ਚੰਗਾ ਲੱਗੇ, ਉਹੀ ਕਰਮ ਕਰਨਾ। ਇਸ ਬਾਰੇ ਮੈਂ ਤੈਨੂੰ ਕੁੱਝ ਉਦਾਹਰਣ ਦਿੰਦਾ ਹਾਂ -

**ਦ੍ਰਿਸ਼ਟਾਂਤ (੨)** - ਇੱਕ ਪੁਰਸ਼ ਨੇ ਸੁਣਿਆ ਸੀ ਕਿ ਸੱਚ ਬੋਲਣ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਸੰਸਾਰ ਵਿੱਚ ਵਿਉਹਾਰ ਅਤੇ ਕੰਮ-ਧੰਦੇ ਕਰਦੇ ਵਕਤ ਤਾਂ ਝੂਠ ਬੋਲਣਾ ਹੀ ਪੈਂਦਾ ਹੈ। ਇਸ ਕਰਕੇ, ਉਹ ਪੁਰਸ਼ ਸੰਸਾਰੀ

ਧੰਦੇ ਛੱਡ ਕੇ ਜੰਗਲ ਵਿੱਚ ਜਾਕੇ ਤਪੱਸਿਆ ਕਰਨ ਲੱਗ ਪਿਆ ਅਤੇ ਹਮੇਸ਼ਾਂ ਸੱਚ ਬੋਲਣ ਦਾ ਪ੍ਰਣ ਕਰ ਲਿਆ। ਇੱਕ ਦਿਨ ਕੁੱਝ ਗ੍ਰਹਿਸਥੀ ਆਦਮੀ, ਪ੍ਰੀਵਾਰਾਂ ਸਮੇਤ ਤੀਰਥ ਯਾਤਰਾ ਲਈ ਚੱਲੇ। ਉਨ੍ਹਾਂ ਨੂੰ ਰਸਤੇ ਵਿੱਚ ਡਾਕੂਆਂ ਨੇ ਦੇਖ ਲਿਆ। ਉਨ੍ਹਾਂ ਯਾਤਰੂਆਂ ਨੂੰ ਵੀ ਡਾਕੂਆਂ ਦਾ ਪਤਾ ਚੱਲ ਗਿਆ। ਇਸ ਕਰਕੇ, ਉਹ ਆਪਣੇ ਆਪ ਨੂੰ ਬਚਾਉਣ ਲਈ ਤੇਜੀ ਨਾਲ ਪੈਂਡਾ ਤੈਅ ਕਰਕੇ, ਜੰਗਲ ਵਿੱਚ ਚਲੇ ਗਏ। ਉਹ, ਉੱਥੋਂ ਹੀ ਲੰਘੇ ਜਿੱਥੇ ਉਹ ਤਪੱਸਵੀ ਬੈਠਾ ਸੀ। ਉਥੋਂ ਲੰਘ ਕੇ ਉਹ ਇੱਕ ਗੁਫਾ ਵਿੱਚ ਛੁਪ ਗਏ। ਥੋੜ੍ਹੀ ਦੇਰ ਬਾਅਦ ਉਹ ਡਾਕੂ ਵੀ ਉੱਥੇ ਪਹੁੰਚ ਗਏ ਅਤੇ ਤਪੱਸਵੀ ਤੋਂ ਪੁੱਛਿਆ ਕਿ ਕੀ ਤੁਸੀਂ ਕੁੱਝ ਪ੍ਰੀਵਾਰ ਲੰਘਦੇ ਹੋਏ ਦੇਖੇ ਹਨ? ਤਪੱਸਵੀ ਨੇ ਵਿਚਾਰ ਕਰਨ ਤੋਂ ਬਿਨਾਂ ਅਤੇ ਆਪਣੇ ਪ੍ਰਣ ਨੂੰ ਪੂਰਾ ਕਰਨ ਲਈ (ਯਾਨੀ ਸੱਚ ਬੋਲਣ ਤੇ ਕਾਇਮ ਰਹਿਣ ਲਈ) ਉਨ੍ਹਾਂ ਨੂੰ ਦੱਸ ਦਿੱਤਾ ਕਿ ਹਾਂ! ਉਸ ਗੁਫਾ ਵਿੱਚ ਛੁਪੇ ਬੈਠੇ ਹਨ। ਡਾਕੂਆਂ ਨੇ ਸਾਰਿਆਂ ਨੂੰ ਮਾਰ ਕੇ, ਉਨ੍ਹਾਂ ਦਾ ਮਾਲ-ਮੱਤਾ ਲੁੱਟ ਲਿਆ। ਉਸੇ ਵਕਤ ਅਕਾਸ਼ ਬਾਣੀ ਹੋਈ ਕਿ ਹੇ ਤਪੱਸਵੀ ! ਤੂੰ ਬੜਾ ਭਾਰੀ ਕੁਕਰਮ ਕੀਤਾ ਹੈ, ਇਸ ਲਈ ਤੈਨੂੰ ਘੋਰ-ਪਾਪ ਦੇ ਫਲ ਵਜੋਂ ਨਰਕ ਦੀ ਪ੍ਰਾਪਤੀ ਹੋਵੇਗੀ। ਤਪੱਸਵੀ ਬਹੁਤ ਹੈਰਾਨ ਹੋਕੇ ਸੋਚਣ ਲੱਗਿਆ ਬਈ ਮੈਂ ਤਾਂ ਸੱਚ ਬੋਲਿਆ ਸੀ ਪ੍ਰੰਤੂ ਉਸਦਾ ਨਤੀਜਾ ਮੈਨੂੰ ਪਾਪ ਕਿਉਂ ਲੱਗਦਾ ਹੈ? ਤਾਂ ਫਿਰ ਅਕਾਸ਼ਬਾਣੀ ਹੋਈ ਕਿ ਹੇ ਪਾਪੀ! ਤੇਰੇ ਸੱਚ ਬੋਲਣ ਕਰਕੇ, ਕਿੰਨੇ ਬੇਸੂਝ ਅਤੇ ਨਿਰਦੋਸ਼ ਪ੍ਰਾਣੀਆਂ ਦੀ ਮੌਤ ਹੋਈ ਹੈ। ਜੇਕਰ ਤੂੰ ਉਨ੍ਹਾਂ ਡਾਕੂਆਂ ਨੂੰ ਨਾ ਦੱਸਦਾ ਤਾਂ ਇਹ ਸਭ ਯਾਤਰੀ ਮਰਨੋਂ ਬਚ ਜਾਂਦੇ। ਤੈਨੂੰ ਸੱਚ ਅਤੇ ਝੂਠ ਦੀ ਉਚਿਤ ਵਰਤੋਂ ਕਰਨ ਦੀ ਪੂਰੀ ਵਿਚਾਰ ਨਹੀਂ ਹੈ। ਫਿਰ ਉਸ ਤਪੱਸਵੀ ਨੇ ਉਸ ਗੁਫਾ ਵਿੱਚ ਜਾਕੇ, ਸਭ ਯਾਤਰੀਆਂ ਦਾ ਖੂਨ ਅੱਖੀਂ ਦੇਖਿਆ ਅਤੇ ਆਪਣੇ ਆਪ ਨੂੰ ਉਨ੍ਹਾਂ ਦੇ ਕਤਲ ਦਾ ਜਿੰਮੇਵਾਰ ਸਮਝ ਕੇ ਬਹੁਤ ਪਛਤਾਵਾ ਕੀਤਾ।

ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਨੂੰ ਸਮਝਾਇਆ ਕਿ ਹੇ ਅਰਜਨ! ਤੂੰ ਵੀ ਇਸੇ ਤਰੀਕੇ ਆਪਣੇ ਪ੍ਰਣ ਦੀ ਪਾਲਣਾ ਕਰਨ ਲਈ ਯੁਧਿਸ਼ਟਰ ਨੂੰ ਮਾਰਨ ਦਾ ਨਤੀਜਾ (ਘੋਰ ਪਾਪ) ਅਤੇ ਪ੍ਰਣ ਦੇ ਨਾ ਪਾਲਣ ਕਰਨ ਦਾ ਜੋ ਪਾਪ ਤੈਨੂੰ

ਲੱਗੇਗਾ, ਇਨ੍ਹਾਂ ਦੋਵੇਂ ਗੱਲਾਂ ਦਾ ਵਿਚਾਰ ਚੰਗੀ ਤਰ੍ਹਾਂ ਕਰ ਲੈ। ਫਿਰ ਤੈਨੂੰ ਜੋ ਵੀ ਚੰਗਾ ਲੱਗੇ ਸੋ ਕਰ ਲਵੀਂ। ਕਰਮ ਦੀ ਗਤੀ ਜਾਨਣੀ ਅਤੀ ਕਠਿਨ ਹੈ ਕਿਉਂਕਿ ਇਹ ਗਤੀ ਬਹੁਤ ਗਹਿਨ ਹੈ। ਇਸ ਕਰਕੇ, ਫਿਰ ਵੀ ਤੈਨੂੰ ਸਮਝਾਉਣ ਲਈ ਇੱਕ ਹੋਰ ਪ੍ਰਸੰਗ ਸੁਣਾਉਂਦਾ ਹਾਂ –

**ਦ੍ਰਿਸ਼ਟਾਂਤ (੩)** – ਗੰਗਾ ਦੇ ਕਿਨਾਰੇ ਤੇ ਇੱਕ ਆਦਮੀ ਮੱਛੀਆਂ ਫੜ ਰਿਹਾ ਸੀ। ਉਸ ਨੂੰ ਇੱਕ ਮਹਾਤਮਾ ਕਹਿਣ ਲੱਗਿਆ ਕਿ ਭਾਈ! ਏਥੇ ਤਾਂ ਕਈ ਦਿਆਲੂ ਪੁਰਸ਼ ਆਕੇ ਮੱਛੀਆਂ ਨੂੰ ਆਟੇ ਦੀਆਂ ਗੋਲੀਆਂ ਪਾਉਂਦੇ ਹਨ ਪਰ ਤੂੰ ਉਲਟਾ ਉਨ੍ਹਾਂ ਨੂੰ ਮਾਰ ਕੇ ਕੁਕਰਮ ਕਿਉਂ ਕਰ ਰਿਹਾ ਹੈਂ? ਉਸਨੇ ਕਿਹਾ ਸੰਤ ਜੀ! ਇਹ ਸਭ ਕੁੱਝ ਮੈਂ ਆਪਣਾ ਪੇਟ ਪਾਲਣ ਲਈ ਕਰਦਾ ਹਾਂ। ਮਹਾਤਮਾ ਨੇ ਕਿਹਾ ਜੇਕਰ ਤੈਨੂੰ ਪੇਟ ਭਰਨ ਲਈ ਰੋਜ਼ੀ–ਰੋਟੀ ਕਿਸੇ ਹੋਰ ਤਰੀਕੇ ਨਾਲ ਮਿਲ ਜਾਵੇ ਤਾਂ ਇਹ ਬੁਰਾ ਕੰਮ ਕਰਨਾ ਛੱਡ ਦੇਵੇਂਗਾ? ਉਸਨੇ ਕਿਹਾ ਹਾਂ! ਜੇ ਖਾਣਾ ਮਿਲ ਜਾਵੇ ਤਾਂ ਮੈਂ ਅਜਿਹਾ ਕੁਕਰਮ ਨਹੀਂ ਕਰਾਂਗਾ। ਮਹਾਤਮਾ ਨੇ ਕਿਹਾ ਕਿ ਤੂੰ ਮੇਰੇ ਆਸ਼ਰਮ ਚੱਲ, ਉਥੇ ਤੈਨੂੰ ਪੇਟ ਭਰ ਖਾਣਾ ਰੋਜ਼ਾਨਾ ਮਿਲਿਆ ਕਰੇਗਾ। ਇਉਂ ਉਹ ਆਦਮੀ, ਮਹਾਤਮਾ ਜੀ ਨਾਲ ਆਸ਼ਰਮ ਪਹੁੰਚ ਗਿਆ ਜਿੱਥੇ ਉਸ ਨੂੰ ਹਰ ਰੋਜ਼ ਪੇਟ ਭਰ ਖਾਣਾ ਮਿਲਣ ਲੱਗਿਆ। ਉਹ ਸੰਤਾਂ ਦੇ ਅਸਥਾਨ ਤੇ ਲੰਗਰ ਪਕਾਉਣ ਅਤੇ ਸਫਾਈ ਆਦਿ ਕਰਨ ਦੀ ਸੇਵਾ ਵੀ ਹਰ ਰੋਜ਼ ਕਰਨ ਲੱਗ ਪਿਆ। ਹੌਲੀ–ਹੌਲੀ ਸ਼ਰਧਾ ਵੱਧਦੀ ਗਈ ਤਾਂ ਇੱਕ ਦਿਨ ਮਹਾਤਮਾ ਜੀ ਨੂੰ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਮੈਨੂੰ ਉਪਦੇਸ਼ (ਨਾਮ) ਦਿਉ! ਮਹਾਤਮਾ ਨੇ ਕਿਹਾ ਕਿ ਭਾਈ! ਤੂੰ ਅਜੇ ਉਪਦੇਸ਼ ਦਾ ਅਧਿਕਾਰੀ ਨਹੀਂ ਹੈਂ। ਪਹਿਲਾਂ ਕੁੱਝ ਭਜਨ, ਪਾਠ, ਸਤਿਸੰਗ ਅਤੇ ਤੀਰਥ ਯਾਤਰਾ ਕਰਕੇ, ਆਪਣੇ ਹਿਰਦੇ ਦੀ ਮੈਲ ਧੋਣ ਦਾ ਯਤਨ ਕਰ, ਫਿਰ ਸਾਡੇ ਕੋਲ ਆਈਂ। ਯਾਤਰਾ ਤੇ ਜਾਣ ਤੋਂ ਪਹਿਲਾਂ ਉਸਨੇ ਮਹਾਤਮਾ ਜੀ ਤੋਂ ਪੁੱਛਿਆ ਕਿ ਮੈਂ ਕਦੋਂ ਵਾਪਿਸ ਆਵਾਂ ਅਤੇ ਕਿਵੇਂ ਸਮਝਾਂ ਕਿ ਮੇਰੇ ਪਾਪਾਂ ਦੀ ਮੈਲ ਉੱਤਰ ਗਈ ਹੈ? ਤਾਂ ਸੰਤਾਂ ਨੇ ਉਸ ਨੂੰ ਇੱਕ ਬਾਂਸ ਦੀ ਸੋਟੀ ਦਿੱਤੀ ਅਤੇ ਕਿਹਾ ਕਿ ਜਦੋਂ ਇਹ ਹਰੀ ਹੋ ਜਾਵੇ ਤਦ ਤੂੰ ਸਮਝ ਲਈਂ ਕਿ ਤੇਰੇ ਪਾਪ ਉੱਤਰ ਗਏ ਹਨ। ਫਿਰ ਤੂੰ

ਸਾਡੇ ਕੋਲ ਆਈਂ ਤਾਂ ਅਸੀਂ ਤੈਨੂੰ ਉਪਦੇਸ਼ ਦੇ ਦੇਵਾਂਗੇ। ਸੰਤਾਂ ਦੀ ਦਿੱਤੀ ਹੋਈ ਸੋਟੀ ਲੈਕੇ ਉਹ ਉਥੋਂ ਚੱਲ ਪਿਆ। ਰਸਤੇ 'ਚ ਜਾਂਦਿਆਂ ਉਸ ਨੂੰ ਜੰਗਲ ਵਿੱਚ ਇੱਕ ਪਿੰਡ ਦੇ ਬਾਹਰ ਰਾਤ ਪੈ ਗਈ। ਉਥੇ ਦੋ ਦੁਸ਼ਟ ਪੁਰਸ਼ ਵੀ ਠਹਿਰੇ ਹੋਏ ਸਨ, ਜਿਨ੍ਹਾਂ ਦੀ ਉਸ ਨੇੜਲੇ ਪਿੰਡ ਦੇ ਆਦਮੀਆਂ ਨਾਲ ਬੜੀ ਭਾਰੀ ਦੁਸ਼ਮਣੀ ਸੀ। ਉਹ ਦੋਵੇਂ ਆਪਣੇ ਆਪ ਨੂੰ ਇਕੱਲੇ ਸਮਝ ਕੇ, ਆਪਸ ਵਿੱਚ ਸਲਾਹ ਕਰਨ ਲੱਗੇ ਬਈ ਕਿਵੇਂ ਇਸ ਪਿੰਡ ਨੂੰ ਅੱਗ ਲਾਈ ਜਾਵੇ ਜਿਸ ਨਾਲ ਸਾਰਾ ਪਿੰਡ ਤਬਾਹ ਹੋ ਜਾਵੇ। ਉਸ ਆਦਮੀ ਨੇ ਜਦੋਂ ਇਹ ਗੱਲ ਸੁਣੀ ਤਾਂ ਉਸਨੇ ਵਿਚਾਰ ਕੀਤਾ ਕਿ ਇਨ੍ਹਾਂ ਦੁਸ਼ਟਾਂ ਦੇ ਇਸ ਕੁਕਰਮ ਨਾਲ, ਨਾ ਸਿਰਫ ਇਸ ਪਿੰਡ ਦੇ ਵਸਨੀਕਾਂ ਦੀ ਹੀ ਮੌਤ ਹੋਵੇਗੀ ਸਗੋਂ ਪਸ਼ੂ ਅਤੇ ਹੋਰ ਜੀਵ ਜੰਤੂ ਵੀ ਬਹੁਤ ਕਸ਼ਟ ਝੱਲਣਗੇ। ਇਹ ਸੋਚ ਕੇ ਉਸਨੇ ਆਪਣੀ ਬਾਂਸ ਦੀ ਸੋਟੀ ਨਾਲ ਉਨ੍ਹਾਂ ਤੇ ਅਚਾਨਕ ਅਜਿਹਾ ਹਮਲਾ ਕੀਤਾ ਕਿ ਦੋਹਾਂ ਨੂੰ ਕੁੱਟ ਕੁੱਟ ਕੇ ਥਾਂ ਹੀ ਮਾਰ ਦਿੱਤਾ। ਉਸ ਦੀ ਇਹ ਕਰਮ ਕਰਨ ਦੀ ਹੀ ਦੇਰ ਸੀ ਕਿ ਉਹ ਬਾਂਸ ਦੀ ਸੋਟੀ ਹਰੀ ਹੋ ਗਈ। ਇਹ ਦੇਖਕੇ ਉਹ ਬੜਾ ਪ੍ਰਸੰਨ ਹੋਇਆ ਕਿ ਹੁਣ ਮੇਰੇ ਸਾਰੇ ਪਾਪ ਉੱਤਰ ਗਏ ਹਨ। ਉਹ ਵਾਪਸ ਸੰਤ ਜੀ ਕੋਲ ਆਇਆ ਅਤੇ ਸਭ ਹਾਲ ਸੁਣਾਇਆ। ਸੰਤ ਜੀ ਸਭ ਹਾਲ ਸੁਣਕੇ ਬਹੁਤ ਪ੍ਰਸੰਨ ਹੋਏ ਅਤੇ ਉਪਦੇਸ਼ ਦੇ ਦਿਤਾ। ਇਹ ਕਰਮ ਬੇਸ਼ੱਕ ਬਾਹਰੋਂ ਦਿੱਸਣ ਵਿੱਚ ਬਿਲਕੁੱਲ ਬੁਰਾ ਪ੍ਰਤੀਤ ਹੁੰਦਾ ਹੈ ਪ੍ਰੰਤੂ ਉਸਦਾ ਫਲ ਕਿੰਨਾ ਚੰਗਾ ਹੋਇਆ। ਪਿੰਡ ਦੇ ਆਦਮੀਆਂ ਅਤੇ ਪਸ਼ੂਆਂ ਆਦਿ ਦਾ ਬਚਾਉ ਕਰਨ ਕਰਕੇ ਉਨ੍ਹਾਂ ਦੁਸ਼ਟਾਂ ਦੇ ਮਾਰਨ ਦਾ ਪਾਪ ਲੱਗਣ ਦੀ ਬਜਾਇ, ਪੁੰਨ ਪ੍ਰਾਪਤ ਹੋਇਆ। ਇਸ ਕਰਕੇ, ਇਹ ਕਰਮ ਸਫਲ ਹੋਇਆ ਅਤੇ ਸਾਰੇ ਪਾਪ ਨਸ਼ਟ ਹੋ ਗਏ।

ਸ੍ਰੀ ਕ੍ਰਿਸ਼ਨ ਭਗਵਾਨ ਨੇ ਅਰਜਨ ਨੂੰ ਇਹ ਕਥਾ ਸੁਣਾ ਕੇ ਫੁਰਮਾਇਆ ਕਿ ਹੇ ਅਰਜਨ! ਕਰਮਾਂ ਦੀ ਗਤੀ ਨੂੰ ਜਾਣਨਾ ਬਹੁਤ ਮੁਸ਼ਕਿਲ ਹੈ। ਦੇਖੋ! ਉਸ ਆਦਮੀ ਨੇ ਜੀਵ-ਹੱਤਿਆ ਕੀਤੀ ਅਤੇ ਪੁੰਨਾਂ ਦੀ ਪ੍ਰਾਪਤੀ ਹੋਈ ਜਦੋਂ ਕਿ ਇਹ ਕਰਮ ਬਾਹਰੋਂ ਦਿੱਸਣ ਵਿੱਚ ਤਾਂ ਬੁਰਾ ਹੈ ਪ੍ਰੰਤੂ ਨਤੀਜਾ ਬਹੁਤ ਚੰਗਾ ਹੈ ਕਿ ਉਹਦੇ ਸਾਰੇ ਪਾਪ ਕੱਟੇ ਗਏ। ਇਸ ਕਰਕੇ, ਤੂੰ ਭੀ ਇਹ

ਖਿਆਲ ਛੱਡ ਦੇ ਕਿ ਮੈਂ ਆਪਣੇ ਪ੍ਰਣ ਤੇ ਕਾਇਮ ਰਹਾਂ। ਵੱਡਿਆਂ ਦਾ ਨਿਰਾਦਰ ਕਰਨਾ, ਉਨ੍ਹਾਂ ਨੂੰ ਮਾਰਨ ਦੇ ਤੁੱਲ ਹੀ ਹੁੰਦਾ ਹੈ। ਇਸ ਕਰਕੇ, ਤੂੰ ਯੁਧਿਸ਼ਟਰ ਨੂੰ ਮਾਰਨ ਦਾ ਖਿਆਲ ਛੱਡ ਦੇ। ਭਗਵਾਨ ਕ੍ਰਿਸ਼ਨ ਦੇ ਇਹ ਬਚਨ, ਅਰਜਨ ਨੂੰ ਬਹੁਤ ਚੰਗੇ ਲੱਗੇ। ਉਸੇ ਸਮੇਂ ਤਲਵਾਰ ਛੱਡ ਕੇ ਯੁਧਿਸ਼ਟਰ ਦੇ ਚਰਨਾਂ ਤੇ ਡਿੱਗ ਕੇ ਆਪਣਾ ਅਪਰਾਧ ਖਿਮਾ ਕਰਵਾਇਆ। ਇਸ ਤੋਂ ਸਿੱਧ ਹੋਇਆ ਕਿ ਜਦੋਂ ਅਰਜਨ ਨੇ ਆਪਣੇ ਮਨ ਦੀ ਮਤਿ ਛੱਡੀ ਅਤੇ ਸ੍ਰੀ ਕ੍ਰਿਸ਼ਨ ਭਗਵਾਨ ਦੇ ਬਚਨ ਮੰਨਕੇ 'ਗੁਰਮੁਖਿ' ਬਣਿਆ ਤਾਂ ਉਹ ਕੁਕਰਮ ਕਰਨ ਤੋਂ ਬਚ ਗਿਆ। ਇਸ ਨੂੰ ਕਿਹਾ ਹੈ ਗੁਰਮੁਖਿ ਕਰਮ।

**ਪ੍ਰਸ਼ਨ 12. ਕਉਣ ਨਿਹਕਰਮਾ** ਯਾਨੀ ਨਿਹਕਰਮੀ ਜਾਂ ਨਿਸ਼ਕਾਮੀ ਕੌਣ ਹੁੰਦਾ ਹੈ?

**ਉੱਤਰ–ਗੁਰਮੁਖਿ ਨਿਹਕਰਮਾ** ਭਾਵ 'ਗੁਰਮੁਖਿ' ਹੀ ਨਿਹਕਰਮੀ ਹੈ। ਜਿਹੜਾ ਵੀ ਫਲ ਦੀ ਇੱਛਾ ਤੋਂ ਰਹਿਤ ਹੋ ਕੇ ਕਰਮ ਕਰੇ ਉਹੀ 'ਗੁਰਮੁਖਿ' ਹੁੰਦਾ ਹੈ ਜਾਂ ਇਉਂ ਕਹੀਏ ਕਿ 'ਗੁਰਮੁਖਿ' ਹੀ ਨਿਹਕਰਮੀ ਹੁੰਦਾ ਹੈ। ਗੁਰੂ ਸਾਹਿਬ ਜੀ ਨੇ ਸ੍ਰੀ ਸੁਖਮਨੀ ਸਾਹਿਬ ਵਿੱਚ ਫੁਰਮਾਇਆ ਹੈ–

**ਕਰਮ ਕਰਤ ਹੋਵੈ ਨਿਹਕਰਮ॥**

**ਤਿਸੁ ਬੈਸਨੋ ਕਾ ਨਿਰਮਲ ਧਰਮ॥** **(ਅੰਗ ੨੭੪)**

**ਅਰਥ**–ਜੋ ਭੀ ਪੁਰਸ਼ ਨਿਸ਼ਕਾਮ ਹੋ ਕੇ ਕਰਮ ਕਰਦਾ ਹੈ ਉਸਦਾ ਧਰਮ ਨਿਰਮਲ ਅਤੇ ਸਭ ਤੋਂ ਉੱਤਮ ਹੁੰਦਾ ਹੈ। ਜਦ ਤੱਕ ਇਹ ਜੀਵ ਇਸ ਸੰਸਾਰ ਵਿੱਚ ਹੈ, ਤਦ ਤੱਕ ਇਸ ਨੂੰ ਕਰਮ ਕਰਨੇ ਹੀ ਪੈਂਦੇ ਹਨ। ਪ੍ਰੰਤੂ ਕਰਮ ਕਰਨ ਵਿੱਚ ਫਰਕ ਹੈ। ਸਾਕਾਮ ਕਰਮ ਕਰਨ ਨਾਲ ਅਹੰਕਾਰ ਦਾ ਬੰਧਨ ਪੈਂਦਾ ਹੈ ਅਤੇ ਜੀਵ ਨੂੰ ਜਨਮ–ਮਰਨ ਦੇ ਚੱਕਰ ਵਿੱਚ ਆਉਣਾ ਪੈਂਦਾ ਹੈ–

ਬਾਣੀ ਦਾ ਫੁਰਮਾਨ ਹੈ –

**ਕਰਮ ਕਰਤ ਬਧੇ ਅਹੰਮੇਵ॥** **(ਅੰਗ ੩੨੪)**

ਅਤੇ ਨਿਸ਼ਕਾਮ ਕਰਮ ਕਰਨ ਨਾਲ ਇਸ ਜੀਵ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ਜਨਮ–ਮਰਨ ਦੀ ਨਵਿਰਤੀ ਹੋ ਜਾਂਦੀ ਹੈ

**ਯਥਾ–**

**ਸੇਵਾ ਕਰਤ ਹੋਇ ਨਿਹਕਾਮੀ॥**
**ਤਿਸ ਕਉ ਹੋਤ ਪਰਾਪਤਿ ਸੁਆਮੀ॥** (ਅੰਗ ੨੮੬)

ਵਿਵਹਾਰ ਵਿੱਚ ਭੀ ਇਸ ਤਰ੍ਹਾਂ ਦੇਖਣ ਵਿੱਚ ਆਉਂਦਾ ਹੈ। ਇੱਕ ਆਦਮੀ ਤਨਖ਼ਾਹ ਲੈ ਕੇ ਕੰਮ ਕਰਦਾ ਹੈ ਅਤੇ ਆਪਣੀ ਸੇਵਾ ਨਵਿਰਤੀ ਤੋਂ ਬਾਅਦ ਬਕਾਇਆ ਛੁੱਟੀਆਂ ਬਦਲੇ ਪੈਸਾ ਵੀ ਲੈ ਲੈਂਦਾ ਹੈ। ਪ੍ਰੰਤੂ ਜੇ ਕੋਈ ਬੰਦਾ ਕਿਸੇ ਸੇਠ ਕੋਲ ਤਨਖਾਹ ਨਾ ਵੀ ਬੰਨ੍ਹੇ ਅਤੇ ਨਿਸ਼ਕਾਮ ਸੇਵਾ ਕਰਕੇ ਅਪਣੇ ਮਾਲਕ ਸੇਠ ਨੂੰ ਖੁਸ਼ ਕਰ ਲਵੇ ਤਾਂ ਉਹ ਸੇਠ ਵੀ ਉਸ ਉਪਰ ਬਹੁਤ ਪ੍ਰਸੰਨ ਹੋ ਕੇ ਕਈ ਗੁਣਾ ਲਾਭ ਦੇ ਦਿੰਦਾ ਹੈ। ਸਾਕਾਮ ਕਰਮ ਉਸ ਖਟਾਈ ਵਾਂਗ ਹੁੰਦੇ ਹਨ ਜਿਸਨੂੰ ਖੀਰ ਵਿੱਚ ਪਾਉਣ ਨਾਲ ਸਾਰੀ ਖੀਰ ਖਰਾਬ ਹੋ ਜਾਂਦੀ ਹੈ। ਇਸੇ ਤਰੀਕੇ ਸਾਕਾਮ ਕਰਮ ਭੀ ਜੀਵ ਨੂੰ ਜਸ ਰਹਿਤ ਕਰ ਦਿੰਦੇ ਹਨ। ਨਿਸ਼ਕਾਮ ਕਰਮ ਦਾ ਫਲ ਜੀਵ ਨੂੰ ਜਨਮ-ਮਰਨ ਤੋਂ ਛੁਡਵਾ ਕੇ ਹਮੇਸ਼ਾ ਲਈ ਮੁਕਤੀ ਦਾ ਅਨੰਦ ਪ੍ਰਦਾਨ ਕਰਦਾ ਹੈ।

**ਦ੍ਰਿਸ਼ਟਾਂਤ (੧)** – ਇੱਕ ਸਮੇਂ ਦੀ ਗੱਲ ਹੈ ਕਿ ਦੋ ਰਾਜੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨ ਕਰਨ ਲਈ ਆਏ। ਉੱਥੇ ਦੋ ਮਾਲਣਾਂ, ਫੁੱਲਾਂ ਦੇ ਬਹੁਤ ਸੁੰਦਰ ਹਾਰ ਲੈ ਕੇ ਆਈਆਂ ਹੋਈਆਂ ਸਨ। ਰਾਜਿਆਂ ਦੇ ਦਰਬਾਰ ਪ੍ਰਵੇਸ਼ ਤੋਂ ਪਹਿਲਾਂ ਦੋਨਾਂ ਨੇ ਉਹ ਹਾਰ, ਦੋਹਾਂ ਰਾਜਿਆਂ ਨੂੰ ਦੇ ਦਿੱਤੇ। ਜਦ ਉਹ ਰਾਜੇ ਸ੍ਰੀ ਦਰਬਾਰ ਸਾਹਿਬ ਅੰਦਰ ਜਾ ਕੇ, ਫੁੱਲਾਂ ਦੇ ਹਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਪਣ ਕਰਕੇ ਬਾਹਰ ਆਏ ਤਾਂ ਇੱਕ ਰਾਜੇ ਨੇ ਮਾਲਣ ਨੂੰ ਪੁੱਛਿਆ ਕਿ ਦੱਸ, ਤੈਨੂੰ ਹਾਰ ਦੇ ਕਿੰਨੇ ਪੈਸੇ ਦੇਈਏ? ਉਹ ਮਾਲਣ ਸਾਕਾਮ ਬਿਰਤੀ ਵਾਲੀ ਸੀ, ਉਸਨੇ ਰਾਜੇ ਤੋਂ ਹਾਰ ਦੇ ਪੰਜ ਰੁਪਏ ਮੰਗੇ ਜੋ ਰਾਜੇ ਨੇ ਉਸ ਨੂੰ ਉਸੇ ਸਮੇਂ ਦੇ ਦਿੱਤੇ। ਦੂਜੀ ਮਾਲਣ ਜਿਸਦੀ ਬਿਰਤੀ ਨਿਸ਼ਕਾਮ ਅਤੇ ਸਬਰ ਸੰਤੋਖ ਵਾਲੀ ਸੀ, ਉਸ ਨੇ ਰਾਜੇ ਦੇ ਪੁੱਛਣ ਤੇ ਜਵਾਬ ਦਿੱਤਾ ਕਿ ਮਾਲਿਕ! ਮੈਨੂੰ ਕੁੱਝ ਵੀ ਨਹੀਂ ਚਾਹੀਦਾ, ਬੱਸ! ਆਪ ਜੈਸੇ ਮਹਾਨ ਪੁਰਸ਼ਾਂ ਦੀ ਮਿਹਰਬਾਨੀ ਚਾਹੀਦੀ ਹੈ। ਇਸ ਗੱਲ ਤੇ ਰਾਜਾ ਬਹੁਤ ਖੁਸ਼ ਹੋਇਆ। ਪ੍ਰਸੰਨ ਹੋ ਕੇ ਰਾਜੇ ਨੇ ਉਸ ਮਾਲਣ ਨੂੰ ਇੱਕ ਜਾਗੀਰ (ਜ਼ਮੀਨ ਦਾ ਲਗਾਨ ਮਾਫੀ ਵਾਲਾ ਪਟਾ) ਦੀ ਬਖਸ਼ਿਸ਼ ਕਰ ਦਿੱਤੀ। ਇਸ

ਤੋਂ ਸਿੱਧ ਹੋਇਆ ਕਿ ਵਿਵਹਾਰ ਵਿੱਚ ਨਿਸ਼ਕਾਮ ਕਰਮ ਕਰਨ ਦਾ ਫਲ ਬਹੁਤ ਸ੍ਰੇਸ਼ਟ ਹੁੰਦਾ ਹੈ।

**ਦ੍ਰਿਸ਼ਟਾਂਤ (੨) –** ਇੱਕ ਗਰੀਬ ਲੱਕੜਹਾਰਾ ਸੀ। ਉਸ ਦੇ ਘਰ ਇੱਕ ਲੂਲ੍ਹੇ-ਲੰਗੜੇ ਬੱਚੇ ਨੇ ਜਨਮ ਲਿਆ। ਇੱਕ ਸਮੇਂ ਉਸ ਨਗਰ ਵਿੱਚ ਕਾਲ ਪੈ ਗਿਆ ਤਾਂ ਉਸ ਲੱਕੜਹਾਰੇ ਨੇ ਸੋਚਿਆ ਕਿ ਸਾਡੇ ਪਾਸ ਤਾਂ ਖਾਣ ਵਾਸਤੇ ਅੰਨ ਵੀ ਪੂਰਾ ਨਹੀਂ ਹੈ ਅਤੇ ਇਹ ਬਾਲਕ ਸਾਡੇ ਕਿਸੇ ਕੰਮ ਦਾ ਵੀ ਨਹੀਂ ਹੈ, ਇਸ ਲਈ ਉਸ ਨੂੰ ਜੰਗਲ ਵਿੱਚ ਸੰਤਾਂ ਦੀ ਮੰਡਲੀ ਵਿੱਚ ਛੱਡ ਆਇਆ। ਸੰਤਾਂ ਨੂੰ ਬਾਲਕ ਤੇ ਦਇਆ ਆਈ ਅਤੇ ਉਸ ਨੂੰ ਬਚਪਨ ਤੋਂ ਹੀ ਨਿਸ਼ਕਾਮ ਕਰਮ ਕਰਨ ਦੇ ਸੰਸਕਾਰ ਪਾ ਦਿੱਤੇ। ਸੰਤਾਂ ਨੇ ਉਸ ਬਾਲਕ ਉੱਤੇ ਦਇਆ ਦ੍ਰਿਸ਼ਟੀ ਕਰਕੇ ਨਿਰਇੱਛਤ ਕਰ ਦਿੱਤਾ ਜਿਸ ਕਰਕੇ, ਉਹ ਲੂਲ੍ਹਾ-ਲੰਗੜਾ ਬਾਲਕ, ਹਮੇਸ਼ਾ ਸਿਮਰਨ-ਭਜਨ ਵਿੱਚ ਮਗਨ ਰਹਿਣ ਲੱਗਿਆ। ਜੇ ਕੋਈ ਉਸ ਨੂੰ ਕਿਸੇ ਵਸਤੂ ਦੀ ਲੋੜ ਪੁੱਛਦਾ ਤਾਂ ਉਹ ਸਭ ਨੂੰ ਇਹੀ ਕਹਿੰਦਾ ਕਿ ਮੈਨੂੰ ਕੁੱਝ ਵੀ ਨਹੀਂ ਚਾਹੀਦਾ। ਨਿਸ਼ਕਾਮ ਭਜਨ-ਬੰਦਗੀ ਦੇ ਪਰਤਾਪ ਸਦਕਾ ਉਸ ਦਾ ਮਸਤਕ ਚਮਕਦਾ ਰਹਿੰਦਾ ਸੀ। ਸਾਰੇ ਸੰਤ ਮਹਾਤਮਾ ਪ੍ਰੇਮ ਨਾਲ ਪਦਾਰਥ ਲਿਆ-ਲਿਆ ਕੇ ਉਸ ਦੇ ਅੱਗੇ ਰੱਖ ਦਿਆ ਕਰਦੇ ਸਨ ਜਦੋਂ ਕਿ ਉਹ ਕਿਸੇ ਕੋਲੋਂ ਵੀ ਕੁੱਝ ਨਹੀਂ ਸੀ ਮੰਗਦਾ। ਉਸ ਬਾਲਕ ਦੀ ਵਡਿਆਈ ਅਤੇ ਮਹਿਮਾ ਦਿਨ-ਬ-ਦਿਨ ਵੱਧਦੀ ਗਈ। ਇੱਕ ਦਿਨ ਨਾਰਦ ਮੁਨੀ ਘੁੰਮਦੇ ਫਿਰਦੇ, ਉਨ੍ਹਾਂ ਸੰਤਾਂ ਦੀ ਮੰਡਲੀ ਵਿੱਚ ਪਹੁੰਚੇ। ਸੰਤਾਂ ਕੋਲੋਂ ਬਾਲਕ ਦੀ ਮਹਿਮਾ ਸੁਣਕੇ ਉਸਦੇ ਦਰਸ਼ਨ ਕਰਨ ਗਏ ਤਾਂ ਬਾਲਕ ਨੇ ਉਸ ਨੂੰ ਦੇਵ ਰਿਸ਼ੀ ਜਾਣ ਕੇ ਸਤਿਕਾਰ ਨਾਲ ਆਸਣ ਉੱਤੇ ਬਿਠਾਇਆ ਅਤੇ ਬਹੁਤ ਪ੍ਰੇਮ ਸ਼ਰਧਾ ਸਹਿਤ ਨਮਸ਼ਕਾਰ ਕੀਤੀ। ਨਾਰਦ ਮੁਨੀ ਉਸ ਦੀ ਅਜਿਹੀ ਪ੍ਰੇਮ ਭਾਵਨਾ ਭਰੀ ਸ਼ਰਧਾ ਦੇਖ ਕੇ ਬਹੁਤ ਪ੍ਰਸੰਨ ਹੋਇਆ ਅਤੇ ਕਿਹਾ ਕਿ ਬੱਚਾ! ਤੈਨੂੰ ਜੋ ਵੀ ਚਾਹੀਦਾ ਹੈ ਮੰਗ ਲੈ। ਪ੍ਰੰਤੂ ਉਹ ਤਾਂ ਪੱਕਾ ਨਿਸ਼ਕਾਮ ਅਤੇ ਨਿਰਇੱਛਤ ਸੀ, ਇਸ ਲਈ ਉਸ ਨੇ ਕਿਹਾ ਕਿ ਮੈਨੂੰ ਕੁੱਝ ਵੀ ਨਹੀਂ ਚਾਹੀਦਾ। ਨਾਰਦ ਮੁਨੀ ਮਾਤ ਲੋਕ ਤੋਂ ਮੁੜ ਕੇ ਬ੍ਰਹਮ ਲੋਕ ਵਿੱਚ ਗਿਆ ਤਾਂ ਬ੍ਰਹਮਾ ਜੀ ਨੂੰ ਇਸ ਨਿਸ਼ਕਾਮ

(ਭਗਤ) ਬਾਲਕ ਬਾਰੇ ਦੱਸਿਆ। ਬ੍ਰਹਮਾ ਜੀ ਨੂੰ ਵੀ ਨਿਸ਼ਕਾਮ ਭਗਤ ਦੇ ਦਰਸ਼ਨ ਕਰਨ ਦੀ ਇੱਛਾ ਹੋਈ। ਉਹ ਆਪਣੀ ਇਸਤਰੀ ਸਰਸਵਤੀ ਸਮੇਤ ਤਿਆਰ ਹੋਏ। ਬ੍ਰਹਮਾ ਜੀ ਨੂੰ ਵਿਚਾਰ ਆਈ ਕਿ ਕਿਤੇ ਬਾਅਦ 'ਚ ਸ਼ਿਵ ਜੀ ਮਹਾਰਾਜ ਮੈਨੂੰ ਉਲ੍ਹਾਮਾਂ ਨਾ ਦੇਣ ਬਈ ਤੂੰ ਇਕੱਲਾ ਹੀ ਕਿਉਂ ਚਲਿਆ ਗਿਆ। ਇਹ ਦੱਸਣ ਕਰਕੇ ਸ਼ਿਵ ਜੀ ਅਤੇ ਪਾਰਬਤੀ ਵੀ ਚੱਲਣ ਲਈ ਤਿਆਰ ਹੋ ਗਏ। ਉਨ੍ਹਾਂ ਨੇ ਸਲਾਹ ਕੀਤੀ ਕਿ ਵਿਸ਼ਨੂੰ ਭਗਵਾਨ ਨੂੰ ਵੀ ਨਾਲ ਲੈ ਹੀ ਚੱਲੀਏ। ਵਿਸ਼ਨੂੰ ਜੀ ਅਤੇ ਉਨ੍ਹਾਂ ਦੀ ਪਤਨੀ ਲੱਛਮੀ ਵੀ ਚੱਲ ਪਏ। ਭਾਵ ਕਿ ਤਿੰਨੇ ਵੱਡੇ ਦੇਵਤੇ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਆਪਣੀਆਂ ਇਸਤਰੀਆਂ ਸਮੇਤ ਤੇ ਸੱਤਵੇਂ ਨਾਰਦ ਮੁਨੀ ਜੀ ਉਸ ਬਾਲਕ ਦੇ ਦਰਸ਼ਨ ਕਰਨ ਲਈ ਮਾਤ ਲੋਕ ਨੂੰ ਰਵਾਨਾ ਹੋਏ। ਮਾਤ-ਲੋਕ ਦੇ ਉਸ ਜੰਗਲ ਵਿੱਚ, ਉਸ ਬਾਲਕ ਭਗਤ ਕੋਲ ਆ ਪਹੁੰਚੇ। ਉਹ ਨਿਸ਼ਕਾਮ ਭਗਤ ਉਨ੍ਹਾਂ ਨੂੰ ਦੇਖਕੇ ਬਹੁਤ ਪ੍ਰਸੰਨ ਹੋਇਆ। ਸਾਰਿਆਂ ਦੇ ਚਰਨਾਂ ਤੇ ਮੱਥਾ ਟੇਕਿਆ ਅਤੇ ਆਸਣ ਵਿਛਾ ਕੇ ਪ੍ਰੇਮ ਸਹਿਤ ਬੈਠਣ ਲਈ ਬੇਨਤੀ ਕੀਤੀ। ਕਹਿਣ ਲੱਗਿਆ ਕਿ ਅੱਜ ਮੇਰੇ ਉੱਤਮ ਭਾਗ ਹਨ ਕਿ ਆਪ ਜੈਸੇ ਮਹਾਨ ਦੇਵਤਿਆਂ ਦੇ ਦਰਸ਼ਨ ਪ੍ਰਾਪਤ ਹੋਏ ਹਨ। ਵਿਸ਼ਨੂੰ ਭਗਵਾਨ ਬੋਲੇ ਕਿ ਅਸੀਂ ਤੇਰੇ ਪ੍ਰੇਮ, ਸ਼ਰਧਾ ਅਤੇ ਨੇਕ ਵਿਵਹਾਰ ਤੇ ਬਹੁਤ ਪ੍ਰਸੰਨ ਹੋਏ ਹਾਂ, ਸੋ ਸਾਡੇ ਕੋਲੋਂ ਕੋਈ ਵਰਦਾਨ ਮੰਗ ਲੈ। ਬਾਲਕ ਨੇ ਕਿਹਾ ਕਿ ਹੇ ਮਹਾਂ ਦੇਵੋ! ਮੈਨੂੰ ਕਿਸੇ ਵੀ ਪਦਾਰਥ ਦੀ ਚਾਹਨਾ ਨਹੀਂ ਹੈ। ਵਿਸ਼ਨੂੰ ਭਗਵਾਨ ਨੇ ਦੁਬਾਰਾ ਕੋਈ ਵਰਦਾਨ ਮੰਗਣ ਲਈ ਕਿਹਾ ਅਤੇ ਦੱਸਿਆ ਕਿ ਤੈਨੂੰ ਕੁੱਝ ਦੇਣ ਤੋਂ ਬਿਨਾਂ ਅਸੀਂ ਵਾਪਸ ਨਹੀਂ ਜਾਵਾਂਗੇ। ਤਦ ਬਾਲਕ ਹੱਥ ਜੋੜ ਕੇ ਬੇਨਤੀ ਕਰਨ ਲੱਗਿਆ ਕਿ ਮੈਂ ਸੁਣਿਆ ਹੈ ਕਿ ਸੰਤ ਮਹਾਂਪੁਰਖ ਤਾਂ ਸਭ ਨੂੰ ਨਿਸ਼ਕਾਮ ਹੋਣ ਦੀ ਸਿੱਖਿਆ ਦਿੰਦੇ ਹਨ ਅਤੇ ਤੁਸੀਂ ਮੈਨੂੰ ਕੁੱਛ ਇੱਛਾ ਕਰਨ ਲਈ ਕਹਿ ਰਹੇ ਹੋ। ਜੇਕਰ ਆਪ ਮੈਨੂੰ ਕਾਮਨਾ ਵਿੱਚ ਪ੍ਰਵਿਰਤ ਹੋਣ ਲਈ ਸਿਖਾਉਣ ਆਏ ਹੋ ਤਾਂ ਕ੍ਰਿਪਾ ਕਰਕੇ ਜਾਉ, ਫੇਰ ਕਦੇ ਮੇਰੇ ਪਾਸ ਨਾ ਆਇਓ। ਉਸ ਬਾਲਕ ਨੂੰ ਐਨਾਂ ਨਿਸ਼ਕਾਮ ਦੇਖ ਕੇ ਉਨ੍ਹਾਂ ਨੇ ਆਪਣੀ ਸ਼ਕਤੀ ਨਾਲ ਉਸ ਦੇ ਹੱਥ ਪੈਰ ਸਿੱਧੇ ਕਰ ਦਿੱਤੇ। ਉਸ ਦੀ ਸਾਰੀ

ਕਾਇਆ ਕੰਚਨ ਜੈਸੀ ਸੁੰਦਰ ਅਤੇ ਅਰੋਗ ਕਰ ਦਿੱਤੀ। ਉਸ ਤੋਂ ਬਾਅਦ ਤਿੰਨੇ ਹੀ ਦੇਵਤੇ ਆਪਣੀ-ਆਪਣੀ ਸ਼ਕਤੀ ਉਸ ਨੂੰ ਬਖਸ਼ਿਸ਼ ਕਰਕੇ ਵਾਪਿਸ ਆਪਣੇ-ਆਪਣੇ ਲੋਕ ਨੂੰ ਚਲੇ ਗਏ। ਉਹ ਨਿਸ਼ਕਾਮ ਭਗਤ (ਬਾਲਕ) ਅਜਿਹਾ ਪੂਰਨ ਸੰਤ ਅਤੇ ਨਿਸ਼ਠਾ ਵਾਲਾ ਮਹਾਨ ਵਿੱਦਵਾਨ ਹੋਇਆ, ਜਿਸ ਦਾ ਸੰਗ ਕਰਕੇ ਕਿੰਨੇ ਹੋਰ ਲੋਕ ਵੀ ਤਰ ਗਏ। ਜਿਵੇਂ ਕਿ ਸ੍ਰੀ ਸੁਖਮਨੀ ਸਾਹਿਬ ਵਿੱਚ ਕਿਹਾ ਗਿਆ ਹੈ ਕਿ-

**ਧੰਨੁ ਧੰਨੁ ਧੰਨੁ ਜਨੁ ਆਇਆ॥**
**ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥** **(ਅੰਗ ੨੯੪)**

ਅਤੇ ਸ੍ਰੀ ਜਪੁ ਜੀ ਸਾਹਿਬ ਦੇ ਅੰਤਲੇ ਸਲੋਕ ਵਿੱਚ ਵੀ ਫੁਰਮਾਇਆ ਗਿਆ ਹੈ ਕਿ-

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥** **(ਅੰਗ ੮)**

ਮਤਲਬ ਕਿ ਅਜਿਹੇ ਮਹਾਂ-ਪੁਰਸ਼ ਹੀ ਧੰਨਤਾ ਦੇ ਯੋਗ ਹੁੰਦੇ ਹਨ ਜੋ ਕਿ ਪ੍ਰਮਾਤਮਾ ਦੀ ਬੰਦਗੀ ਕਰਕੇ ਆਪ ਤਾਂ ਇਸ ਸੰਸਾਰ ਤੋਂ ਤਰ ਹੀ ਜਾਂਦੇ ਹਨ ਅਤੇ ਹੋਰ ਸਤਿਸੰਗੀਆਂ ਨੂੰ ਵੀ ਅਪਣੇ ਰੂਹਾਨੀ ਪ੍ਰਭਾਵ ਨਾਲ ਤਾਰ ਦਿੰਦੇ ਹਨ। ਸੰਤਾਂ ਦੀ ਕ੍ਰਿਪਾ ਕਰਕੇ ਹੀ ਉਹ ਬਾਲਕ ਨਿਸ਼ਕਾਮ ਹੋਇਆ ਅਤੇ 'ਗੁਰਮੁਖਿ' ਬਣਿਆ। ਇਸ ਤਰ੍ਹਾਂ ਸਾਨੂੰ ਵੀ ਉਸ ਬਾਲਕ ਦੀ ਉਦਹਾਰਣ ਤੋਂ ਸਿੱਖਿਆ ਲੈ ਕੇ ਸਦਾ ਹੀ ਨਿਸ਼ਕਾਮ ਕਰਮਾਂ ਵਿੱਚ ਪ੍ਰਵਿਰਤ ਹੋਣਾ ਚਾਹੀਦਾ ਹੈ। ਇਸ ਨੂੰ ਕਿਹਾ ਹੈ - ਗੁਰਮੁਖਿ ਨਿਹਕਰਮਾ।

**ਪ੍ਰਸ਼ਨ 13. ਕਉਣੁ ਸੁ ਕਹੈ ਕਹਾਏ ਜੀਉ॥** ਯਾਨੀ ਵਾਹਿਗੁਰੂ ਦੇ ਜਸ ਨੂੰ ਕਹਿਣ ਅਤੇ ਕਹਾਉਣ ਵਾਲਾ ਕੌਣ ਹੈ?

**ਉੱਤਰ-ਗੁਰਮੁਖਿ ਕਰੇ ਸੁ ਸੁਭਾਏ ਜੀਉ॥** ਭਾਵ 'ਗੁਰਮੁਖਿ' ਜੋ ਕੁੱਝ ਵੀ ਕਥਨ ਕਰਦਾ ਹੈ ਉਹੀ ਸ਼ੋਭਨੀਕ ਹੁੰਦਾ ਹੈ।

**ਵਿਆਖਿਆ** - 'ਗੁਰਮੁਖਿ' ਜੋ ਕੁੱਝ ਵੀ ਕਰਦਾ ਹੈ, ਉਸ ਵਿੱਚ ਹੀ ਸ਼ੋਭਾ ਹੁੰਦੀ ਹੈ ਜਿਵੇਂ ਕਿ ਬਾਹਰ ਤੋਂ ਬਹੁਤ ਆਦਮੀਆਂ ਨੂੰ ਸੰਤਾਂ, ਮਹਾਤਮਾਂ ਦੇ ਰਮਜ਼ ਵਾਲੇ ਬਚਨਾਂ ਦੀ ਅਤੇ ਪੂਰਨ ਕ੍ਰਿਪਾ ਦੀ ਸਮਝ ਨਹੀਂ ਪੈਂਦੀ

ਕਿਉਂਕਿ ਉਨ੍ਹਾਂ ਦਾ ਤਾਤਪਰਜ ਬਹੁਤ ਗੂੜ੍ਹਾ ਹੁੰਦਾ ਹੈ–

**ਦ੍ਰਿਸ਼ਟਾਂਤ (੧)** – ਇੱਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਬਾਲੇ ਅਤੇ ਮਰਦਾਨੇ ਦੇ ਨਾਲ ਭ੍ਰਮਣ ਕਰਦੇ ਹੋਏ ਇੱਕ ਸ਼ਹਿਰ ਵਿੱਚ ਠਹਿਰੇ। ਉਥੇ ਦੇ ਆਦਮੀ ਐਨੇਂ ਮਨਮੁੱਖ ਸਨ ਕਿ ਜਿਨ੍ਹਾਂ ਨੇ ਗੁਰੂ ਸਾਹਿਬ ਦਾ ਆਦਰ ਕਰਨ ਦੀ ਬਜਾਏ, ਨਿਰਾਦਰ ਕੀਤਾ ਅਤੇ ਕਿਸੇ ਸੇਵਾ ਦੀ ਗੱਲ ਤਾਂ ਇੱਕ ਪਾਸੇ ਰਹੀ, ਬੈਠਣ ਲਈ ਭੀ ਨਾ ਕਿਹਾ। ਜਿਸ ਤੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਤੁਸੀਂ ਸਦਾ ਵਸਦੇ ਰਹੋ। ਉਥੋਂ ਚੱਲ ਕੇ ਦੂਜੇ ਸ਼ਹਿਰ ਵਿੱਚ ਆ ਪਹੁੰਚੇ। ਉਥੋਂ ਦੇ ਆਦਮੀਆਂ ਨੇ ਆਪ ਜੀ ਨੂੰ ਸੰਤ-ਮਹਾਂਪੁਰਖ ਜਾਣ ਕੇ ਬਹੁਤ ਆਦਰ ਸਤਿਕਾਰ ਕੀਤਾ ਅਤੇ ਬੜੀ ਸੇਵਾ ਕੀਤੀ। ਗੁਰੂ ਜੀ ਨੇ ਬਚਨ ਕੀਤਾ ਕਿ ਤੁਸੀਂ ਉੱਜੜ ਜਾਉ ਭਾਵ ਇੱਥੋਂ ਚਲੇ ਜਾਉ। ਇਨ੍ਹਾਂ ਰਮਜ਼ ਭਰੇ ਬਚਨਾਂ ਨੂੰ ਮਰਦਾਨੇ ਨੂੰ ਬੜੀ ਹੈਰਾਨੀ ਹੋਈ। ਉਸ ਨੇ ਗੁਰੂ ਸਾਹਿਬ ਜੀ ਤੋਂ ਇਸ ਦਾ ਤਾਤਪਰਜ ਪੁੱਛਿਆ। ਗੁਰੂ ਜੀ ਨੇ ਕਿਹਾ ਕਿ ਭਾਈ ਮਰਦਾਨਿਆ! ਪਹਿਲੇ ਪਿੰਡ ਵਾਲੇ ਆਦਮੀ ਮਨਮੁੱਖ ਸਨ, ਉਹ ਜੇ ਕਿਸੇ ਵੀ ਦੂਜੀ ਥਾਂ ਤੇ ਜਾਣਗੇ ਤਾਂ ਉਥੋਂ ਦੇ ਲੋਕਾਂ ਨੂੰ ਵੀ ਮਨਮੁੱਖ ਕਰ ਦੇਣਗੇ। ਇਸ ਕਰਕੇ, ਉਹ ਸਦਾ ਇੱਥੇ ਹੀ ਵਸਦੇ ਰਹਿਣ ਤਾਂ ਠੀਕ ਹੈ। ਇਸ ਦੂਜੇ ਸ਼ਹਿਰ ਦੇ ਬੰਦੇ 'ਗੁਰਮੁਖਿ' ਹਨ, ਇਹ ਜਿੱਥੇ ਵੀ ਜਾਣਗੇ ਉਥੋਂ ਦੇ ਲੋਕ ਵੀ ਇਨ੍ਹਾਂ ਦੀ ਸੰਗਤ ਕਰਕੇ ‘ਗੁਰਮੁਖਿ’ ਬਣ ਜਾਣਗੇ। ਇਸ ਲਈ ਅਸੀਂ ਕਿਹਾ ਹੈ ਕਿ ਇਹ ਇੱਥੋਂ ਉੱਜੜ ਜਾਣ। ਇਸ ਤੋਂ ਸਿੱਧ ਹੋਇਆ ਕਿ ਜੋ ਵੀ ਸਤਿਪੁਰਸ਼ ਕਰਦੇ, ਕਹਿੰਦੇ ਜਾਂ ਕਹਾਉਂਦੇ ਹਨ ਉਸ ਦਾ ਤਾਤਪਰਜ ਬਹੁਤ ਗੂੜ੍ਹਾ ਹੁੰਦਾ ਹੈ। ਅਜਿਹੇ ਰਹੱਸਪੂਰਣ ਬਚਨ ਆਮ ਆਦਮੀਆਂ ਦੀ ਸਮਝ ਵਿੱਚ ਨਹੀਂ ਆਉਂਦੇ। ਜੋ 'ਗੁਰਮੁਖਿ' ਕਰਦੇ ਹਨ, ਉਸ ਵਿੱਚ ਹੀ ਸ਼ੋਭਾ ਹੁੰਦੀ ਹੈ ਜਿਵੇਂ ਕਿ ਇਸ ਸਾਖੀ ਵਿੱਚ ਗੁਰੂ ਜੀ ਨੇ ਕਹਿਕੇ ਅਤੇ ਕਰਕੇ ਦਿਖਾਇਆ ਹੈ। ਇਸੇ ਵਿੱਚ ਹੀ ਸੰਸਾਰ ਦਾ ਭਲਾ ਹੈ, ਇਸੇ ਨੂੰ ਕਿਹਾ ਜਾਂਦਾ ਹੈ ਕਿ– ਗੁਰਮੁਖਿ ਕਰੇ ਸੁ ਸੁਭਾਏ ਜੀਉ॥

**ਪ੍ਰਸ਼ਨ 14-15. ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ॥** ਯਾਨੀ ਸੁਖੀ ਕੌਣ ਹੈ ਅਤੇ ਦੁਖੀ ਕੌਣ ਹੈ?

**ਉੱਤਰ-ਗੁਰਮੁਖਿ ਸੁਖੀਆ ਮਨਮੁਖਿ ਦੁਖੀਆ॥** 'ਗੁਰਮੁਖਿ' ਸੁਖੀ ਅਤੇ 'ਮਨਮੁਖਿ' ਦੁਖੀ ਹੈ। ਇਸ ਸੰਸਾਰ ਵਿੱਚ ਹਰ ਕੋਈ ਜਾਣਦਾ ਹੈ ਕਿ ਸੰਸਾਰ ਦੁੱਖਾਂ ਦੀ ਖਾਣ ਹੈ। ਸੰਸਾਰ ਵਿੱਚ ਅਜਿਹਾ ਕੋਈ ਵੀ ਨਹੀਂ ਹੋਇਆ ਜਿਸ ਨੇ ਦੁੱਖ ਨਾ ਪਾਇਆ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਗ ਰਾਮਕਲੀ ਦੀ ਪਹਿਲੀ ਵਾਰ ਦੀ 14ਵੀਂ ਪਉੜੀ ਦੇ ਸਲੋਕ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ:-

**ਸਲੋਕੁ ਮਃ ੧॥**
**ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥**
**ਪਰਸ ਰਾਮੁ ਰੋਵੈ ਘਰਿ ਆਇਆ॥**
**ਅਜੈ ਸੁ ਰੋਵੈ ਭੀਖਿਆ ਖਾਇ॥**
**ਐਸੀ ਦਰਗਹ ਮਿਲੈ ਸਜਾਇ॥**
**ਰੋਵੈ ਰਾਮੁ ਨਿਕਾਲਾ ਭਇਆ॥**
**ਸੀਤਾ ਲਖਮਣੁ ਵਿਛੁੜਿ ਗਇਆ॥**
**ਰੋਵੈ ਦਹਸਿਰੁ ਲੰਕ ਗਵਾਇ॥**
**ਜਿਨਿ ਸੀਤਾ ਆਦੀ ਡਉਰੂ ਵਾਇ॥**
**ਰੋਵਹਿ ਪਾਂਡਵ ਭਏ ਮਜੂਰ॥**
**ਜਿਨ ਕੈ ਸੁਆਮੀ ਰਹਤ ਹਦੂਰਿ॥**
**ਰੋਵੈ ਜਨਮੇਜਾ ਖੁਇ ਗਇਆ॥**
**ਏਕੀ ਕਾਰਣਿ ਪਾਪੀ ਭਇਆ॥**
**ਰੋਵਹਿ ਸੇਖ ਮਸਾਇਕ ਪੀਰ॥**
**ਅੰਤਿ ਕਾਲਿ ਮਤੁ ਲਾਗੈ ਭੀੜ॥**
**ਰੋਵਹਿ ਰਾਜੇ ਕੰਨ ਪੜਾਇ॥**
**ਘਰਿ ਘਰਿ ਮਾਗਹਿ ਭੀਖਿਆ ਜਾਇ॥**
**ਰੋਵਹਿ ਕਿਰਪਨ ਸੰਚਹਿ ਧਨੁ ਜਾਇ॥**
**ਪੰਡਿਤ ਰੋਵਹਿ ਗਿਆਨੁ ਗਵਾਇ॥**
**ਬਾਲੀ ਰੋਵੈ ਨਾਹਿ ਭਤਾਰੁ॥**

**ਨਾਨਕ ਦੁਖੀਆ ਸਭੁ ਸੰਸਾਰੁ॥**
**ਮੰਨੇ ਨਾਉ ਸੋਈ ਜਿਣਿ ਜਾਇ॥**
**ਅਉਰੀ ਕਰਮ ਨ ਲੇਖੈ ਲਾਇ॥੧॥** **(ਅੰਗ ੯੫੩)**

**ਅਰਥ**-ਇੰਦਰਲੋਕ ਦਾ ਰਾਜਾ, ਇੰਦਰ (ਮਾਲਕ) ਵਾਰ-ਵਾਰ ਰੋਇਆ ਭਾਵ ਪ੍ਰੇਸ਼ਾਨ ਹੋਇਆ ਕਿਉਂਕਿ ਉਸਨੇ ਗੌਤਮ ਰਿਸ਼ੀ ਦੀ ਇਸਤਰੀ ਅਹੱਲਿਆ ਦਾ ਸਤ ਭੰਗ ਕੀਤਾ ਸੀ। ਉਸ ਅਨੈਤਿਕ ਕਰਮ ਕਰਕੇ ਗੌਤਮ ਰਿਸ਼ੀ ਨੇ ਉਸ ਨੂੰ ਸਰਾਪ ਦੇ ਦਿੱਤਾ ਸੀ। ਰਿਸ਼ੀ ਦਾ ਬਚਨ ਪੂਰਾ ਹੋਇਆ ਅਤੇ ਰਾਜਾ ਇੰਦਰ ਸਰਾਪ ਦਾ ਫਲ ਭੋਗਣ ਵੇਲੇ ਵਾਰ-ਵਾਰ ਰੋਇਆ। ਇਸੇ ਤਰ੍ਹਾਂ ਪਰਸਰਾਮ ਬ੍ਰਾਹਮਣ ਵੀ ਘਰ ਆ ਕੇ ਰੋਇਆ ਕਿਉਂਕਿ ਉਸਨੇ ਕ੍ਰੋਧ ਵਿੱਚ ਆਕੇ ਹਜ਼ਾਰਾਂ ਖੱਤਰੀਆਂ ਨੂੰ ਆਪਣੇ ਕੁਹਾੜੇ (ਹਥਿਆਰ) ਨਾਲ ਮਾਰ ਦਿੱਤਾ ਸੀ। ਇਸ ਘੋਰ ਪਾਪ ਦੇ ਫਲ ਵਜੋਂ ਉਸ ਨੂੰ ਬਹੁਤ ਦੁੱਖ ਭੋਗਣਾ ਪਿਆ, ਉਹ ਵੀ ਵਾਰ-ਵਾਰ ਰੋਇਆ ਅਤੇ ਦੁਖੀ ਹੋਇਆ। ਇਸੇ ਤਰ੍ਹਾਂ ਰਾਜਾ ਅਜੈ ਨੂੰ ਵੀ ਦਰ-ਦਰ ਤੋਂ ਭਿੱਖਿਆ ਮੰਗਣ ਕਰਕੇ ਰੋਣਾ ਪਿਆ ਸੀ।

ਰਾਜਾ ਅਜੈ, ਤ੍ਰੇਤੇ ਯੁੱਗ ਦੇ ਅਵਤਾਰ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਦਾਦਾ ਸਨ। ਇੱਕ ਦਿਨ ਸ਼ਿਕਾਰ ਖੇਡਣ ਗਏ ਅਤੇ ਜੰਗਲ ਵਿੱਚ ਇੱਕ ਹਿਰਨ ਨੂੰ ਮਾਰਿਆ। ਉਸ ਹਿਰਨ ਦੇ ਖ਼ੂਨ ਨਾਲ ਆਪਣਾ ਇੱਕ ਕੱਪੜਾ ਲਿਬੇੜ ਕੇ ਆਪਣੇ ਰਾਜ ਮਹਿਲ ਵਿੱਚ ਭੇਜ ਦਿੱਤਾ ਅਤੇ ਨਾਲ ਹੀ ਇਹ ਸੁਨੇਹਾ ਵੀ ਦੇ ਦਿੱਤਾ ਕਿ ਰਾਜਾ ਸ਼ਿਕਾਰ ਖੇਡਦੇ ਸਮੇਂ ਮਾਰਿਆ ਗਿਆ ਹੈ। ਰਾਜੇ ਨੇ ਇਹ ਸਾਰਾ ਕੁੱਝ ਆਪਣੀ ਰਾਣੀ ਦੀ ਪ੍ਰੇਮ-ਪ੍ਰੀਖਿਆ ਲੈਣ ਲਈ ਕੀਤਾ ਸੀ। ਜਦੋਂ ਰਾਣੀ ਨੇ ਇਹ ਸੁਨੇਹਾ ਸੁਣਿਆ ਤਾਂ ਉਸਨੇ ਲੱਕੜੀਆਂ ਦੀ ਚਿਖਾ ਬਣਾਈ ਅਤੇ ਰਾਜੇ ਦੇ ਖ਼ੂਨ ਨਾਲ ਲਿੱਬੜਿਆ ਹੋਇਆ ਕੱਪੜਾ ਨਾਲ ਲੈ ਕੇ ਸਤੀ ਹੋ ਗਈ। ਜਦੋਂ ਰਾਜੇ ਅਜੈ ਨੂੰ ਇਸ ਘਟਨਾ ਦਾ ਪਤਾ ਲੱਗਿਆ ਤਾਂ ਉਹ ਬਹੁਤ ਦੁਖੀ ਹੋਇਆ ਅਤੇ ਆਪਣੇ ਪਾਪ ਦਾ ਪਛੁਤਾਵਾ ਕੀਤਾ। ਇਸਤਰੀ ਦੇ ਮੋਹ ਵਿੱਚ ਰਾਜ-ਭਾਗ ਤਿਆਗ ਕੇ ਦਰ-ਦਰ ਤੋਂ ਭਿਖਿਆ ਮੰਗ ਕੇ ਖਾਂਦਾ ਅਤੇ ਰੋਂਦਾ ਰਿਹਾ। ਹੇ ਭਾਈ! ਬੁਰੇ ਕਰਮ ਕਰਨ ਕਰਕੇ, ਪ੍ਰਮੇਸ਼ਰ ਦੀ ਦਰਗਾਹ ਵਿੱਚ ਅਜਿਹੀ ਹੀ ਸਜ਼ਾ ਮਿਲਦੀ ਹੈ। ਇਸ

ਤਰ੍ਹਾਂ ਸਜ਼ਾ ਭੋਗਣ ਸਮੇਂ ਜੀਵ ਨੂੰ ਵਾਰ-ਵਾਰ ਰੋਣਾ ਪੈਂਦਾ ਹੈ।

ਇਸੇ ਤਰ੍ਹਾਂ ਸ੍ਰੀ ਰਾਮ ਚੰਦਰ ਜੀ ਮਹਾਰਾਜ ਜਿਸ ਵਕਤ ਬਨਵਾਸ ਕੱਟਣ ਲਈ ਜੰਗਲ ਵਿੱਚ ਗਏ ਤਾਂ ਆਪਣੀ ਇਸਤਰੀ ਸੀਤਾ ਜੀ ਅਤੇ ਭਰਾ ਲਛਮਣ ਦੇ ਵਿੱਛੜ ਜਾਣ ਨਾਲ ਵਾਰ-ਵਾਰ ਰੋਏ। ਰਾਵਣ (ਦਸ-ਸਿਰਾ) ਜਿਸ ਦੇ ਦਸ (10) ਸਿਰ ਸਨ ਭਾਵ ਕਿ ਉਹ ਅਤੀ ਬੁੱਧੀਮਾਨ ਅਤੇ ਬਹੁਤ ਵੱਡਾ ਵਿੱਦਵਾਨ ਸੀ। ਉਹ ਰਾਵਣ ਡੌਰੂ ਵਜਾ ਕੇ ਸੀਤਾ ਨੂੰ ਚੁਰਾ ਲੈ ਜਾਣ ਕਰਕੇ ਵਾਰ-ਵਾਰ ਰੋਇਆ ਕਿਉਂਕਿ ਇਸ ਗੁਨਾਹ ਦੇ ਸਿੱਟੇ ਵਜੋਂ ਉਸਨੇ ਸੋਨੇ ਦੀ ਲੰਕਾ ਅਤੇ ਆਪਣੀ ਸਾਰੀ ਕੁਲ (ਵੰਸ਼) ਦਾ ਨਾਸ਼ ਕਰਵਾ ਲਿਆ। ਇਸੇ ਤਰ੍ਹਾਂ ਪਾਂਡਵ, ਜਿਨ੍ਹਾਂ ਦੇ ਹਰ ਵਕਤ ਨਾਲ ਭਗਵਾਨ ਸ੍ਰੀ ਕ੍ਰਿਸ਼ਨ ਜੀ ਰਹਿੰਦੇ ਸਨ ਉਨ੍ਹਾਂ ਨੂੰ ਵੀ ਬਹੁਤ ਦੁਖੀ ਹੋਕੇ ਰੋਣਾ ਪਿਆ ਸੀ।ਜਦੋਂ ਪੰਜੇ ਪਾਂਡਵ, ਰਾਜਾ ਬਿਰਾਟ ਦੇ ਕੋਲ ਛੁੱਪ ਕੇ ਸਮਾਂ ਗੁਜ਼ਾਰ ਰਹੇ ਸਨ ਤਾਂ ਉਸ ਸਮੇਂ ਰਾਜਾ ਬਿਰਾਟ ਦੇ ਸਾਲੇ ਕ੍ਰੀਚਕ ਨੇ ਦਰੋਪਦੀ ਨੂੰ ਬਹੁਤ ਸਤਾਇਆ ਸੀ। ਉਸ ਵਕਤ ਪਾਂਡਵਾਂ ਨੂੰ ਬੇਵੱਸ ਹੋ ਕੇ ਰੋਣਾ ਅਤੇ ਅਤੀ ਦੁਖੀ ਹੋਣਾ ਪਿਆ ਸੀ। ਉਸੇ ਦੌਰਾਨ ਭੀਮ ਨੇ ਕ੍ਰੋਧ ਵਿੱਚ ਆਕੇ ਕ੍ਰੀਚਕ ਨੂੰ ਮਾਰ ਦਿੱਤਾ ਸੀ। ਇਸੇ ਤਰ੍ਹਾਂ ਰਾਜਾ ਜਨਮੇਜਾ ਨੂੰ ਵੀ ਰੋਣਾ ਪਿਆ ਕਿਉਂਕਿ ਉਸਨੇ ਆਪਣੇ ਗੁਰੂ ਸ਼੍ਰੀ ਵੇਦ ਵਿਆਸ ਜੀ ਦਾ ਬਚਨ ਨਾ ਮੰਨਣ ਕਰਕੇ ਅਤੇ ਆਪਣੀ ਰਾਣੀ ਦੇ ਕਹਿਣ ਕਰਕੇ ਬ੍ਰਾਹਮਣਾਂ ਨੂੰ ਮਾਰਿਆ ਅਤੇ ਪਾਪ ਦਾ ਭਾਗੀ ਬਣਿਆ। ਸ਼ੇਖ (ਵੱਡੇ ਵਿੱਦਵਾਨ), ਮਸਾਇਕ (ਸਾਧਕ) ਅਤੇ ਪੀਰ (ਧਰਮ ਅਚਾਰੀਆ) ਸਭ ਰੋਂਦੇ ਭਾਵ ਚਿੰਤਤ ਹੁੰਦੇ ਹਨ ਕਿ ਅੰਤ ਸਮੇਂ ਕੋਈ ਦੁੱਖ ਨਾ ਭੋਗਣਾ ਪਵੇ। ਰਾਜਾ ਭਰਥਰੀ ਅਤੇ ਗੋਪੀ ਚੰਦ ਵੀ ਰੋਏ ਜਿਨ੍ਹਾਂ ਨੂੰ ਰਾਜ ਸੁੱਖ ਤਿਆਗ, ਕੰਨ ਪੜਵਾ ਜੋਗ ਦਾ ਭੇਖ ਧਾਰਣ ਕਰਕੇ ਘਰ-ਘਰ ਮੰਗਣ ਜਾਣਾ ਪਿਆ। ਇਸੇ ਤਰ੍ਹਾਂ ਕੰਜੂਸ ਵੀ ਜੋ ਬਹੁਤ ਕਸ਼ਟ ਉਠਾ ਕੇ ਧਨ ਇਕੱਠਾ ਕਰਦੇ ਹਨ, ਉਸ ਧਨ ਦੇ ਖੁੱਸ ਜਾਣ ਤੇ ਵਾਰ-ਵਾਰ ਰੋਂਦੇ ਹਨ। ਇਤਿਹਾਸ ਗਵਾਹ ਹੈ ਕਿ ਅਜਾਮਲ ਬ੍ਰਾਹਮਣ ਵੀ ਬੁਰੇ ਕੰਮਾਂ ਵਿੱਚ ਪੈਣ ਕਰਕੇ ਆਪਣਾ ਬਿਬੇਕ ਰੂਪੀ ਗਿਆਨ ਗਵਾ ਕੇ ਰੋਇਆ। ਬਾਲੀ (ਇਸਤਰੀ) ਨੂੰ ਜਦੋਂ ਪਤੀ ਨਾ ਮਿਲੇ ਜਾਂ ਮਿਲ ਕੇ ਵਿੱਛੜ ਜਾਵੇ ਤਾਂ

ਉਹ ਪਤੀ ਵਿਹੂਣੀ ਹੋਣ ਕਰਕੇ ਰੋਂਦੀ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਹੇ ਭਾਈ! ਇਸ ਤਰ੍ਹਾਂ ਸਾਰਾ ਸੰਸਾਰ ਦੁਖੀ ਹੋ ਰਿਹਾ ਹੈ। ਪ੍ਰੰਤੂ ਜੋ ਸ਼ਰਧਾ, ਪ੍ਰੇਮ-ਪੂਰਵਕ ਨਾਮ ਦਾ ਜਾਪ ਕਰਦੇ ਹਨ ਉਹ ਦੁਨੀਆਂ ਦੇ ਦੁੱਖਾਂ ਸੁੱਖਾਂ ਨੂੰ ਜਿੱਤ ਲੈਂਦੇ ਹਨ ਅਤੇ ਆਪਣਾ ਜਨਮ ਸਫਲਾ ਕਰ ਲੈਂਦੇ ਹਨ। ਸੋ ਪ੍ਰਮਾਤਮਾ ਦੇ ਨਾਮ-ਸਿਮਰਣ ਦੇ ਸਿਵਾਏ ਦੂਜਾ ਹੋਰ ਕੋਈ ਵੀ ਕਰਮ ਲੇਖੇ ਵਿੱਚ ਨਹੀਂ ਹੈ ਯਾਨੀ ਨਾਮ ਹੀ ਸਭ ਤੋਂ ਉੱਤਮ ਕਰਮ ਹੈ। ਇਸ ਤੋਂ ਸਿੱਧ ਹੋਇਆ ਕਿ ਜਦ ਤੱਕ ਇਹ ਜੀਵ ਨਾਮ ਜਪਕੇ ਗੁਰਮੁਖਿ ਨਾ ਬਣੇਗਾ ਤਦ ਤੱਕ ਉਸ ਦਾ ਸੁਖੀ ਹੋਣਾ ਮੁਸ਼ਕਿਲ ਹੈ। ਜਿਵੇਂ ਦੇਖਣ ਵਿੱਚ ਆਉਂਦਾ ਹੈ ਅਤੇ ਸਭ ਕੋਈ ਇਸ ਗੱਲ ਨੂੰ ਮੰਨਦਾ ਵੀ ਹੈ ਕਿ ਸਿਰਫ ਹਰੀ ਦੇ ਪਿਆਰੇ ਯਾਨੀ 'ਗੁਰਮੁਖਿ' ਹੀ ਇਸ ਸੰਸਾਰ ਵਿੱਚ ਕਮਲ ਫੁੱਲ ਵਾਂਗ ਅਲੇਪ ਰਹਿ ਕੇ ਆਪਣਾ ਸਮਾਂ ਸੁੱਖ-ਸ਼ਾਂਤੀ ਨਾਲ ਬਤੀਤ ਕਰਦੇ ਹਨ। ਹੋਰ ਸਭ ਜੀਵ 'ਮਨਮੁਖਿ' ਹੋਣ ਕਰਕੇ ਹਾਏ-ਹਾਏ ਕਰਦੇ, ਰੋਂਦੇ ਕੁਰਲਾਉਂਦੇ ਹੋਏ ਹਮੇਸ਼ਾ ਦੁੱਖਾਂ ਦਾ ਸ਼ਿਕਾਰ ਹੋ ਰਹੇ ਹਨ। ਇਸ ਪ੍ਰਥਾਇ ਇੱਕ 'ਗੁਰਮੁਖਿ' ਅਤੇ 'ਮਨਮੁਖਿ' ਦੀ ਸਾਖੀ ਇਸ ਪ੍ਰਕਾਰ ਹੈ-

**ਦ੍ਰਿਸ਼ਟਾਂਤ (੧)** - ਇੱਕ 'ਗੁਰਮੁਖਿ' ਬੰਦਾ ਜਿਸ ਦਾ ਨਾਮ ਹਰਦਾਸ ਸੀ, ਯਾਤਰਾ ਕਰਨ ਲਈ ਘਰ ਤੋਂ ਚੱਲਿਆ। ਰਸਤੇ ਵਿੱਚ ਜਾਂਦਿਆਂ ਉਸ ਨੂੰ ਇੱਕ ਮਨਮੁੱਖ ਬੰਦਾ ਮਿਲਿਆ। ਦੋਵੇਂ ਮਿਲ ਕੇ ਅੱਗੇ ਨੂੰ ਚੱਲ ਪਏ। ਮਨਮੁੱਖ ਨੇ ਦੇਖਿਆ ਕਿ ਗੁਰਮੁਖਿ ਦੇ ਕੋਲ ਕੁੱਝ ਧਨ-ਮਾਲ ਹੈ। ਉਸਨੇ ਵਿਚਾਰ ਕੀਤਾ ਕਿ ਕਿਸੇ ਵੀ ਤਰੀਕੇ ਨਾਲ ਉਸ ਤੋਂ ਖੋਹ ਲਿਆ ਜਾਵੇ। ਗੁਰਮੁਖਿ ਦੀ ਬਿਰਤੀ ਸਦੈਵ ਅਨੰਦਮਈ ਰਹਿੰਦੀ ਸੀ ਅਤੇ ਹਿਰਦੇ ਵਿੱਚ ਦਵੈਸ਼ ਭਾਵਨਾ ਬਿਲਕੁੱਲ ਵੀ ਨਹੀਂ ਸੀ। ਇਸ ਕਰਕੇ ਉਸ ਨੂੰ ਮਨਮੁੱਖ ਉਪਰ ਕੋਈ ਸ਼ੱਕ ਵੀ ਨਹੀਂ ਸੀ ਕਿ ਮੈਂ ਇਸ ਅਣਪਛਾਤੇ ਬੰਦੇ ਨਾਲ ਤੁਰਿਆ ਜਾ ਰਿਹਾ ਹਾਂ ਜੋ ਕਿ ਮੇਰਾ ਧਨ-ਮਾਲ ਵੀ ਖੋਹ ਸਕਦਾ ਹੈ ਅਤੇ ਇਸ ਲਾਲਚ ਪਿੱਛੇ ਮੈਨੂੰ ਮਾਰ ਵੀ ਸਕਦਾ ਹੈ। ਇਸ ਤਰ੍ਹਾਂ ਦੋਵੇਂ ਕੁੱਝ ਦਿਨ ਇਕੱਠੇ ਰਹਿ ਕੇ ਚਲਦੇ ਰਹੇ। ਇੱਕ ਦਿਨ ਚਲਦੇ-ਚਲਦੇ ਉਨ੍ਹਾਂ ਨੂੰ ਰਸਤੇ ਵਿੱਚ ਇੱਕ ਖੂਹ ਨਜ਼ਰ ਆਇਆ ਤਾਂ ਦੋਹਾਂ ਨੇ ਸਲਾਹ ਕੀਤੀ ਕਿ ਇੱਥੇ

ਪਾਣੀ ਪੀ ਕੇ ਕੁੱਝ ਦੇਰ ਆਰਾਮ ਕਰ ਲਈਏ ਫਿਰ ਅੱਗੇ ਚੱਲਾਂਗੇ। ਇਉਂ ਦੋਹਾਂ ਨੇ ਆਪਣਾ ਸਮਾਨ ਉਥੇ ਰੱਖ ਕੇ, ਇਸ਼ਨਾਨ ਕਰਨ ਲਈ ਕੱਪੜੇ ਉਤਾਰ ਦਿੱਤੇ। ਮਨਮੁੱਖ ਨੇ ਪਹਿਲਾਂ ਇਸ਼ਨਾਨ ਕਰਕੇ ਕੱਪੜੇ ਪਾ ਲਏ ਪ੍ਰੰਤੂ 'ਗੁਰਮੁਖਿ' ਅਜੇ ਇਸ਼ਨਾਨ ਕਰਦਾ ਸੀ। ਮਨਮੁੱਖ, ਚੰਗਾ ਮੌਕਾ ਤਾੜ ਕੇ ਕਹਿਣ ਲੱਗਿਆ ਕਿ ਮੈਨੂੰ ਪਿਆਸ ਲੱਗੀ ਹੈ, ਥੋੜਾ ਪਾਣੀ ਭਰ ਕੇ ਦੇਈਂ । ਗੁਰਮੁਖਿ ਨੇ ਰੱਸੀ ਨਾਲ ਲੋਟਾ ਬੰਨ੍ਹ ਕੇ ਖੂਹ ਵਿੱਚੋਂ ਪਾਣੀ ਕੱਢ ਕੇ ਮਨਮੁੱਖ ਨੂੰ ਪਿਲਾਇਆ ਫਿਰ ਆਪਣੇ ਲਈ ਪਾਣੀ ਕੱਢਣ ਲੱਗਿਆ ਤਾਂ ਮਨਮੁੱਖ ਨੇ ਉਸ ਨੂੰ ਧੱਕਾ ਦੇ ਕੇ ਖੂਹ ਵਿੱਚ ਗਿਰਾ ਦਿੱਤਾ ਅਤੇ ਉਸਦਾ ਧਨ-ਮਾਲ ਲੈ ਕੇ ਚਲਦਾ ਬਣਿਆ। ਗੁਰਮੁਖਿ ਵਿਚਾਰਾ ਉਸ ਖੂਹ ਵਿੱਚ ਇੱਕ ਝਾੜ ਦੇ ਮੁੱਢ ਦੇ ਆਸਰੇ ਬੈਠਾ ਰਿਹਾ। ਜਦੋਂ ਰਾਤ ਦਾ ਆਖਰੀ ਸਮਾਂ ਆਇਆ, ਉਸ ਝਾੜ ਉੱਤੇ ਇੱਕ ਪ੍ਰੇਤ ਅਤੇ ਇੱਕ ਨਾਗ ਆਪਸ ਵਿੱਚ ਗੱਲਾਂ ਕਰਨ ਲੱਗੇ। ਨਾਗ ਨੇ ਪ੍ਰੇਤ ਨੂੰ ਕਿਹਾ ਕਿ ਹੇ ਮਿੱਤਰ! ਅਸੀਂ ਦੋਵੇਂ, ਬਹੁਤ ਸਮੇਂ ਤੋਂ ਇਕੱਠੇ ਰਹਿੰਦੇ ਸੀ, ਤੂੰ ਮੈਨੂੰ ਬੜੇ ਸਮੇਂ ਬਾਅਦ ਅੱਜ ਇਥੇ ਮਿਲਿਆ ਹੈਂ, ਤੂੰ ਹੁਣ ਕਿੱਥੇ ਰਹਿੰਦਾ ਹੈਂ? ਪ੍ਰੇਤ ਨੇ ਕਿਹਾ ਕਿ ਮੇਰਾ ਵਾਸਾ ਇਸ ਵਕਤ ਦੇਵਦੱਤ ਰਾਜੇ ਦੀ ਕੰਨਿਆ ਵਿੱਚ ਹੈ। ਨਾਗ ਨੇ ਪੁੱਛਿਆ ਤੂੰ ਉੱਥੇ ਕਿਵੇਂ ਰਹਿ ਸਕਦਾ ਹੈਂ? ਕਿਉਂਕਿ ਰਾਜਿਆਂ ਕੋਲ ਤਾਂ ਹਮੇਸ਼ਾ ਅੱਛੇ-ਅੱਛੇ ਮੰਤਰੀ ਅਤੇ ਯੰਤਰੀ ਰਹਿੰਦੇ ਹਨ। ਪ੍ਰੇਤ ਨੇ ਕਿਹਾ ਕਿ ਮੇਰੇ ਉੱਪਰ ਕਿਸੇ ਦਾ ਵੀ ਜ਼ੋਰ ਨਹੀਂ ਚੱਲ ਸਕਦਾ। ਮੈਨੂੰ ਕੱਢ ਦੇਣ ਦੀ ਯੁਕਤੀ ਕਿਸੇ ਨੂੰ ਵੀ ਨਹੀਂ ਆਉਂਦੀ, ਸਿਰਫ ਮੈਨੂੰ ਹੀ ਪਤਾ ਹੈ। ਨਾਗ ਨੇ ਕਿਹਾ ਕਿ ਉਹ ਕਿਹੜੀ ਯੁਕਤੀ ਹੈ? ਪ੍ਰੇਤ ਨੇ ਕਿਹਾ ਕਿ ਫਲਾਨੇ ਪਹਾੜ ਵਿੱਚ ਫਲਾਨੀ ਕਿਸਮ ਦੀ ਬੂਟੀ ਹੈ, ਉਸ ਬੂਟੀ ਦਾ ਧੂੰਆਂ ਜੇ ਮੈਨੂੰ ਕੋਈ ਦੇਵੇ ਤਾਂ ਫੌਰਨ ਮੈਨੂੰ ਉਸ ਕੰਨਿਆ ਵਿੱਚੋਂ ਨਿੱਕਲਣਾ ਪਵੇਗਾ। ਫਿਰ ਪ੍ਰੇਤ ਨੇ ਨਾਗ ਨੂੰ ਕਿਹਾ ਮੈਂ ਵੀ ਇੱਥੇ ਕਈ ਵਾਰ ਆਇਆ ਹਾਂ ਪਰ ਤੁਸੀਂ ਨਹੀਂ ਮਿਲੇ, ਪਤਾ ਨਹੀਂ ਤੁਸੀਂ ਕਿੱਥੇ ਰਹਿੰਦੇ ਹੋ? ਅੱਜ ਬਹੁਤ ਦਿਨਾਂ ਬਾਅਦ ਤੁਸੀਂ ਮਿਲੇ ਹੋ, ਸੋ ਦੱਸੋ ਕਿ ਤੁਹਾਨੂੰ ਵੀ ਕੋਈ ਮੇਰੇ ਵਰਗਾ ਸੁਖਮਈ ਅਸਥਾਨ ਮਿਲਿਆ ਹੈ? ਨਾਗ ਨੇ ਕਿਹਾ ਕਿ ਤੂੰ ਗੱਲ ਤਾਂ ਬਹੁਤ ਚੰਗੀ ਕੀਤੀ ਹੈ। ਲੈ ਸੁਣ! ਫਲਾਨੇ ਅਸਥਾਨ

ਤੇ ਸੱਤ ਬਾਦਸ਼ਾਹੀਆਂ ਦਾ ਖਜ਼ਾਨਾ ਦੱਬਿਆ ਹੋਇਆ ਹੈ, ਇਸ ਵਕਤ ਮੈਂ ਉੱਥੇ ਰਹਿੰਦਾ ਹਾਂ। ਪ੍ਰੇਤ ਨੇ ਨਾਗ ਨੂੰ ਕਿਹਾ ਕਿ ਜੇਕਰ ਕਿਸੇ ਨੂੰ ਉਸ ਖਜ਼ਾਨੇ ਦਾ ਪਤਾ ਲੱਗ ਗਿਆ ਤਾਂ ਤੈਨੂੰ ਬਾਹਰ ਕੱਢ ਦੇਵੇਗਾ। ਨਾਗ ਨੇ ਕਿਹਾ ਕਿ ਮੈਨੂੰ ਕੱਢਣ ਦਾ ਉਪਾਅ ਵੀ ਕਿਸੇ ਨੂੰ ਨਹੀਂ ਪਤਾ, ਸਿਰਫ ਮੈਂ ਹੀ ਜਾਣਦਾ ਹਾਂ। ਪ੍ਰੇਤ ਦੇ ਪੁੱਛਣ ਤੇ ਨਾਗ ਨੇ ਉਸ ਨੂੰ ਆਪਣੇ ਕੱਢਣ ਦਾ ਉਪਾਉ ਦੱਸਿਆ ਕਿ ਜੇਕਰ ਕੋਈ ਆਦਮੀ ਗਰੁੜ ਪੰਛੀ ਦੀ ਬਿੱਠ ਦਾ ਧੂੰਆਂ ਉੱਥੇ ਕਰੇਗਾ ਤਾਂ ਮੈਨੂੰ ਉਸੇ ਸਮੇਂ ਜਾਣਾ ਪਵੇਗਾ। ਪ੍ਰੇਤ ਅਤੇ ਨਾਗ ਉੱਥੋਂ ਵਿਦਾ ਹੋ ਕੇ, ਆਪਣੇ-ਆਪਣੇ ਸਥਾਨ ਤੇ ਚਲੇ ਗਏ।

'ਗੁਰਮੁਖਿ' ਨੇ ਉਨ੍ਹਾਂ ਦੋਹਾਂ ਦੀਆਂ ਗੱਲਾਂ ਸੁਣ ਕੇ, ਚੰਗੀ ਤਰ੍ਹਾਂ ਯਾਦ ਕਰ ਲਈਆਂ। ਜਦੋਂ ਦਿਨ ਚੜ੍ਹਿਆ ਤਾਂ ਕੋਈ ਮੁਸਾਫਿਰ ਖੂਹ ਤੋਂ ਪਾਣੀ ਪੀਣ ਲਈ ਰੱਸੀ ਨਾਲ ਲੋਟਾ ਬੰਨ੍ਹ ਕੇ ਖਿੱਚ ਰਿਹਾ ਸੀ ਤਾਂ ਗੁਰਮੁਖਿ ਨੇ ਰੱਸੀ ਨੂੰ ਫੜ ਲਿਆ ਅਤੇ ਮੁਸਾਫਿਰ ਨੂੰ ਜ਼ੋਰ ਨਾਲ ਅਵਾਜ਼ ਮਾਰੀ ਕਿ ਹੇ ਭਾਈ! ਮੈਨੂੰ ਬਾਹਰ ਕੱਢ। ਮੁਸਾਫਿਰ ਨੇ ਉਸ ਨੂੰ ਬਾਹਰ ਕੱਢਿਆ। ਗੁਰਮੁਖਿ, ਉਸ ਮੁਸਾਫਿਰ ਦਾ ਧੰਨਵਾਦ ਕਰਕੇ, ਉੱਥੋਂ ਰਵਾਨਾ ਹੋਇਆ। ਜਿਸ ਪਹਾੜ ਤੇ ਉਸ ਪ੍ਰੇਤ ਨੂੰ ਕੱਢਣ ਵਾਲੀ ਬੂਟੀ ਸੀ ਉੱਥੇ ਪਹੁੰਚਿਆ। ਉਥੋਂ ਬੂਟੀ ਲੈ ਕੇ ਉਸ ਦੀ ਅਜਮਾਇਸ਼ ਲਈ ਰਾਜੇ ਦੇਵਦੱਤ ਦੀ ਨਗਰੀ ਪਹੁੰਚਿਆ ਅਤੇ ਆਪਣੇ ਆਪ ਨੂੰ ਇੱਕ ਵੈਦ ਕਹਾਉਣ ਲੱਗਿਆ। ਇਉਂ ਉਸ ਸ਼ਹਿਰ ਵਿੱਚ ਢੰਡੋਰਾ ਪਿਟਵਾ ਦਿੱਤਾ ਕਿ ਕਿਸੇ ਨੂੰ ਵੀ ਜਿੰਨ, ਭੂਤ, ਪ੍ਰੇਤ ਚਿੰਬੜਿਆ ਹੋਵੇ ਤਾਂ ਮੇਰੇ ਇਲਾਜ ਨਾਲ ਤੁਰੰਤ ਹੀ ਠੀਕ ਹੋ ਜਾਵੇਗਾ। ਇਹ ਖਬਰ ਰਾਜੇ ਕੋਲ ਵੀ ਪਹੁੰਚੀ ਤਾਂ ਉਸ ਨੇ ਇਕ ਦਮ ਉਸ ਨੂੰ ਆਪਣੇ ਪਾਸ ਬੁਲਾ ਲਿਆ। ਰਾਜੇ ਦਾ ਪ੍ਰਣ ਸੀ ਕਿ ਜੋ ਵੀ ਮੇਰੀ ਧੀ ਨੂੰ ਇਸ ਬਲਾ ਤੋਂ ਛੁਡਾਵੇਗਾ ਉਸ ਨਾਲ ਹੀ ਮੈਂ ਆਪਣੀ ਧੀ ਦੀ ਸ਼ਾਦੀ ਕਰ ਦੇਵਾਂਗਾ। ਰਾਜੇ ਨੇ ਉਸ ਗੁਰਮੁਖਿ ਨੂੰ ਕਿਹਾ ਕਿ ਜੇ ਮੇਰੀ ਧੀ ਨੂੰ ਇਸ ਮਰਜ਼ ਤੋਂ ਠੀਕ ਕਰ ਦੇਵੇਂ ਤਾਂ ਮੈਂ ਆਪਣੇ ਪ੍ਰਣ ਦੀ ਪਾਲਣਾ ਕਰਾਂਗਾ ਅਤੇ ਤੇਰਾ ਉਮਰ ਭਰ ਧੰਨਵਾਦੀ ਵੀ ਰਹਾਂਗਾ। ਗੁਰਮੁਖਿ ਨੇ ਜਿਸ ਵਕਤ ਰਾਜ ਕੁਮਾਰੀ ਨੂੰ ਉਸ ਬੂਟੀ ਦਾ ਧੂੰਆਂ ਦਿੱਤਾ ਤਾਂ ਉਹ ਪ੍ਰੇਤ ਉਸ ਦੇ ਸ਼ਰੀਰ ਵਿੱਚੋਂ ਕੂਕਾਂ ਮਾਰਦਾ

ਹੋਇਆ ਬਾਹਰ ਨਿੱਕਲ ਗਿਆ। ਰਾਜ ਕੁਮਾਰੀ ਬਿਲਕੁੱਲ ਠੀਕ ਹੋ ਗਈ। ਰਾਜਾ, ਇਹ ਦੇਖ ਕੇ ਬਹੁਤ ਪ੍ਰਸੰਨ ਹੋਇਆ। ਉਹ ਗੁਰਮੁਖਿ ਬਹੁਤ ਖ਼ੂਬਸੂਰਤ ਵੀ ਸੀ। ਸੋ ਉਸੇ ਦਿਨ ਅਪਣੀ ਧੀ ਦੀ ਸ਼ਾਦੀ ਉਸ ਨਾਲ ਕਰ ਦਿੱਤੀ ਅਤੇ ਰਾਜ ਭਾਗ ਵੀ ਸੌਂਪ ਦਿੱਤਾ। ਗੁਰਮੁਖਿ ਨੇ ਇਸ ਪਦਵੀ ਨੂੰ ਪ੍ਰਾਪਤ ਕਰਨ ਤੋਂ ਬਾਅਦ ਰਾਜੇ ਨੂੰ ਭਗਤੀ ਅਤੇ ਸੰਤਾਂ ਦੀ ਸੇਵਾ ਕਰਨ ਵਿੱਚ ਲਾ ਦਿੱਤਾ ਜਿਸ ਕਰਕੇ, ਰਾਜੇ ਦਾ ਯਸ਼ ਦੂਰ-ਦੂਰ ਤੱਕ ਫੈਲ ਗਿਆ। ਇਉਂ ਬਹੁਤ ਹੀ ਸਾਧੂ-ਸੰਤ ਅਤੇ ਲੋੜਵੰਦ ਆਉਣ ਲੱਗ ਪਏ ਜਿਨ੍ਹਾਂ ਨੂੰ ਅੰਨ, ਬਸਤਰ ਜਾਂ ਹੋਰ ਜੋ ਵੀ ਚਾਹੀਦਾ ਸੀ, ਉਨ੍ਹਾਂ ਨੂੰ ਰਾਜਾ ਮੂੰਹ ਮੰਗਿਆ ਦਾਨ ਦੇ ਦਿੰਦਾ ਸੀ। ਉੱਧਰ ਮਨਮੁੱਖ ਨੂੰ ਵੀ ਖਬਰ ਮਿਲੀ ਕਿ ਰਾਜਾ, ਸੰਤਾਂ ਦੀ ਚੰਗੀ ਸੇਵਾ ਕਰਦਾ ਹੈ। ਉਹ ਵੀ ਸੰਤਾਂ ਦਾ ਭੇਖ ਧਾਰਨ ਕਰਕੇ, ਉਥੇ ਜਾ ਪਹੁੰਚਿਆ ਤਾਂ ਗੁਰਮੁਖਿ ਨੇ ਪਹਿਚਾਣ ਲਿਆ ਕਿ ਇਸ ਨੇ ਹੀ ਮੈਨੂੰ ਖ਼ੂਹ ਵਿੱਚ ਸੁੱਟਿਆ ਸੀ। ਇੱਧਰ ਮਨਮੁੱਖ ਨੇ ਵੀ ਉਸ ਨੂੰ ਪਹਿਚਾਣ ਲਿਆ ਅਤੇ ਦਿਲ ਵਿੱਚ ਬਹੁਤ ਡਰਿਆ। ਪ੍ਰੰਤੂ ਗੁਰਮੁਖਿ ਨੇ ਉਸਦਾ ਆਦਰ ਸਤਿਕਾਰ ਕੀਤਾ ਅਤੇ ਬੜੀ ਇੱਜ਼ਤ ਕੀਤੀ। ਮਨਮੁੱਖ ਨੇ ਗੁਰਮੁਖਿ ਨੂੰ ਕਿਹਾ ਕਿ ਤੁਸੀਂ ਮੇਰਾ ਗੁਨਾਹ ਮਾਫ ਕਰ ਦਿਉ। ਫਿਰ ਮੌਕਾ ਦੇਖ ਕੇ ਡਰਦਾ-ਡਰਦਾ ਗੁਰਮੁਖਿ ਤੋਂ ਪੁੱਛਣ ਲੱਗਿਆ ਕਿ ਤੁਹਾਨੂੰ ਇਹ ਪਦਵੀ ਕਿਸ ਤਰ੍ਹਾਂ ਪ੍ਰਾਪਤ ਹੋਈ? ਗੁਰਮੁਖਿ ਨੇ ਉਸ ਨੂੰ ਹੌਸਲਾ ਦਿੱਤਾ ਕਿ ਭਾਈ! ਤੂੰ ਡਰ ਨਾ! ਤੂੰ ਮੇਰਾ ਉਹੀ ਮਿੱਤਰ ਹੈਂ! ਪ੍ਰਮਾਤਮਾ ਦੀ ਕ੍ਰਿਪਾ ਨਾਲ ਮੈਨੂੰ ਇਹ ਅਹੁਦਾ ਮਿਲਿਆ ਹੈ ਸੋ ਤੂੰ ਵੀ ਇਸ ਤੋਂ ਸੁੱਖ ਲੈ ਸਕਦਾ ਹੈਂ। ਮਨਮੁੱਖ ਉਸਦੀ ਐਨੀਂ ਪ੍ਰੀਤ ਦੇਖ ਕੇ ਪੁੱਛਣ ਲੱਗਿਆ ਕਿ ਆਪਣਾ ਬ੍ਰਿਤਾਂਤ ਤਾਂ ਸੁਣਾ ਕਿ ਖ਼ੂਹ ਵਿੱਚ ਗਿਰਨ ਤੋਂ ਬਾਅਦ ਤੇਰਾ ਕੀ ਹਾਲ ਹੋਇਆ ਸੀ ਅਤੇ ਤੂੰ ਬਾਹਰ ਕਿਵੇਂ ਨਿੱਕਲਿਆ ਸੀ? ਉਸ ਤੇ ਗੁਰਮੁਖਿ ਨੇ ਜੋ ਵੀ ਵਾਰਤਾਲਾਪ ਖ਼ੂਹ ਵਿੱਚ ਪ੍ਰੇਤ ਅਤੇ ਨਾਗ ਦਾ ਹੋਇਆ ਸੁਣਿਆ ਸੀ, ਨਿਸ਼ਕਪਟ ਹੋ ਕੇ ਸੁਣਾ ਦਿੱਤਾ। ਇਹ ਵੀ ਕਿਹਾ ਕਿ ਮੈਂ ਉਸ ਪ੍ਰੇਤ ਦੇ ਉਪਾਉ ਦੱਸਣ ਕਰਕੇ ਹੀ ਇਸ ਪਦਵੀ ਤੇ ਪਹੁੰਚਿਆ ਹਾਂ। ਮਨਮੁੱਖ ਉੱਥੇ ਕਾਫੀ ਦਿਨ ਰਿਹਾ। ਆਖਰ ਇੱਕ ਦਿਨ ਉਸਦੇ ਚਿੱਤ ਵਿੱਚ ਇਹ ਖਿਆਲ ਆਇਆ ਕਿ ਇਹ ਕਿਸੇ ਸਮੇਂ ਮੈਨੂੰ ਮਰਵਾ ਹੀ ਨਾ

ਦੇਵੇ ਜਿਸ ਕਰਕੇ ਉਸਨੇ ਗੁਰਮੁਖਿ ਤੋਂ ਜਾਣ ਲਈ ਆਗਿਆ ਮੰਗੀ। ਜਾਣ ਵੇਲੇ ਗੁਰਮੁਖਿ ਨੇ ਉਸ ਨੂੰ ਰਾਜੇ ਤੋਂ ਬਹੁਤ ਧਨ ਅਤੇ ਬਸਤਰ ਆਦਿ ਦਿਵਾ ਦਿੱਤੇ। ਰਾਜੇ ਦੇ ਵਜ਼ੀਰ ਅਤੇ ਨੌਕਰ-ਚਾਕਰ ਉਸ ਨੂੰ ਕੁੱਝ ਦੂਰ ਤੱਕ ਛੱਡਣ ਲਈ ਨਾਲ ਭੇਜ ਦਿੱਤੇ। ਰਸਤੇ ਵਿੱਚ ਵਜ਼ੀਰ ਨੇ ਮਨਮੁੱਖ ਨੂੰ ਪੁੱਛਿਆ ਕਿ ਰਾਜੇ ਦੇ ਜਵਾਈ ਨਾਲ ਤੇਰਾ ਕੀ ਸੰਬੰਧ ਹੈ ਜੋ ਉਸਨੇ ਤੇਰਾ ਐਨਾਂ ਮਾਣ ਰੱਖਿਆ ਹੈ? ਮਨਮੁੱਖ ਨੇ ਕਿਹਾ ਕਿ ਤੂੰ ਇਹ ਗੱਲ ਨਾ ਪੁੱਛ। ਆਖਰ ਜਦ ਵਜ਼ੀਰ ਨੇ ਜ਼ੋਰ ਦੇ ਕੇ ਪੁੱਛਿਆ ਤਾਂ ਉਸ ਮਨਮੁੱਖ ਨੇ ਕਿਹਾ ਕਿ ਉਹ ਸਾਡੇ ਪਿੰਡ ਦੀ ਨੀਚ ਜਾਤੀ ਦਾ ਹੈ ਅਤੇ ਇਥੇ ਰਾਜੇ ਦਾ ਜਵਾਈ ਬਣਕੇ ਬੈਠਾ ਹੈ। ਉਸ ਨੂੰ ਇਹ ਡਰ ਲੱਗਿਆ ਰਿਹਾ ਕਿ ਕਿਤੇ ਮੈਂ ਉਸ ਦਾ ਪੜਦਾ ਨਾ ਖੋਲ੍ਹ ਦੇਵਾਂ। ਇਸ ਕਰਕੇ, ਉਸਨੇ ਮੇਰੀ ਖੁਸ਼ਾਮਦ ਕੀਤੀ ਹੈ। ਤੂੰ ਮੇਰੀ ਗੱਲ ਆਪਣੇ ਕੋਲ ਹੀ ਰੱਖਣਾ ਅਤੇ ਰਾਜੇ ਨੂੰ ਕਹਿਣਾ ਕਿ ਉਹ ਗੰਗਾ ਵਿੱਚ ਇਸ਼ਨਾਨ ਕਰ ਕੇ ਪ੍ਰਾਸ਼ਚਿਤ ਕਰਾਵੇ। ਇਹ ਕਹਿ ਕੇ ਵਜ਼ੀਰ ਤੋਂ ਛੁੱਟੀ ਲਈ ਤੇ ਅਪਣੇ ਰਸਤੇ ਚੱਲ ਪਿਆ।

ਵਾਪਸ ਆਕੇ ਵਜ਼ੀਰ ਨੇ ਰਾਜੇ ਨੂੰ ਇਕੱਲਿਆਂ ਬਿਠਾ ਕੇ ਮਨਮੁੱਖ ਵਾਲੀ ਸਾਰੀ ਗੱਲ ਸੁਣਾਈ। ਇਹ ਗੱਲ ਸੁਣਕੇ ਰਾਜੇ ਨੂੰ ਬਹੁਤ ਕ੍ਰੋਧ ਚੜ੍ਹ ਗਿਆ ਅਤੇ ਕਹਿਣ ਲੱਗਿਆ ਕਿ ਉਸ ਨੇ ਤਾਂ ਸਾਡਾ ਜਨਮ ਭਰਿਸ਼ਟ ਕਰ ਦਿੱਤਾ ਹੈ, ਉਸ ਨੂੰ ਤਾਂ ਮਾਰ ਦੇਣਾ ਚਾਹੀਦਾ ਹੈ। ਗੁਰਮੁਖਿ, ਹਰ ਰੋਜ਼ ਰਾਜੇ ਦੇ ਨਾਲ ਭੋਜਨ ਕਰਦਾ ਹੁੰਦਾ ਸੀ। ਉਸੇ ਦਿਨ ਰਾਜੇ ਨੇ ਰਾਜ ਦਰਬਾਰ ਦੀ ਡਿਉਡੀ ਵਿੱਚ ਇੱਕ ਪਹਿਰੇਦਾਰ ਨੰਗੀ ਤਲਵਾਰ ਦੇ ਕੇ ਖੜ੍ਹਾ ਕਰ ਦਿੱਤਾ ਅਤੇ ਉਸਨੂੰ ਹੁਕਮ ਕਰ ਦਿੱਤਾ ਕਿ ਜਿਸ ਵਕਤ ਮੇਰਾ ਜਵਾਈ ਆਵੇ, ਉਸੇ ਵਕਤ ਉਸ ਨੂੰ ਕੈਦ ਕਰਕੇ, ਮੇਰੇ ਪਾਸ ਲੈ ਆਉਣਾ। ਜਦੋਂ ਰੋਜ਼ ਵਾਂਗ ਗੁਰਮੁਖਿ ਖਾਣਾ ਖਾਣ ਸਮੇਂ ਉੱਧਰ ਆਇਆ ਤਾਂ ਉਸੇ ਸਮੇਂ ਉਸ ਨੂੰ ਕੈਦ ਕਰਕੇ ਰਾਜੇ ਦੇ ਕੋਲ ਲਿਆਂਦਾ ਗਿਆ। ਰਾਜੇ ਨੇ ਉਸ ਨੂੰ ਗੁੱਸੇ ਨਾਲ ਕਿਹਾ ਕਿ ਤੂੰ ਮੇਰਾ ਜਨਮ ਭਰਿਸ਼ਟ ਕਰ ਦਿੱਤਾ ਹੈ। ਤੂੰ ਚੰਡਾਲ ਹੁੰਦਾ ਹੋਇਆ ਵੀ ਮੇਰੇ ਘਰ ਵਿੱਚ ਰਿਹਾ ਹੈਂ! ਇਹ ਸੁਣਕੇ, ਗੁਰਮੁਖਿ ਨੇ ਰਾਜੇ ਨੂੰ ਪੁੱਛਿਆ ਕਿ ਤੁਹਾਨੂੰ ਇਹ ਗੱਲ ਕਿਸ ਨੇ ਕਹੀ ਹੈ? ਰਾਜੇ ਨੇ ਵਜ਼ੀਰ ਦੀ ਦੱਸੀ ਹੋਈ ਪੂਰੀ

ਗੱਲ ਸੁਣਾਈ। ਗੁਰਮੁਖਿ ਨੇ ਕਿਹਾ ਕਿ ਉਸ ਬੰਦੇ (ਮਨਮੁੱਖ) ਦਾ ਇਹ ਕਹਿਣਾ ਸਰਾਸਰ ਝੂਠ ਹੈ ਬਲਕਿ ਉਸਨੇ ਤਾਂ ਮੇਰੇ ਨਾਲ ਬਹੁਤ ਬੁਰਾਈ ਕੀਤੀ ਸੀ ਪ੍ਰੰਤੂ ਮੈਂ ਸਮਝਿਆ ਕਿ ਮੇਰਾ ਫਰਜ਼ ਹੈ ਕਿ ਇਸਦਾ ਪੜਦਾ ਢਕ ਕੇ ਰੱਖਾਂ। ਇਸ ਕਰਕੇ, ਮੈਂ ਤੁਹਾਨੂੰ ਉਸਦੀ ਸਾਰੀ ਕਰਤੂਤ ਨਹੀਂ ਸੁਣਾਈ ਸੀ। ਇਸ ਤਰ੍ਹਾਂ ਰਾਜੇ ਨੂੰ ਖੂਹ ਵਾਲਾ ਬ੍ਰਿਤਾਂਤ ਯਾਨੀ ਨਾਗ ਅਤੇ ਪ੍ਰੇਤ ਦੇ ਮਿਲਣ ਦਾ ਕਿੱਸਾ ਅਤੇ ਪਹਾੜੀ ਬੂਟੀ ਵਾਲੀ ਸਾਰੀ ਕਹਾਣੀ ਸੁਣਾ ਦਿੱਤੀ। ਰਾਜੇ ਨੇ ਕਿਹਾ ਜੇ ਇਹ ਗੱਲ ਸੱਚੀ ਹੈ ਤਾਂ ਉਹ ਧਨ ਮੈਨੂੰ ਦਿਖਾਉ। ਰਾਜਾ ਸੈਰ ਕਰਨ ਦੇ ਬਹਾਨੇ ਉਸਦੇ ਨਾਲ ਉਥੇ ਗਿਆ ਜਿੱਥੇ ਉਹ ਨਾਗ ਰਹਿੰਦਾ ਸੀ। ਗੁਰਮੁਖਿ ਨੇ ਉੱਥੇ ਪਹੁੰਚ ਕੇ ਗਰੁੜ ਪੰਛੀ ਦੀ ਬਿੱਠ ਦਾ ਧੂੰਆਂ ਕੀਤਾ ਜਿਸ ਨਾਲ ਨਾਗ ਇੱਕ ਦਮ ਉੱਥੋਂ ਦੌੜ ਗਿਆ। ਫਿਰ ਉਸ ਜਗ੍ਹਾ ਨੂੰ ਖੁਦਵਾਇਆ ਗਿਆ ਤਾਂ ਬਹੁਤ ਧਨ, ਸੋਨਾ, ਚਾਂਦੀ, ਜਵਾਹਰਾਤ, ਮੋਤੀ, ਹੀਰੇ ਆਦਿਕ ਸੱਤ ਬਾਦਸ਼ਾਹੀਆਂ ਦਾ ਦੱਬਿਆ ਹੋਇਆ ਖਜ਼ਾਨਾ ਮਿਲਿਆ। ਇਹ ਕੀਮਤੀ ਖਜ਼ਾਨਾ ਦੇਖ ਕੇ ਰਾਜਾ ਬਹੁਤ ਪ੍ਰਸੰਨ ਹੋਇਆ ਅਤੇ ਆਪਣੇ ਜਵਾਈ ਨੂੰ ਬੜਾ ਪ੍ਰੇਮ ਕਰਨ ਲੱਗ ਪਿਆ। ਰਾਜਾ, ਅਪਣੇ ਜਵਾਈ 'ਗੁਰਮੁਖਿ' ਨੂੰ ਕਹਿੰਦਾ ਕਿ ਮੇਰੀ ਭੁੱਲ ਬਖਸ਼ ਦਿਉ। ਹੁਣ ਤੁਸੀਂ ਮੈਥੋਂ ਵੀ ਵੱਡੇ ਸ਼ਾਹੂਕਾਰ ਹੋ। ਐਂਨਾ ਕੁੱਛ ਵੇਖ ਸੁਣ ਕੇ ਵੀ ਰਾਜੇ ਦੇ ਮਨ ਵਿੱਚ ਉਸ ਦੀ ਜਾਤ ਬਾਰੇ ਅਜੇ ਸੰਸ਼ਾ ਸੀ ਜਿਸ ਕਰਕੇ, ਉਸਨੇ ਵਾਪਸ ਆ ਕੇ ਆਪਣੇ ਜਵਾਈ ਦੇ ਕੁਟੰਬੀਆਂ (ਰਿਸ਼ਤੇਦਾਰਾਂ) ਕੋਲ ਬੰਦਾ ਭੇਜ ਦਿੱਤਾ ਕਿ ਉਸਦੀ ਜਾਤ ਬਾਰੇ ਵੀ ਖਬਰ ਲੈਕੇ ਆਵੇ। ਜੇਕਰ ਸੱਚਮੁੱਚ ਹੀ ਉਸਦੀ ਜਾਤ ਉੱਤਮ ਹੋਵੇ ਤਾਂ ਸੰਬੰਧੀਆਂ ਨੂੰ ਬੜੀ ਧੂਮ-ਧਾਮ ਨਾਲ ਇਥੇ ਲੈਕੇ ਆਉਣ ਲਈ ਕਿਹਾ। ਸੋ ਰਾਜੇ ਦੇ ਆਦਮੀ ਨੂੰ ਗੁਰਮੁਖਿ ਦੇ ਦੇਸ਼ ਵਿੱਚ ਪਹੁੰਚ ਕੇ ਉਸਦੀ ਜਾਤ ਬਾਰੇ ਇਹ ਖਬਰ ਮਿਲੀ ਕਿ ਉਸਦੀ ਜਾਤ ਉੱਚੀ ਹੈ। ਉਹ ਆਦਮੀ ਰਾਜੇ ਦੇ ਹੁਕਮ ਅਨੁਸਾਰ ਉਸਦੇ ਪ੍ਰੀਵਾਰ ਨੂੰ ਬਹੁਤ ਮਾਨ ਅਤੇ ਸ਼ਾਨ ਦੇ ਨਾਲ ਰਾਜ ਦਰਬਾਰ ਵਿੱਚ ਲੈ ਕੇ ਪਹੁੰਚਿਆ। ਰਾਜੇ ਨੇ ਉਨ੍ਹਾਂ ਦਾ ਬਹੁਤ ਆਦਰ ਸਤਿਕਾਰ ਕੀਤਾ ਅਤੇ ਯਥਾ ਉਚਿਤ ਸੇਵਾ ਕੀਤੀ।

ਉਧਰ ਮਨਮੁੱਖ ਦਾ ਹਾਲ ਸੁਣੋ..........

ਮਨਮੁੱਖ ਜਦੋਂ ਵਜ਼ੀਰ ਤੋਂ ਵਿਦਾ ਹੋ ਕੇ ਥੋੜ੍ਹਾ ਅੱਗੇ ਗਿਆ ਤਾਂ ਉਸ ਨੂੰ ਇਹ ਖਿਆਲ ਆਇਆ ਕਿ ਮੈਂ ਵੀ ਉਸ ਖੂਹ ਵਿੱਚ ਜਾ ਕੇ ਨਾਗ ਅਤੇ ਪ੍ਰੇਤ ਦੀਆਂ ਗੱਲਾਂ ਸੁਣਾਂ ਅਤੇ ਕੋਈ ਉੱਚੀ ਪਦਵੀ ਹਾਸਲ ਕਰ ਲਵਾਂ। ਮਨਮੁੱਖ ਉੱਥੇ ਜਾ ਕੇ ਉਸੇ ਝਾੜ ਦੇ ਹੇਠਾਂ ਛੁਪ ਕੇ ਬੈਠ ਗਿਆ। ਉਸੇ ਰਾਤ ਨੂੰ ਪ੍ਰੇਤ ਅਤੇ ਨਾਗ ਫਿਰ ਆ ਕੇ ਮਿਲੇ, ਇੱਕ ਦੂਜੇ ਨੂੰ ਹਾਲ-ਚਾਲ ਪੁੱਛਿਆ। ਫਿਰ ਕਹਿਣ ਲੱਗੇ ਕਿ ਇਹ ਕੀ ਹੋਇਆ ਕਿ ਅਸਾਂ ਦੋਹਾਂ ਤੋਂ ਸਾਨੂੰ ਸੁੱਖ ਦੇਣ ਵਾਲੇ ਥਾਂ ਖੁੱਸ ਗਏ ਹਨ? ਨਾਗ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਸ ਵਕਤ ਜ਼ਰੂਰ ਕੋਈ ਆਦਮੀ ਛੁਪ ਕੇ ਬੈਠਾ ਹੋਵੇਗਾ ਅਤੇ ਸਾਡੀਆਂ ਗੱਲਾਂ ਸੁਣਕੇ ਸਾਡਾ ਸਾਰਾ ਭੇਤ ਲੈ ਗਿਆ ਹੋਵੇਗਾ। ਉਸਨੇ ਸਾਨੂੰ ਕੱਢਣ ਦੇ ਉਹੀ ਉਪਾਉ ਵਰਤੇ ਹੋਣਗੇ ਜਿਸ ਕਰਕੇ ਅਸੀਂ ਦੋਵੇਂ ਦੁਖੀ ਹੋਏ ਹਾਂ। ਅੱਜ ਵੀ ਜਾਕੇ ਦੇਖ ਲਈਏ, ਮਤਾਂ ਕੋਈ ਸਾਡੀਆਂ ਗੱਲਾਂ ਸੁਣ ਰਿਹਾ ਹੋਵੇ। ਮੈਨੂੰ ਇੱਕ ਹੋਰ ਅਜਿਹੇ ਸਥਾਨ ਦਾ ਪਤਾ ਹੈ ਇਸ ਤੋਂ ਬਾਅਦ ਮੈਂ ਉੱਥੇ ਜਾ ਕੇ ਵਾਸਾ ਕਰੂੰਗਾ। ਪ੍ਰੇਤ ਨੇ ਕਿਹਾ ਸੰਧਿਆ ਦੇ ਸਮੇਂ ਇੱਕ ਆਦਮੀ ਇੱਥੇ ਆਇਆ ਤਾਂ ਸੀ ਮਤਾਂ ਉਹ ਹੁਣ ਤੱਕ ਇੱਥੇ ਹੀ ਛੁਪਿਆ ਬੈਠਾ ਹੋਵੇ ਅਤੇ ਸਾਡੀਆਂ ਗੱਲਾਂ ਸੁਣਦਾ ਹੋਵੇ! ਮੈਂ ਵੀ ਆਪਣੇ ਆਰਾਮ ਦੇ ਲਈ ਜਗ੍ਹਾ ਲੱਭ ਲਈ ਹੈ। ਪ੍ਰੰਤੂ ਆਪਾਂ ਗੱਲਾਂ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਦੇਖ ਲਈਏ ਕਿ ਇੱਥੇ ਕੋਈ ਹੈ ਤਾਂ ਨਹੀਂ? ਫਿਰ ਆਪਣਾ ਹਾਲ ਅਤੇ ਟਿਕਾਣਾ ਇੱਕ ਦੂਜੇ ਨੂੰ ਦੱਸਾਂਗੇ। ਪ੍ਰੇਤ ਨੇ ਨਾਗ ਨੂੰ ਕਿਹਾ ਕਿ ਤੂੰ ਇੱਥੇ ਬੈਠ, ਮੈਂ ਖੂਹ ਵਿੱਚ ਜਾਕੇ ਦੇਖਦਾ ਹਾਂ। ਜਦ ਪ੍ਰੇਤ ਨੇ ਖੂਹ ਵਿੱਚ ਉੱਤਰ ਕੇ ਦੇਖਿਆ ਤਾਂ ਉਹੀ ਆਦਮੀ ਜੋ ਸੰਧਿਆ ਵੇਲੇ ਦੇਖਿਆ ਸੀ, ਝਾੜ ਵਿੱਚ ਛੁਪਿਆ ਬੈਠਾ ਸੀ। ਉਸ ਨੂੰ ਪੱਕਾ ਯਕੀਨ ਹੋ ਗਿਆ ਕਿ ਜ਼ਰੂਰ ਇਹੀ ਆਦਮੀ ਹੈ ਜੋ ਸਾਡੀਆਂ ਗੱਲਾਂ ਤੋਂ ਭੇਤ ਲੈਕੇ ਸਾਡੇ ਸਾਰੇ ਦੁੱਖਾਂ ਦਾ ਕਾਰਨ ਬਣਿਆ ਹੈ। ਪ੍ਰੇਤ ਨੇ ਉਸ ਮਨਮੁੱਖ ਨੂੰ ਫੜ ਕੇ ਕਿਹਾ ਕਿ ਤੂੰ ਫਿਰ ਸਾਡੀਆਂ ਗੱਲਾਂ ਸੁਣਨ ਲਈ ਇੱਥੇ ਆਇਆ ਹੈਂ? ਹੁਣ ਤੈਨੂੰ ਚੰਗਾ ਸਬਕ ਸਿਖਾਵਾਂਗੇ। ਇਹ ਆਖ ਕੇ ਉਸਨੂੰ ਖੂਹ ਵਿੱਚੋਂ ਬਾਹਰ ਕੱਢ ਕੇ ਖੂਬ ਮਾਰਿਆ। ਨਾਗ ਨੇ ਵੀ ਆਪਣਾ ਗੁੱਸਾ ਕੱਢਦੇ ਹੋਏ ਉਸ ਨੂੰ ਡੰਗ ਮਾਰਿਆ

ਜਿਸ ਨਾਲ ਮਨਮੁੱਖ ਉੱਥੇ ਹੀ ਮਰ ਗਿਆ। ਇਸ ਕਰਕੇ, ਗੁਰੂ ਸਾਹਿਬ ਜੀ ਨੇ ਫੁਰਮਾਇਆ ਹੈ- **ਗੁਰਮੁਖਿ ਸੁਖੀਆ ਮਨਮੁਖਿ ਦੁਖੀਆ॥**

**ਪ੍ਰਸ਼ਨ 16-17. ਕਉਣੁ ਸੁ ਸਨਮੁਖੁ ਕਉਣੁ ਵੇਮੁਖੀਆ॥** ਯਾਨੀ ਗੁਰੂ ਦੇ 'ਸਨਮੁਖੁ' ਕੌਣ ਹੈ ਅਤੇ 'ਵੇਮੁਖੀਆ' ਕੌਣ ਹੈ?

**ਉੱਤਰ-ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ॥** ਭਾਵ ਜੋ 'ਗੁਰਮੁਖਿ' ਹੁੰਦਾ ਹੈ, ਉਹੀ ਗੁਰੂ ਦੇ 'ਸਨਮੁਖੁ' ਹੁੰਦਾ ਹੈ ਯਾਨੀ ਗੁਰੂ ਦੀ ਆਗਿਆ ਅਨੁਸਾਰ ਚਲਦਾ ਹੈ ਅਤੇ 'ਮਨਮੁਖਿ' ਗੁਰੂ ਤੋਂ ਵੇਮੁਖੀਆ ਹੁੰਦਾ ਹੈ ਯਾਨੀ ਗੁਰੂ ਦੀ ਆਗਿਆ ਤੋਂ ਬਾਹਰ ਚਲਦਾ ਹੈ।

**ਵਿਆਖਿਆ** – ਜਿਹੜੇ ਪ੍ਰਾਣੀ 'ਗੁਰਮੁਖਿ' ਹੁੰਦੇ ਹਨ, ਉਹੀ ਪ੍ਰਮਾਤਮਾ ਦੇ 'ਸਨਮੁਖੁ' ਹੋਣ ਨਾਲ ਮੁਕਤ ਅਵਸਥਾ ਪ੍ਰਾਪਤ ਕਰਦੇ ਹਨ। ਜੇ ਅਸੀਂ ਸੂਰਜ ਵੱਲ ਨੂੰ ਮੂੰਹ ਕਰਕੇ ਚੱਲਾਂਗੇ ਤਾਂ ਸਾਡੀ ਪਰਛਾਈ, ਆਪਣੇ ਆਪ ਹੀ ਸਾਡੇ ਪਿੱਛੇ ਚੱਲੇਗੀ ਅਤੇ ਜੇ ਸੂਰਜ ਵੱਲ ਨੂੰ ਪਿੱਠ ਕਰ ਕੇ ਚੱਲਾਂਗੇ ਤਾਂ ਸਾਡੀ ਪਰਛਾਈ, ਸਾਥੋਂ ਅੱਗੇ ਚੱਲੇਗੀ ਅਤੇ ਬਹੁਤ ਯਤਨ ਕਰਨ ਨਾਲ ਵੀ ਫੜੀ ਨਹੀਂ ਜਾਵੇਗੀ। ਇਸ ਤਰ੍ਹਾਂ ਜਿਹੜੇ ਪ੍ਰਾਣੀ 'ਗੁਰਮੁਖਿ' ਬਣਕੇ ਪ੍ਰਮਾਤਮਾ ਦੇ 'ਸਨਮੁਖੁ' ਹੋ ਜਾਂਦੇ ਹਨ, ਉਨ੍ਹਾਂ ਦੇ ਪਿੱਛੇ ਇਹ ਮਾਇਆ ਪਰਛਾਈ ਵਾਂਗ ਰਹਿੰਦੀ ਹੈ ਅਤੇ ਜਿਹੜੇ ਪ੍ਰਾਣੀ 'ਮਨਮੁੱਖ' ਹੋ ਕੇ ਪ੍ਰਮਾਤਮਾ ਤੋਂ ਬੇਮੁੱਖ ਹੋ ਜਾਂਦੇ ਨੇ ਤਾਂ ਉਹ (ਮਾਇਆ) ਪਰਛਾਈ ਦੇ ਪਿੱਛੇ ਕਿੰਨਾਂ ਵੀ ਦੌੜ ਲੈਣ ਪ੍ਰੰਤੂ ਮਾਇਆ, ਉਨ੍ਹਾਂ ਦੇ ਹੱਥ ਨਹੀਂ ਆਉਂਦੀ। 'ਗੁਰਮੁਖਿ' ਹੋਣ ਨਾਲ ਪ੍ਰਮਾਤਮਾ ਅਤੇ ਮਾਇਆ (ਸੰਸਾਰ) ਦੋਵੇਂ ਪ੍ਰਾਪਤ ਹੋ ਜਾਂਦੇ ਹਨ ਅਤੇ 'ਮਨਮੁਖਿ' ਬਣਨ ਨਾਲ ਇਹ ਪ੍ਰਾਣੀ ਰੱਬ ਅਤੇ ਸੰਸਾਰ ਦੋਹਾਂ ਤੋਂ ਹੀ ਵਾਂਝਾ ਰਹਿ ਜਾਂਦਾ ਹੈ। ਜਿਵੇਂ ਭਗਤ ਪ੍ਰਹਿਲਾਦ ਨੂੰ ਮਾਰਨ ਲਈ, ਉਸ ਦੇ ਪਿਤਾ ਹਰਨਾਖਸ਼ ਨੇ ਬਹੁਤ ਕੋਸ਼ਿਸ਼ ਕੀਤੀ ਪ੍ਰੰਤੂ ਪ੍ਰਹਿਲਾਦ 'ਗੁਰਮੁਖਿ' ਸੀ ਅਤੇ ਪ੍ਰਮਾਤਮਾ ਦੇ ਸਨਮੁਖੁ ਹੋਣ ਕਰਕੇ, ਉਹ ਸਾਰੀਆਂ ਮੁਸ਼ਕਲਾਂ ਨੂੰ ਪਾਰ ਕਰ ਗਿਆ। ਪ੍ਰਹਿਲਾਦ ਦੇ ਪਿਤਾ ਨੂੰ ਭਾਵੇਂ ਬਹੁਤ ਸਾਰੇ ਦੈਵੀ ਵਰਦਾਨ ਮਿਲੇ ਹੋਏ ਸਨ ਫਿਰ ਵੀ 'ਵੇਮੁਖੀਆ' ਹੋਣ ਕਰਕੇ, ਪ੍ਰਮੇਸ਼ਰ ਨੇ ਉਸ ਨੂੰ ਮਾਰਨ ਲਈ 'ਨਰਸਿੰਘ' ਅਵਤਾਰ ਦਾ ਰੂਪ ਧਾਰਨ ਕੀਤਾ ਅਤੇ ਦੁਸ਼ਟ ਹਰਨਾਖ਼ਸ਼ ਦਾ

ਨਾਸ਼ ਕੀਤਾ। ਇਉਂ ਪ੍ਰਮਾਤਮਾ ਨੇ ਅਪਣੇ ਭਗਤ ਪ੍ਰਹਿਲਾਦ 'ਗੁਰਮੁਖਿ' ਦੀ ਰੱਖਿਆ ਕੀਤੀ। ਇਸ ਪ੍ਰਕਰਣ ਬਾਰੇ ਗੁਰਬਾਣੀ ਦਾ ਫੁਰਮਾਨ ਹੈ:-

**ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥**

**(ਅੰਗ ੪੫੧)**

**ਦ੍ਰਿਸ਼ਟਾਂਤ (੧) -**

**ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ ॥**

**(ਅੰਗ ੯੮੨)**

**ਅਰਥ-**ਜਿਵੇਂ ਰਾਜਾ 'ਧ੍ਰਿਸ਼ਟਬੁੱਧੀ' ਨੇ ਭਗਤ 'ਚੰਦ੍ਰਹਾਸ' ਨੂੰ ਦੁਖੀ ਕਰਕੇ ਆਪਣਾ ਘਰ (ਹਿਰਦਾ) ਅੱਗ (ਈਰਸ਼ਾ) ਦੇ ਚਿੰਗਾਰਾਂ ਨਾਲ ਸਾੜ ਲਿਆ ਸੀ ਭਾਵ ਕਿ ਇੱਕ ਭਗਤ ਨੂੰ ਦੁੱਖ ਦੇਣ ਕਰਕੇ, ਅਪਣਾ ਘਰ (ਹਿਰਦਾ) ਪਾਪਾਂ ਦੀ ਅੱਗ ਨਾਲ ਸਾੜ ਕੇ ਬਹੁਤ ਦੁਖੀ ਹੋਇਆ।

ਦੱਖਣੀ ਹਿੰਦੁਸਤਾਨ ਦੇ ਮਲ੍ਹਿਪਰ ਦੇਸ਼ ਵਿੱਚ ਇੱਕ ਧਰਮੀ ਰਾਜਾ 'ਸੁਧਰਮ' ਹੋਇਆ ਹੈ, ਜਿਸ ਦੇ ਘਰ ਇੱਕ ਅਤੀ ਸੁੰਦਰ ਪੁੱਤਰ ਪੈਦਾ ਹੋਇਆ। ਇਹ ਬੱਚਾ ਅਜੇ ਦੋ ਤਿੰਨ ਮਹੀਨੇ ਦਾ ਹੀ ਸੀ ਤਾਂ ਉਸ ਦੇ ਦੇਸ਼ ਉੱਤੇ ਕੁੰਤਲ ਦੇਸ਼ ਦੇ ਰਾਜਾ 'ਕੰਤੂਹਲ' ਨੇ ਚੜ੍ਹਾਈ ਕਰ ਦਿੱਤੀ। ਲੜਾਈ ਵਿੱਚ ਰਾਜਾ 'ਸੁਧਰਮ' ਮਾਰਿਆ ਗਿਆ ਅਤੇ ਉਸ ਦੀ ਰਾਣੀ ਨੇ ਸਤੀ ਹੋਣ ਦਾ ਪ੍ਰਣ ਕਰ ਲਿਆ। ਸਤੀ ਹੋਣ ਤੋਂ ਪਹਿਲਾਂ ਆਪਣੇ ਬਾਲਕ ਨੂੰ ਅਸੀਸ ਦਿੱਤੀ ਅਤੇ ਦਾਸੀ ਨੂੰ ਉਸਦੀ ਵਧੀਆ ਪਾਲਣਾ ਕਰਨ ਲਈ ਕਹਿ ਕੇ ਆਪ ਸਤੀ ਹੋ ਗਈ। ਉੱਧਰ ਰਾਜਾ 'ਕੰਤੂਹਲ' ਰਾਜਾ 'ਸੁਧਰਮ' ਤੋਂ ਜਿੱਤਿਆ ਹੋਇਆ ਦੇਸ਼, ਆਪਣੇ ਵਜ਼ੀਰ 'ਧ੍ਰਿਸ਼ਟਬੁੱਧੀ' ਨੂੰ ਦੇ ਕੇ ਆਪ ਵਾਪਿਸ ਚਲਿਆ ਗਿਆ। ਹੁਣ ਧ੍ਰਿਸ਼ਟਬੁੱਧੀ ਇਸ ਦੇਸ਼ ਦਾ ਰਾਜਾ ਬਣ ਗਿਆ। ਉਸ ਦੇ ਇੱਕ ਪੁੱਤਰ 'ਮਦਨ' ਅਤੇ ਇੱਕ ਪੁੱਤਰੀ 'ਵਿਖਯਾ' ਸੀ। ਇਹ 'ਧ੍ਰਿਸ਼ਟਬੁੱਧੀ' ਰਾਜਾ ਅਤੇ ਉਸ ਦਾ ਵਜ਼ੀਰ 'ਕੁਬੁੱਧੀ' ਅਤੀ ਦੁਸ਼ਟ, ਪਾਪੀ ਅਤੇ ਕਠੋਰ ਦਿਲ ਵਾਲੇ ਸਨ। ਇਹ ਦੋਵੇਂ ਆਪਣੀ ਪਰਜਾ ਨੂੰ ਬਹੁਤ ਸਤਾਇਆ ਕਰਦੇ ਸਨ। ਉਹ ਦਾਸੀ 'ਸੁਧਰਮ' ਰਾਜੇ ਦੇ ਪੁੱਤਰ ਨੂੰ ਮਹਿਲਾਂ ਵਿੱਚੋਂ ਚੋਰੀ-ਚੋਰੀ ਛੁਪਾ ਕੇ ਇੱਕ ਜੰਗਲ ਵਿੱਚ ਲੈ ਗਈ। ਜੰਗਲ ਵਿੱਚ ਇੱਕ

ਸੰਤ ਜੀ ਦੀ ਸ਼ਰਣ ਵਿੱਚ, ਉਸ ਬਾਲਕ ਨੂੰ ਛੱਡ ਦਿੱਤਾ। ਮਹਾਤਮਾ ਜੀ ਨੇ ਸ਼ਰਣਾਗਤ ਬਾਲਕ ਦਾ ਪਾਲਣ-ਪੋਸ਼ਣ ਕਰਨਾ, ਆਪਣਾ ਪਵਿੱਤ੍ਰ ਫਰਜ਼ ਸਮਝਿਆ ਅਤੇ ਦਾਸੀ ਨੂੰ ਵੀ ਉੱਥੇ ਰਹਿ ਕੇ ਬਾਲਕ ਦੀ ਅਤੇ ਅਭਿਆਗਤ ਸੰਤਾਂ-ਮਹਾਤਮਾਂ ਦੀ ਸੇਵਾ ਕਰਨ ਦੀ ਆਗਿਆ ਦਿੱਤੀ। ਇਉਂ ਉਹ ਬਾਲਕ ਅਜੇ ਤਿੰਨ ਕੁ ਸਾਲ ਦਾ ਹੀ ਹੋਇਆ ਸੀ, ਪ੍ਰਮੇਸ਼ਰ ਦੇ ਹੁਕਮ ਅਨੁਸਾਰ, ਉਹ ਦਾਸੀ ਵੀ ਪ੍ਰਾਣ ਤਿਆਗ ਗਈ।ਸੰਤਾਂ ਦੇ ਸੰਗ ਵਿੱਚ ਰਹਿੰਦਾ-ਰਹਿੰਦਾ ਉਹ ਬਾਲਕ, ਉਨ੍ਹਾਂ ਦੀ ਸਿੱਖਿਆ ਅਨੁਸਾਰ ਭਗਵਾਨ ਦਾ ਭਜਨ ਕਰਨ ਲੱਗ ਪਿਆ। ਕੁੱਝ ਸਮੇਂ ਬਾਅਦ ਉਹ ਸੰਤ, ਬਾਲਕ ਨੂੰ ਨਾਲ ਲੈ ਕੇ ਤੀਰਥ ਯਾਤਰਾ ਕਰਨ ਲਈ ਗਏ। ਚਲਦੇ-ਚਲਦੇ ਇੱਕ ਦਿਨ ਉਸੇ ਰਾਜਾ 'ਧ੍ਰਿਸ਼ਟਬੁੱਧੀ' ਦੇ ਰਾਜ ਵਿੱਚ ਪਹੁੰਚੇ। ਉੱਥੋਂ ਦੇ ਵਸਨੀਕ ਲੋਕਾਂ ਵਿੱਚ ਸੰਤਾਂ ਦੇ ਪ੍ਰਤੀ ਬਹੁਤ ਸ਼ਰਧਾ ਪ੍ਰੇਮ ਸੀ। ਮਹਾਂਪੁਰਖਾਂ ਦੇ ਆਉਣ ਦੀ ਖ਼ਬਰ ਸੁਣ ਕੇ, ਉਹ ਲੋਕ ਸੰਤਾਂ ਦੇ ਦਰਸ਼ਨ ਕਰਨ ਗਏ ਅਤੇ ਪ੍ਰਸ਼ਾਦਾ ਛਕਣ ਲਈ ਬੇਨਤੀ ਕੀਤੀ। ਸੰਤਾਂ ਨੇ ਉਨ੍ਹਾਂ ਦਾ ਪ੍ਰੇਮ ਦੇਖ ਕੇ ਚੱਲਣ ਲਈ 'ਹਾਂ' ਕਰ ਦਿੱਤੀ ਅਤੇ ਪ੍ਰੇਮ ਨਾਲ ਲੰਗਰ ਛਕ ਕੇ, ਉਨ੍ਹਾਂ ਨੂੰ ਅਸੀਸਾਂ ਦਿੱਤੀਆਂ। ਰਾਜੇ ਨੂੰ ਪਤਾ ਲੱਗਿਆ ਤਾਂ ਉਸ ਨੇ ਵੀ ਲੋਕਾਚਾਰੀ ਕਰਨ ਵਾਸਤੇ ਸੰਤਾਂ ਨੂੰ ਲੰਗਰ ਛਕਣ ਲਈ ਬੇਨਤੀ ਕੀਤੀ। ਬੇਨਤੀ ਸਵੀਕਾਰ ਕਰਕੇ ਉਹ ਸੰਤ-ਜਨ ਬਾਲਕ ਸਮੇਤ ਰਾਜਾ ਦੇ ਮਹਿਲ ਵਿਖੇ ਗਏ। ਜਦੋਂ ਪ੍ਰਸ਼ਾਦਾ ਵਰਤ ਰਿਹਾ ਸੀ ਤਾਂ ਰਾਜਾ ਧ੍ਰਿਸ਼ਟਬੁੱਧੀ ਉਸ ਬਾਲਕ ਨੂੰ ਦੇਖ ਕੇ, ਵਜ਼ੀਰ 'ਕੁਬੁੱਧੀ' ਨੂੰ ਕਹਿਣ ਲੱਗਿਆ ਕਿ ਦੇਖੋ! ਇਨ੍ਹਾਂ ਸਾਧੂਆਂ ਨੇ ਆਪਣਾ ਪੇਟ ਪਾਲਣ ਲਈ, ਇਸ ਛੋਟੇ ਜਿਹੇ ਬਾਲਕ ਨੂੰ ਦੁਨੀਆਂ ਤੋਂ ਪਰੇ ਕਰ ਦਿੱਤਾ ਹੈ! ਛੋਟੀ ਉਮਰ ਵਿੱਚ ਹੀ ਇਸ ਨੂੰ ਸੰਤ ਬਣਾਉਣ ਦਾ ਕੀ ਫਾਇਦਾ? ਜਦੋਂ ਰਾਜਾ ਅਤੇ ਵਜ਼ੀਰ ਇਹ ਗੱਲ ਕਰ ਰਹੇ ਸਨ ਤਾਂ ਸੰਤਾਂ ਨੇ ਸੁਣ ਲਿਆ ਅਤੇ ਉਸ ਬਾਲਕ ਵੱਲ ਦੇਖ ਕੇ ਮੁਸਕਰਾਉਣ ਲੱਗ ਪਏ। ਰਾਜੇ ਨੇ ਸੰਤਾਂ ਨੂੰ ਹੱਸਣ ਦਾ ਕਾਰਨ ਪੁੱਛਿਆ ਤਾਂ ਇੱਕ ਸੰਤ ਨੇ ਕਿਹਾ ਕਿ ਹੇ ਰਾਜਨ! ਸਾਨੂੰ ਪ੍ਰਮੇਸ਼ਰ ਦੀ ਕੁਦਰਤ ਉੱਤੇ ਬਹੁਤ ਹੈਰਾਨੀ ਹੋ ਰਹੀ ਹੈ ਕਿ ਜਿਸ ਬਾਲਕ ਬਾਰੇ ਤੁਸੀਂ, ਵਜ਼ੀਰ ਨਾਲ ਗੱਲ ਕਰ ਰਹੇ ਸੀ, ਉਸ ਦੇ ਮਸਤਕ ਨੂੰ ਦੇਖ ਕੇ ਅਤੇ ਯੋਗ-

ਬਲ ਨਾਲ ਸਾਨੂੰ ਇਹ ਭਵਿੱਖਤ ਗੱਲ ਸਮਝ ਪਈ ਹੈ ਕਿ ਇਹ ਬਾਲਕ ਵੱਡਾ ਹੋ ਕੇ ਤੁਹਾਡਾ ਦਾਮਾਦ (ਜਵਾਈ) ਬਣੇਗਾ। ਇਹ ਗੱਲ ਸੁਣ ਕੇ ਧ੍ਰਿਸ਼ਟਬੁੱਧੀ ਅੰਦਰੋਂ ਸੜ ਗਿਆ ਪਰ ਬਾਹਰੋਂ ਚੁੱਪ ਰਿਹਾ। ਸੰਤ ਜਨ ਬਾਲਕ ਸਮੇਤ ਪ੍ਰਸ਼ਾਦਾ ਛਕ ਕੇ ਰਵਾਨਾ ਹੋ ਗਏ। ਹੁਣ ਰਾਜੇ ਨੇ ਵਜ਼ੀਰ ਨਾਲ ਸਲਾਹ ਕੀਤੀ ਕਿ ਕਿਸੇ ਤਰ੍ਹਾਂ ਵੀ ਇਸ ਬਾਲਕ ਨੂੰ ਮਰਵਾ ਦਿੱਤਾ ਜਾਵੇ ਕਿਉਂਕਿ ਜੇ ਇਹ ਜਿਉਂਦਾ ਰਿਹਾ ਤਾਂ ਮੇਰਾ ਜਵਾਈ ਬਣੇਗਾ। ਮੇਰੀ ਕੁਲ (ਵੰਸ਼) ਨੂੰ ਕਲੰਕ ਲੱਗੇਗਾ ਅਤੇ ਲੋਕ ਵੀ ਹੱਸਣਗੇ ਕਿ ਇੱਕ ਮੰਗਤੇ ਸਾਧੂ ਨੂੰ, ਰਾਜੇ ਨੇ ਜਵਾਈ ਬਣਾ ਲਿਆ।ਗੁਪਤ ਰੂਪ ਵਿੱਚ ਇਹ ਸਲਾਹ ਕਰਕੇ, ਜਲਾਦਾਂ ਨੂੰ ਬੁਲਾ ਕੇ ਕਿਹਾ ਕਿ ਇਸ ਬਾਲਕ ਨੂੰ ਕਿਸੇ ਤਰ੍ਹਾਂ ਵੀ ਛੁਪਾ ਕੇ ਮਾਰ ਦਿਉ ਪ੍ਰੰਤੂ ਨਿਸ਼ਾਨੀ ਵਜੋਂ ਇਸ ਦੇ ਪੈਰ ਦੀ ਇੱਕ ਉਂਗਲੀ ਕੱਟ ਕੇ, ਮੈਨੂੰ ਲਿਆ ਕੇ ਜਰੂਰ ਦਿਖਾਉਣੀ। ਰਾਜੇ ਦਾ ਹੁਕਮ ਮੰਨਦੇ ਹੋਏ ਜਲਾਦਾਂ ਨੇ ਬਾਲਕ ਨੂੰ ਸੰਤਾਂ ਕੋਲੋਂ ਜਬਰੀ ਫੜ ਲਿਆ ਤੇ ਘੋਰ ਜੰਗਲ ਵਿੱਚ ਲੈ ਗਏ। ਜਦ ਉਸ ਨੂੰ ਮਾਰਨ ਦੀ ਤਿਆਰੀ ਕਰਨ ਲੱਗੇ ਤਾਂ ਬਾਲਕ ਨੇ ਜਲਾਦਾਂ ਨੂੰ ਕਿਹਾ ਕਿ ਭਲਾ ਕਰਕੇ! ਮੈਨੂੰ ਦੋ ਚਾਰ ਦਿਨ ਦੀ ਮੋਹਲਤ ਹੋਰ ਦੇ ਦੇਵੋ ਤਾਂ ਕਿ ਮੈਂ ਪ੍ਰਮਾਤਮਾ ਦਾ ਸਿਮਰਨ ਹੋਰ ਕਰ ਲਵਾਂ। ਉਸ ਤੋਂ ਬਾਅਦ ਤੁਸੀਂ ਆਪਣਾ ਕੰਮ ਪੂਰਾ ਕਰ ਲਇਉ। ਜਲਾਦਾਂ ਨੇ ਉਸ ਦੀ ਇਹ ਗੱਲ ਮਨਜ਼ੂਰ ਕਰ ਲਈ। ਉਹ ਬਾਲਕ, ਪ੍ਰਮਾਤਮਾ ਦੇ ਧਿਆਨ ਵਿੱਚ ਐਨਾਂ ਇਕਾਗਰ ਚਿੱਤ ਹੋ ਗਿਆ ਕਿ ਉਸ ਦੇ ਮੱਥੇ ਦਾ ਤੇਜ, ਪ੍ਰਤੱਖ ਦਿਖਾਈ ਦੇਣ ਲੱਗ ਪਿਆ। ਜਦੋਂ ਜਲਾਦਾਂ ਨੇ ਇਹ ਦੇਖਿਆ ਕਿ ਬਾਲਕ ਬਹੁਤ ਸ਼ਾਂਤ-ਚਿੱਤ, ਅਡੋਲ ਬਿਰਤੀ ਵਾਲਾ ਅਤੇ ਪ੍ਰਮੇਸ਼ਰ ਦਾ ਭਗਤ ਮਾਲੂਮ ਦੇ ਰਿਹਾ ਹੈ ਤਾਂ ਉਹ ਵੀ ਬਹੁਤ ਪ੍ਰਭਾਵਿਤ ਹੋ ਗਏ। ਉਨ੍ਹਾਂ ਨੂੰ ਤਰਸ ਆਇਆ ਕਿ ਅਜਿਹੇ ਨਿਰਦੋਸ਼ ਬਾਲਕ ਨੂੰ ਮਾਰ ਕੇ, ਅਸੀਂ ਬਹੁਤ ਵੱਡਾ ਪਾਪ ਕਰਾਂਗੇ। ਉਹ ਪਛਤਾਵਾ ਕਰਕੇ, ਕਹਿਣ ਲੱਗੇ ਕਿ ਸਾਨੂੰ, ਤੁਹਾਡੀ ਅਜਿਹੀ ਉੱਚੀ ਅਵਸਥਾ ਦਾ ਨਹੀਂ ਸੀ ਪਤਾ। ਆਪ ਨੂੰ ਮਾਰਕੇ ਉਸ ਬੁਰੇ ਕਰਮ ਦਾ ਸਾਨੂੰ ਬਹੁਤ ਪਾਪ ਲੱਗਣਾ ਸੀ ਪ੍ਰੰਤੂ ਅਸੀਂ ਰਾਜੇ ਤੋਂ ਵੀ ਅਪਣੀ ਜਾਨ ਬਚਾਉਣੀ ਹੈ, ਇਸ ਲਈ ਅਸੀਂ ਤੁਹਾਡੇ ਪੈਰ ਦੀ ਇੱਕ ਉਂਗਲੀ ਕੱਟ

ਕੇ ਲੈ ਜਾਣੀ ਹੈ ਜੋ ਕਿ ਸਾਨੂੰ ਰਾਜੇ ਦਾ ਹੁਕਮ ਹੈ। ਬਾਲਕ ਨੇ ਜਲਾਦਾਂ ਨੂੰ ਨਾਮ ਦਾ ਉਪਦੇਸ਼ ਦਿੱਤਾ ਅਤੇ ਅਸੀਸ ਦੇ ਕੇ ਆਪਣਾ ਪੈਰ, ਉਨ੍ਹਾਂ ਦੇ ਅੱਗੇ ਰੱਖ ਦਿੱਤਾ। ਪ੍ਰਮੇਸ਼ਰ ਦੀ ਕਰਨੀ! ਬਾਲਕ ਦੇ ਉਸ ਪੈਰ ਨੂੰ ਛੇਵੀਂ ਉਂਗਲੀ ਸੀ ਜਿਸ ਕਰਕੇ, ਉਸ ਨੂੰ ਰਾਜ ਮਿਲਣ ਵਿੱਚ ਵੀ ਰੁਕਾਵਟ ਪੈ ਰਹੀ ਸੀ। ਜਲਾਦਾਂ ਨੇ ਉਹੀ ਛੇਵੀਂ ਕੱਟੀ ਹੋਈ ਉਂਗਲੀ ਲਿਜਾਕੇ ਰਾਜੇ 'ਧ੍ਰਿਸ਼ਟਬੁੱਧੀ' ਨੂੰ ਦੇ ਦਿੱਤੀ ਜਿਸ ਨੂੰ ਦੇਖਕੇ, ਉਹ ਬਹੁਤ ਖੁਸ਼ ਹੋਇਆ। ਸਮਝਣ ਲੱਗਿਆ ਕਿ ਮੇਰੇ ਦੁਸ਼ਮਣ ਦਾ ਫਾਹਾ ਵੱਢਿਆ ਗਿਆ ਅਤੇ ਸੰਤਾਂ ਦਾ ਬਚਨ ਵੀ ਝੂਠਾ ਹੋ ਗਿਆ। ਉੱਧਰ ਉਹ ਬਾਲਕ ਜੰਗਲ ਵਿੱਚੋਂ ਬਾਹਰ ਆ ਗਿਆ ਅਤੇ ਇੱਕ ਦਰਖਤ ਹੇਠਾਂ ਬੈਠ ਕੇ, ਕੀਰਤਨ ਕਰਨ ਲੱਗ ਪਿਆ। ਉਸ ਦਾ ਰਸੀਲਾ ਕੀਰਤਨ ਸੁਣਕੇ, ਜੰਗਲ ਦੇ ਪਸ਼ੂ, ਪੰਛੀ ਸਭ ਮੋਹਿਤ ਹੋ ਜਾਂਦੇ ਅਤੇ ਉਸ ਦੇ ਚੁਫੇਰੇ ਬੈਠ ਜਾਂਦੇ। ਇੱਕ ਦਿਨ ਰਾਜਾ 'ਕੁਲਿੰਦ' ਉੱਧਰੋਂ ਲੰਘਿਆ ਅਤੇ ਕੀਰਤਨ ਦਾ ਇਹ ਦ੍ਰਿਸ਼ ਦੇਖ ਕੇ, ਉਸ ਦਾ ਧਿਆਨ ਸਤਿਸੰਗ ਵੱਲ ਖਿੱਚਿਆ ਗਿਆ। ਜਦੋਂ ਉਸ ਨੇ ਬੱਚੇ ਦਾ ਸੁੰਦਰ ਸਰੂਪ ਤੇ ਪ੍ਰਭਾਵਸ਼ਾਲੀ ਮਸਤਕ ਦੇਖਿਆ ਤਾਂ ਅਤੀ ਪ੍ਰਭਾਵਿਤ ਹੋ ਕੇ, ਰਾਜੇ ਨੇ ਨਮਸ਼ਕਾਰ ਕੀਤੀ ਅਤੇ ਕਿਹਾ ਕਿ ਪ੍ਰਮੇਸ਼ਰ ਨੇ ਮੇਰੇ ਉੱਤੇ ਕਿੰਨੀ ਕ੍ਰਿਪਾ ਕੀਤੀ ਹੈ ਕਿ ਆਪ ਵਰਗੇ ਸੁੰਦਰ ਬੇਟੇ ਦਾ ਮਿਲਾਪ ਹੋਇਆ ਹੈ। ਤੁਸੀਂ ਚੱਲ ਕੇ ਮੇਰੇ ਮਹਿਲਾਂ ਵਿੱਚ ਰਹੋ, ਮੇਰੇ ਕੋਈ ਪੁੱਤਰ ਨਹੀਂ ਹੈ। ਮੇਰੇ ਵੱਡੇ ਭਾਗ ਹਨ ਜੋ ਅੱਜ ਪ੍ਰਮੇਸ਼ਰ ਦੀ ਕ੍ਰਿਪਾ ਸਦਕਾ ਮੈਨੂੰ, ਆਪ ਜੈਸਾ ਸੁਸ਼ੀਲ ਅਤੇ ਭਗਤ ਬੇਟਾ ਮਿਲਿਆ ਹੈ।

ਉਹ ਨਿਰਇੱਛਤ ਬਾਲਕ, ਰਾਜੇ ਦਾ ਪ੍ਰੇਮ ਦੇਖ ਕੇ, ਉਸ ਦੇ ਨਾਲ ਚੱਲ ਪਿਆ। ਦੋਨੋਂ ਜਣੇ ਘੋੜੇ ਤੇ ਸਵਾਰ ਹੋ ਕੇ ਮਹਿਲਾਂ ਵਿੱਚ ਪਹੁੰਚੇ ਅਤੇ ਅੱਗੋਂ ਰਾਣੀ ਵੀ ਦੇਖ ਕੇ ਸਮਝ ਗਈ ਤੇ ਬਹੁਤ ਪ੍ਰਸੰਨ ਹੋਈ। ਰਾਜੇ ਨੂੰ ਸੁਯੋਗ ਪੁੱਤਰ ਮਿਲਣ ਦੀ ਖੁਸ਼ੀ ਵਿੱਚ, ਸਾਰੇ ਸ਼ਹਿਰ ਦੀ ਪਰਜਾ ਨੇ ਬਹੁਤ ਖੁਸ਼ੀਆਂ ਮਨਾਈਆਂ। ਰਾਜ ਦਰਬਾਰ ਵਿੱਚ ਵੀ ਅਨੇਕਾਂ ਪ੍ਰਕਾਰ ਦੇ ਜਸ਼ਨ ਮਨਾਏ ਗਏ। ਉਸ ਬੱਚੇ ਦਾ ਨਾਮ 'ਚੰਦ੍ਰਹਾਸ' ਰੱਖਿਆ ਗਿਆ ਕਿਉਂਕਿ ਉਸ ਦਾ ਚਿਹਰਾ ਚੰਦ੍ਰਮਾਂ ਵਾਂਗ ਚਮਕਣ ਵਾਲਾ, ਤੇਜੱਸਵੀ ਅਤੇ ਹਸਮੁੱਖ ਸੀ। ਰਾਜਾ

'ਕੁਲਿੰਦ', ਰਾਜਾ 'ਕੰਤੂਹਲ' ਦੇ ਅਧੀਨ ਸੀ, ਇਸ ਲਈ ਰਾਜਾ 'ਕੰਤੂਹਲ' ਨੂੰ ਸਾਲਾਨਾ ਕਰ (ਲਗਾਨ) ਦਿੰਦਾ ਹੁੰਦਾ ਸੀ। ਜਦੋਂ 'ਚੰਦ੍ਰਹਾਸ' ਵੱਡਾ ਹੋਇਆ ਤਾਂ ਬਹੁਤ ਚਤੁਰ, ਨਿਆਂਕਾਰੀ ਅਤੇ ਬਲੀ ਹੋ ਗਿਆ। ਐਨਾਂ ਬਲੀ ਹੋਇਆ ਕਿ ਉਸ ਦੇ ਪੜੌਸੀ ਰਾਜੇ, ਉਸ ਦੀ ਸ਼ੋਭਾ, ਵਡਿਆਈ ਅਤੇ ਬਹਾਦਰੀ ਬਾਰੇ ਸੁਣ ਕੇ ਉਸ ਦੀ ਆਨ ਮੰਨਣ ਲੱਗ ਪਏ ਸਨ। ਇਸ ਰਾਜਾ ਕੁਲਿੰਦ ਦਾ ਦੂਤ, ਨਿਯਮ ਮੁਤਾਬਿਕ ਸਾਲਾਨਾ ਕਰ ਲੈ ਕੇ 'ਧ੍ਰਿਸ਼ਟਬੁੱਧੀ' ਕੋਲ ਗਿਆ ਪ੍ਰੰਤੂ ਇਸ ਵਾਰ ਕੁੱਝ ਖਾਸ ਸੁਗਾਤਾਂ ਵੀ ਨਾਲ ਲੈ ਗਿਆ। ਉਸ ਦੂਤ ਨੇ ਜਾ ਕੇ 'ਧ੍ਰਿਸ਼ਟਬੁੱਧੀ' ਨੂੰ ਰਾਜਾ 'ਕੁਲਿੰਦ' ਨੂੰ ਮਿਲੇ ਸੁਯੋਗ ਪੁੱਤਰ 'ਚੰਦ੍ਰਹਾਸ' ਦੀ ਸ਼ਲਾਘਾ ਸੁਣਾਈ। ਜਦ 'ਧ੍ਰਿਸ਼ਟਬੁੱਧੀ' ਨੇ ਸੁਣਿਆ ਤਾਂ ਉਸ ਨੂੰ ਇਹ ਪੱਕਾ ਯਕੀਨ ਹੋ ਗਿਆ ਕਿ ਅਜਿਹਾ ਬਾਲਕ ਉਹੀ ਹੋ ਸਕਦਾ ਹੈ, ਜਿਸ ਨੂੰ ਮਾਰਨ ਲਈ ਮੈਂ ਯਤਨ ਕੀਤਾ ਸੀ। 'ਧ੍ਰਿਸ਼ਟਬੁੱਧੀ' ਅੰਦਰੋਂ ਤਾਂ ਬਹੁਤ ਸੜਿਆ ਪਰ ਬਾਹਰੋਂ ਕੁੱਝ ਨਾ ਬੋਲਿਆ। ਉਹ ਆਪਣੇ ਵਜ਼ੀਰ 'ਕੁਬੁੱਧੀ' ਨਾਲ ਸਲਾਹ ਕਰਕੇ, ਰਾਜਾ 'ਕੁਲਿੰਦ' ਦੇ ਦੇਸ਼ ਚਲਿਆ ਗਿਆ। ਜਦੋਂ 'ਚੰਦ੍ਰਹਾਸ' ਨੂੰ ਵੇਖਿਆ ਤਾਂ ਹੋਰ ਵੀ ਪੱਕਾ ਨਿਸ਼ਚਾ ਹੋ ਗਿਆ ਕਿ ਇਹ ਉਹੀ ਬਾਲਕ ਹੈ। ਉਹ ਉੱਪਰਲੇ ਮਨੋਂ 'ਚੰਦ੍ਰਹਾਸ' ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰਦਾ ਰਿਹਾ। ਦੋ ਦਿਨ ਉੱਥੇ ਰਹਿਣ ਤੋਂ ਬਾਅਦ, ਉਸ ਨੇ ਇੱਕ ਦਿਨ ਰਾਜਾ 'ਕੁਲਿੰਦ' ਨੂੰ ਕਿਹਾ ਕਿ ਇਹ ਗੱਦੀ ਹਮੇਸ਼ਾ ਰਾਜਾ 'ਕੰਤੂਹਲ' ਦੀ ਮਰਜ਼ੀ ਅਨੁਸਾਰ ਚਲਦੀ ਆਈ ਹੈ। ਇਸ ਕਰਕੇ, ਮੇਰੀ ਸਲਾਹ ਹੈ ਕਿ 'ਚੰਦ੍ਰਹਾਸ' ਮੇਰੇ ਬੇਟੇ ਮਦਨ ਨਾਲ ਜਾ ਕੇ, ਰਾਜਾ 'ਕੰਤੂਹਲ' ਨੂੰ ਮਿਲ ਕੇ ਆਵੇ ਅਤੇ ਉਹ ਸਾਲਾਨਾ ਕਰ (ਲਗਾਨ) ਵਾਲਾ ਪੈਸਾ ਵੀ ਆਪ ਜਾਕੇ ਦੇ ਆਵੇ। ਮੈਂ, 'ਚੰਦ੍ਰਹਾਸ' ਨੂੰ ਆਪਣੇ ਬੇਟੇ 'ਮਦਨ' ਵੱਲ ਇੱਕ ਚਿੱਠੀ ਲਿਖ ਦਿੰਦਾਂ ਹਾਂ ਕਿ ਉਹ ਇਸ ਦੇ ਨਾਲ ਜਾਵੇ। ਰਾਜਾ 'ਕੁਲਿੰਦ' ਨੂੰ ਕੋਈ ਸ਼ੱਕ ਨਹੀਂ ਸੀ ਇਸ ਕਰਕੇ, ਭੇਜਣਾ ਮੰਨ ਲਿਆ। 'ਧ੍ਰਿਸ਼ਟਬੁੱਧੀ' ਨੇ ਬੇਟੇ ਮਦਨ ਵਾਸਤੇ ਇੱਕ ਚਿੱਠੀ ਲਿਖਕੇ 'ਚੰਦ੍ਰਹਾਸ' ਨੂੰ ਦੇ ਦਿੱਤੀ ਜਿਸ ਵਿੱਚ ਲਿਖਿਆ ਹੋਇਆ ਸੀ ਕਿ 'ਚੰਦ੍ਰਹਾਸ' ਬਹੁਤ ਸੂਰਮਾ ਰਾਜਕੁਮਾਰ ਹੈ। ਇਸ ਨੇ ਕਈ ਰਾਜਿਆਂ ਦਾ ਰਾਜ ਥੋੜੇ ਦਿਨਾਂ ਵਿੱਚ ਹੀ ਆਪਣੇ ਅਧੀਨ ਕਰ ਲਿਆ ਹੈ।

ਮੈਨੂੰ ਵੀ ਇਸ ਤੋਂ ਖਤਰਾ ਪ੍ਰਤੀਤ ਦੇ ਰਿਹਾ ਹੈ, ਇਸ ਲਈ ਪਹੁੰਚਦੇ ਸਾਰ ਹੀ ਇਸ ਨੂੰ 'ਵਿਖ' (ਵਿਸ਼) ਦੇ ਕੇ ਕੰਮ ਮੁਕਾ ਦਿਉ। 'ਚੰਦ੍ਰਹਾਸ' ਚਿੱਠੀ ਲੈ ਕੇ 'ਧ੍ਰਿਸ਼ਟਬੁੱਧੀ' ਦੇ ਸ਼ਹਿਰ ਤੋਂ ਬਾਹਰ ਉਸ ਦੇ ਇੱਕ ਬਗੀਚੇ ਵਿੱਚ ਠਹਿਰ ਗਿਆ। ਬਹੁਤ ਥੱਕਿਆ ਹੋਣ ਕਰਕੇ, ਉਸ ਨੂੰ ਗੂੜ੍ਹੀ ਨੀਂਦ ਆ ਗਈ। ਕੁੱਝ ਸਮੇਂ ਬਾਅਦ ਧ੍ਰਿਸ਼ਟਬੁੱਧੀ ਦੀ ਬੇਟੀ 'ਵਿਖਯਾ' ਹਮੇਸ਼ਾ ਵਾਂਗ ਬਾਗ ਦੀ ਸੈਰ ਕਰਨ ਆਈ ਅਤੇ ਉਸ ਜਵਾਨ (ਚੰਦ੍ਰਹਾਸ) ਨੂੰ ਸੁੱਤਾ ਪਿਆ ਦੇਖ ਕੇ ਰੁਕ ਗਈ। 'ਵਿਖਯਾ', ਚੰਦ੍ਰਹਾਸ ਦਾ ਰੰਗ-ਰੂਪ ਦੇਖ ਕੇ ਮੋਹਿਤ ਹੋ ਗਈ। ਉਸਨੇ ਆਪਣੇ ਮਨ ਵਿੱਚ ਪ੍ਰਣ ਕਰ ਲਿਆ ਕਿ ਮੈਂ ਇਸ ਨੌਜਵਾਨ ਨਾਲ ਹੀ ਸ਼ਾਦੀ ਕਰਾਂਗੀ। ਹਾਲਾਂਕਿ ਉਸ ਨੂੰ ਇਹ ਨਹੀਂ ਸੀ ਪਤਾ ਕਿ ਇਹ ਕੌਣ ਹੈ, ਕੀ ਕਰਨ ਤੇ ਕਿੱਥੋਂ ਆਇਆ ਹੈ? 'ਵਿਖਯਾ' ਹੌਲੀ-ਹੌਲੀ ਚੱਲਕੇ ਉਸਦੇ ਨਜ਼ਦੀਕ ਪਹੁੰਚੀ ਤੇ ਦੇਖਿਆ ਕਿ ਉਸਦੀ ਜੇਬ ਵਿੱਚੋਂ ਇੱਕ ਚਿੱਠੀ ਬਾਹਰ ਆਈ ਹੋਈ ਹੈ ਜੋ ਦੇਖਣ ਤੋਂ ਲੱਗਦੀ ਹੈ ਕਿ ਮੇਰੇ ਪਿਤਾ ਜੀ ਦੀ ਲਿਖੀ ਹੋਈ ਹੈ। ਸੋਚਿਆ ਕਿ ਮੈਂ ਇਸ ਨੂੰ ਆਪਣਾ ਵਰ ਮੰਨਿਆ ਹੈ ਤਾਂ ਉਸਦੀ ਚਿੱਠੀ ਪੜ੍ਹਨ ਨਾਲ ਕੋਈ ਪਾਪ ਨਹੀਂ ਹੈ। ਇਹ ਵਿਚਾਰ ਕੇ ਚਿੱਠੀ ਪੜ੍ਹੀ ਤਾਂ ਬਹੁਤ ਡਰ ਗਈ ਕਿਉਂਕਿ ਉਸ ਵਿੱਚ ਲਿਖਿਆ ਹੋਇਆ ਸੀ ਕਿ ਇਸ ਨੌਜਵਾਨ ਨੂੰ ਪਹੁੰਚਦੇ ਸਾਰ ਹੀ 'ਵਿਖ' (ਜ਼ਹਿਰ) ਦੇ ਦਿਉ । ਉਹ ਠੰਢਾ ਸਾਹ ਭਰ ਕੇ ਵਿਚਾਰਨ ਲੱਗੀ ਕਿ ਹੁਣ ਕੀ ਕਰਾਂ? ਪ੍ਰਮਾਤਮਾ ਨੇ ਆਪਣੇ ਭਗਤ ਦੀ ਪੈਜ ਰੱਖਣ ਲਈ, ਇਸ ਰਾਜ ਕੰਨਿਆ ਦੇ ਮਨ ਵਿੱਚ ਪ੍ਰੇਰਣਾ ਕੀਤੀ ਕਿ ਤੇਰਾ ਨਾਮ 'ਵਿਖਯਾ' ਹੈ। ਜੇ ਤੂੰ 'ਵਿਖ' ਅੱਖਰ ਦੇ ਪਿੱਛੇ 'ਯਾ' ਲਾ ਦੇਵੇਂ ਤਾਂ ਵਿਖ ਤੋਂ 'ਵਿਖਯਾ' ਬਣ ਜਾਵੇਗਾ। ਲੜਕੀ ਨੇ ਉਹ ਅੱਖਰ ਬਣਾਉਣ ਦਾ ਸੋਚ ਲਿਆ ਪਰ ਉੱਥੇ ਨਾ ਸਿਆਹੀ ਅਤੇ ਨਾ ਹੀ ਕਲਮ। ਰੱਬ ਨੇ ਉਸ ਨੂੰ ਸੁਝਾਇਆ ਕਿ ਕੱਖ ਦੀ ਕਲਮ ਬਣਾ ਕੇ ਅਤੇ ਅੱਖਾਂ ਵਿਚਲੇ ਕਾਜਲ (ਸੁਰਮਾ) ਨੂੰ ਸਿਆਹੀ ਬਣਾ ਕੇ ਲਿਖ ਦੇਵੇ। ਉਸੇ ਵਕਤ ਇਵੇਂ ਹੀ ਕੀਤਾ ਯਾਨੀ ਕੱਖ ਨੂੰ ਕਾਜਲ ਨਾਲ ਭਰ ਕੇ 'ਵਿਖ' ਅੱਖਰ ਨੂੰ ਯਾ ਲਾ ਕੇ 'ਵਿਖਯਾ' ਬਣਾ ਦਿੱਤਾ। ਉਹ ਬਹੁਤ ਖੁਸ਼ ਹੋਈ ਕਿ ਰੱਬ ਨੇ ਇਸ ਨੌਜਵਾਨ ਦੀ ਰੱਖਿਆ ਕਰ ਲਈ ਅਤੇ ਮੇਰਾ ਸੰਕਲਪ ਵੀ ਪੂਰਾ ਹੋ ਜਾਵੇਗਾ। ਫਿਰ ਉਹ

ਚਿੱਠੀ ਉਸ ਦੀ ਜੇਬ ਵਿੱਚ ਪਾ ਕੇ, ਵਾਪਿਸ ਰਾਜ ਮਹਿਲਾਂ ਵਿੱਚ ਜਾ ਪਹੁੰਚੀ। 'ਚੰਦ੍ਰਹਾਸ' ਜਦੋਂ ਜਾਗਿਆ ਤਾਂ ਮਹਿਲ ਵਿੱਚ ਪਹੁੰਚ ਕੇ ਚਿੱਠੀ ਰਾਜੇ ਦੇ ਪੁੱਤਰ ਮਦਨ ਨੂੰ ਦੇ ਦਿੱਤੀ। ਮਦਨ ਨੇ ਚਿੱਠੀ ਪੜ੍ਹ ਕੇ 'ਚੰਦ੍ਰਹਾਸ' ਨੂੰ ਪ੍ਰੇਮ ਨਾਲ ਘੁੱਟ ਲਿਆ। ਤੇਜੱਸਵੀ ਚਿਹਰਾ ਦੇਖ ਕੇ ਖੁਸ਼ੀ ਨਾਲ ਬੋਲਿਆ ਕਿ ਸਾਡੇ ਵੱਡੇ ਭਾਗ ਹਨ ਜੋ ਤੇਰੇ ਜੈਸਾ ਸੁੰਦਰ ਜਵਾਨ ਸਾਡੇ ਪਿਤਾ ਨੇ ਆਪਣੀ ਧੀ ਲਈ ਵਰ ਚੁਣਿਆ ਹੈ। 'ਚੰਦ੍ਰਹਾਸ' ਨੂੰ ਬੈਠਾ ਕੇ ਮਦਨ, ਮਾਂ ਪਾਸ ਗਿਆ। ਮਾਤਾ ਨੂੰ ਚਿੱਠੀ ਦਿਖਾ ਕੇ ਸਾਰਾ ਹਾਲ ਪੜ੍ਹ ਕੇ ਸੁਣਾਇਆ। ਉਹ ਵੀ ਚਿੱਠੀ ਸੁਣਕੇ ਬਹੁਤ ਖੁਸ਼ ਹੋਈ ਅਤੇ ਚਿੱਠੀ ਆਪਣੀ ਧੀ 'ਵਿਖਯਾ' ਨੂੰ ਵੀ ਦਿਖਾ ਦਿੱਤੀ। 'ਵਿਖਯਾ' ਵੀ ਬਹੁਤ ਖੁਸ਼ ਹੋਈ ਪ੍ਰੰਤੂ ਲੱਜਾ ਨਾਲ ਸਿਰ ਨੀਵਾਂ ਕਰ ਲਿਆ। ਸਭ ਮਿਲ ਕੇ 'ਚੰਦ੍ਰਹਾਸ' ਕੋਲ ਪਹੁੰਚੇ। ਸਭ ਜਣੇ ਬੜੇ ਪ੍ਰਸੰਨ ਹੋਏ ਕਿ ਐਸਾ ਸੁੰਦਰ ਅਤੇ ਪ੍ਰਤਿਭਾਵਾਨ ਵਰ ਰਾਜ ਕੰਨਿਆਂ ਦੇ ਲਈ ਪ੍ਰਮੇਸ਼ਰ ਨੇ ਸਾਨੂੰ ਦਿੱਤਾ ਹੈ। ਰਾਜ-ਪੁਰੋਹਿਤ ਨੂੰ ਬੁਲਾਇਆ ਤੇ ਉਸ ਨੇ ਵੀ ਲਗਨ ਦੇਖ ਕੇ ਇਹੀ ਦਿਨ ਸ਼ਾਦੀ ਕਰਨ ਲਈ ਸ਼ੁੱਭ ਦੱਸਿਆ। ਇਸ ਕਰਕੇ, ਉਸੇ ਦਿਨ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਸ਼ਾਦੀ ਕਰ ਦਿੱਤੀ ਗਈ। ਮਦਨ ਵੀ ਬਹੁਤ ਖੁਸ਼ ਹੋ ਗਿਆ ਕਿ ਮੈਂ ਪਿਤਾ ਜੀ ਦੀ ਆਗਿਆ ਅਨੁਸਾਰ ਉਸ ਨੂੰ 'ਵਿਖਯਾ' ਦੇ ਦਿੱਤੀ ਹੈ। ਮਦਨ ਨੇ ਇਸ ਖੁਸ਼ਖਬਰੀ ਵਾਲੀ ਚਿੱਠੀ ਲਿਖਕੇ, ਉੱਪਰ ਕੇਸਰ ਲਗਾ ਕੇ, ਇੱਕ ਦੂਤ ਦੇ ਹੱਥ, ਆਪਣੇ ਪਿਤਾ ਜੀ ਪਾਸ ਭੇਜ ਦਿੱਤੀ। ਉਸ ਵਿੱਚ ਮਦਨ ਨੇ ਲਿਖਿਆ ਕਿ ਆਪ ਜੀ ਦੀ ਆਗਿਆ ਅਨੁਸਾਰ, ਮੈਂ ਚਿੱਠੀ ਪੜ੍ਹਦੇ ਸਾਰ ਹੀ ਭੈਣ 'ਵਿਖਯਾ' 'ਚੰਦ੍ਰਹਾਸ' ਨੂੰ ਪਰਨਾ ਦਿੱਤੀ ਹੈ। ਜਦ ਇਹ ਚਿੱਠੀ 'ਧ੍ਰਿਸ਼ਟਬੁੱਧੀ' ਨੇ ਪੜ੍ਹੀ ਤਾਂ ਉਸਦਾ ਰੰਗ ਇੱਕ ਦਮ ਪੀਲਾ ਹੋ ਗਿਆ ਤੇ ਸੋਚਣ ਲੱਗਿਆ ਕਿ ਮੈਂ ਲਿਖਿਆ ਤਾਂ ਕੁੱਝ ਹੋਰ ਸੀ ਅਤੇ ਕਰ ਕੁੱਝ ਹੋਰ ਦਿੱਤਾ? ਆਖਰ ਰਾਜਾ 'ਕੁਲਿੰਦ' ਤੋਂ ਛੁੱਟੀ ਲੈ ਕੇ ਰਾਜਾ 'ਧ੍ਰਿਸ਼ਟਬੁੱਧੀ' ਆਪਣੇ ਵਜ਼ੀਰ 'ਕੁਬੁੱਧੀ' ਸਮੇਤ ਵਾਪਸ ਰਾਜਧਾਨੀ ਪਹੁੰਚਿਆ। ਹਰ ਪਾਸੇ ਢੋਲ-ਢਮੱਕੇ ਵੱਜਦੇ ਸੁਣ ਕੇ ਉਹ ਸਮਝ ਗਿਆ ਕਿ 'ਚੰਦ੍ਰਹਾਸ' ਅਤੇ 'ਵਿਖਯਾ' ਦੀ ਸ਼ਾਦੀ ਦੇ ਜਸ਼ਨ ਹੋ ਰਹੇ ਹਨ ਤੇ ਸਭ ਲੋਕ ਇੱਕ ਦੂਜੇ ਨੂੰ ਵਧਾਈਆਂ ਦੇ ਰਹੇ ਹਨ। ਸਭ ਨੇ

ਆ ਕੇ ਰਾਜੇ ਨੂੰ ਵੀ ਵਧਾਈਆਂ ਦਿੱਤੀਆਂ ਪਰ ਉਹ ਵਧਾਈਆਂ ਰਾਜੇ ਨੂੰ ਦਿਲ ਵਿੱਚ ਤੀਰ ਵਾਂਗ ਲੱਗ ਰਹੀਆਂ ਸਨ। ਰਾਜਾ ਅੰਦਰੋਂ ਸੜਿਆ ਹੋਇਆ ਬਿਲਕੁੱਲ ਚੁੱਪ ਸੀ। ਬਹੁਤ ਦੁਖੀ ਹੋ ਕੇ ਮਹਿਲ ਵਿੱਚ ਪਹੁੰਚਿਆ ਅਤੇ ਮਦਨ ਨੂੰ ਬੁਲਾ ਕੇ ਕਿਹਾ, ਇਹ ਕੀ ਕੀਤਾ? ਮੈਂ ਤਾਂ ਇਸ ਨੂੰ 'ਵਿਖ' (ਜ਼ਹਿਰ) ਦੇਣ ਲਈ ਲਿਖਿਆ ਸੀ ਪਰ ਤੂੰ ਆਪਣੀ ਭੈਣ 'ਵਿਖਯਾ' ਦੇ ਦਿੱਤੀ। ਮਦਨ ਇਹ ਸੁਣਕੇ ਚਿੰਤਾ ਵਿੱਚ ਡੁੱਬ ਗਿਆ ਅਤੇ ਡਰਦੇ-ਡਰਦੇ ਨੇ ਉਹੀ ਚਿੱਠੀ ਪਿਤਾ ਜੀ ਨੂੰ ਦੇ ਦਿੱਤੀ। ਜਦੋਂ ਰਾਜੇ ਨੇ ਚਿੱਠੀ ਵਿੱਚ 'ਵਿਖ' ਦਾ 'ਵਿਖਯਾ' ਲਿਖਿਆ ਹੋਇਆ ਦੇਖਿਆ ਤਾਂ ਆਪਣੀ ਕਿਸਮਤ ਤੇ ਰੋਣ ਲੱਗਿਆ। ਫਿਰ ਕੁੱਝ ਸਮੇਂ ਬਾਅਦ ਬੇਟੇ ਮਦਨ ਨੂੰ ਰਾਜਾ 'ਕੰਤੂਹਲ' ਦੀ ਧੀ 'ਚੰਪਕਾ' ਦੇ ਸੁਯੰਬਰ ਤੇ ਭੇਜਿਆ ਅਤੇ ਆਪ 'ਕੁਬੁੱਧੀ' ਮੰਤਰੀ ਨਾਲ ਸਲਾਹ ਕੀਤੀ ਕਿ 'ਚੰਦ੍ਰਹਾਸ' ਨੂੰ ਅਜੇ ਵੀ ਕਿਸੇ ਜੁਗਤੀ ਨਾਲ ਮਰਵਾ ਦੇਣਾ ਚਾਹੀਦਾ ਹੈ। ਜਲਾਦਾਂ ਨੂੰ ਬੁਲਾ ਕੇ ਹੁਕਮ ਕੀਤਾ ਕਿ ਅੱਜ ਰਾਤ ਨੂੰ ਪਹਿਲੇ ਪਹਿਰ, ਬਾਗ ਦੇ ਕੋਲ ਦੁਰਗਾ ਦੇਵੀ ਦੇ ਮੰਦਰ ਵਿੱਚ ਜੋ ਵੀ ਆਦਮੀ ਪੂਜਾ ਕਰਨ ਆਵੇ, ਉਸ ਨੂੰ ਮਾਰ ਕੇ ਟੁਕੜੇ-ਟੁਕੜੇ ਕਰ ਦੇਣਾ ਭਾਵੇਂ ਉਹ ਕੋਈ ਵੀ ਹੋਵੇ। ਇਸ ਤੋਂ ਬਾਅਦ 'ਚੰਦ੍ਰਹਾਸ' ਨੂੰ ਬੁਲਾ ਕੇ ਕਿਹਾ ਕਿ ਬੇਟਾ! ਤੂੰ ਸਾਡੀ ਕੁਲ-ਮਰਿਆਦਾ ਮੁਤਾਬਕ, ਅੱਜ ਸ਼ਾਮ ਨੂੰ ਪੂਜਾ ਦੀ ਸਮੱਗਰੀ ਲੈ ਕੇ, ਸ਼ਹਿਰ ਦੇ ਬਾਹਰ ਜੋ ਦੇਵੀ ਦਾ ਮੰਦਰ ਹੈ, ਉੱਥੇ ਪੂਜਾ ਕਰਨ ਲਈ ਜਾਈਂ। 'ਚੰਦ੍ਰਹਾਸ' ਰਾਜੇ ਦੇ ਕਹਿਣ ਮੁਤਾਬਕ ਜਾ ਰਿਹਾ ਸੀ ਤਾਂ ਰਸਤੇ ਵਿੱਚ ਉਸ ਨੂੰ ਮਦਨ ਮਿਲ ਪਿਆ। ਮਦਨ ਨੇ 'ਚੰਦ੍ਰਹਾਸ' ਨੂੰ ਕਿਹਾ ਕਿ ਤੂੰ ਕ੍ਰਿਪਾ ਕਰਕੇ ਰਾਜੇ 'ਕੰਤੂਹਲ' ਦੇ ਮਹਿਲ ਵਿੱਚ ਉਸ ਦੀ ਧੀ 'ਚੰਪਕਾ' ਦੇ ਸੁਯੰਬਰ ਲਈ ਜਾਹ। ਉਸ ਰਾਜਕੁਮਾਰੀ ਨੇ ਕਿਸੇ ਨੂੰ ਵੀ ਨਹੀਂ ਵਰਿਆ। ਉਸ ਨੇ ਤੇਰੇ ਗੁਣਾਂ ਦੀ ਬਹੁਤ ਵਡਿਆਈ ਸੁਣੀ ਹੈ। ਉਹ ਤੈਥੋਂ ਬਿਨਾਂ ਹੋਰ ਕਿਸੇ ਨੂੰ ਵੀ ਪਤੀ ਨਹੀਂ ਬਣਾਏਗੀ ਤੇ ਰਾਜਾ 'ਕੰਤੂਹਲ' ਨੇ ਵੀ ਮੈਨੂੰ ਕਿਹਾ ਹੈ ਕਿ 'ਚੰਦ੍ਰਹਾਸ' ਨੂੰ ਕਿਸੇ ਰੱਥ ਤੇ ਸਵਾਰ ਕਰਕੇ ਇੱਥੇ ਭੇਜੋ। ਇਸ ਗੱਲ ਤੋਂ 'ਚੰਦ੍ਰਹਾਸ' ਨੂੰ ਹੈਰਾਨੀ ਭਰੀ ਖੁਸ਼ੀ ਹੋਈ ਕਿ ਮੇਰੇ ਵੱਡੇ ਭਾਗ! ਜੋ ਰਾਜਾ 'ਕੰਤੂਹਲ' ਨੇ ਮੈਨੂੰ ਬੁਲਾਇਆ ਹੈ। ਚੰਦ੍ਰਹਾਸ ਨੇ ਮਦਨ ਨੂੰ ਦੱਸਿਆ ਕਿ ਮੈਂ

ਤੇਰੇ ਪਿਤਾ ਦੀ ਆਗਿਆ ਪੂਰੀ ਕਰਨੀ ਹੈ ਜੋ ਕੁਲ-ਮਰਿਆਦਾ ਮੁਤਾਬਿਕ ਦੇਵੀ ਪੂਜਾ ਲਈ ਮੰਦਰ ਪਹੁੰਚਣਾ ਹੈ। ਮਦਨ ਨੇ ਕਿਹਾ ਕਿ ਤੂੰ ਫਿਕਰ ਨਾ ਕਰ! ਮੈਂ ਉੱਥੇ ਜਾ ਕੇ ਤੇਰੇ ਵੱਲੋਂ ਪੂਜਾ ਕਰ ਲੈਂਦਾ ਹਾਂ ਪ੍ਰੰਤੂ ਤੂੰ ਹੁਣੇ ਇਸ ਰੱਥ ਤੇ ਚੜ੍ਹ ਕੇ ਰਾਜਾ 'ਕੰਤੂਹਲ' ਦੇ ਪਾਸ ਜਾਹ! ਫਿਰ ਦੋਨੋਂ ਜਣੇ ਰੱਥ ਬਦਲ ਕੇ ਚਲੇ ਗਏ। ਜਦ ਮਦਨ ਪੂਜਾ ਕਰਨ ਲਈ ਦੇਵੀ ਮੰਦਰ ਕੋਲ ਗਿਆ ਤਾਂ ਪਹੁੰਚਦੇ ਸਾਰ ਹੀ ਉਸ ਦਾ ਸਿਰ ਧੜ ਤੋਂ ਅਲੱਗ ਕਰਕੇ, ਜਲਾਦ ਉੱਥੋਂ ਭੱਜ ਗਏ। ਉੱਧਰ 'ਚੰਦ੍ਰਹਾਸ' ਰਾਜਾ 'ਕੰਤੂਹਲ' ਦੇ ਮਹਿਲੀਂ ਪਹੁੰਚ ਗਿਆ ਤਾਂ ਰਾਜਾ 'ਕੰਤੂਹਲ', ਰਾਣੀ ਅਤੇ ਰਾਜਕੁਮਾਰੀ 'ਚੰਪਕਾ' ਬੜੇ ਪ੍ਰਸੰਨ ਹੋਏ। ਉਸੇ ਰਾਤ ਉਸ ਦੀ ਰਾਜਕੁਮਾਰੀ ਨਾਲ ਸ਼ਾਦੀ ਕਰ ਦਿੱਤੀ। 'ਚੰਦ੍ਰਹਾਸ' ਨੇ ਦੂਜੇ ਦਿਨ 'ਧ੍ਰਿਸ਼ਟਬੁੱਧੀ' ਦੇ ਸ਼ਹਿਰ ਜਾਣ ਦੀ ਆਗਿਆ ਮੰਗੀ ਤਾਂ ਰਾਜੇ ਨੇ ਲਾਚਾਰੀ ਨਾਲ ਛੁੱਟੀ ਦਿੱਤੀ। 'ਚੰਪਕਾ' ਤੇ 'ਚੰਦ੍ਰਹਾਸ' ਦੋਵੇਂ ਜਾ ਕੇ ਰਾਜਾ 'ਧ੍ਰਿਸ਼ਟਬੁੱਧੀ' ਅਤੇ 'ਵਿਖਯਾ' ਨੂੰ ਮਿਲੇ। ਜਦ ਰਾਜੇ ਨੇ 'ਚੰਦ੍ਰਹਾਸ' ਨੂੰ ਜਿਉਂਦਾ ਦੇਖਿਆ ਤਾਂ ਦੇਖਦੇ ਸਾਰ ਹੀ ਉਸਦਾ ਰੰਗ ਉੱਡ ਗਿਆ ਅਤੇ ਪੁੱਛਿਆ ਕਿ ਮਦਨ ਕਿੱਥੇ ਹੈ? ਇਸ ਤੇ 'ਚੰਦ੍ਰਹਾਸ' ਨੇ ਦੱਸਿਆ ਕਿ ਮਦਨ ਨੇ ਮੈਨੂੰ ਕਲ੍ਹ ਸ਼ਾਮ ਦੇ ਵਕਤ ਰਥ ਤੇ ਚੜ੍ਹਾ ਕੇ ਰਾਜਾ 'ਕੰਤੂਹਲ' ਦੇ ਪਾਸ ਭੇਜਿਆ ਸੀ ਅਤੇ ਉਹ ਆਪ ਮੇਰੇ ਬਦਲੇ ਮੰਦਰ ਤੇ ਪੂਜਾ ਕਰਨ ਲਈ ਚਲਿਆ ਗਿਆ ਸੀ। ਉਸ ਤੋਂ ਬਾਅਦ ਮੈਨੂੰ ਨਹੀਂ ਪਤਾ ਕਿ ਉਹ ਕਿੱਥੇ ਹੈ। ਇਹ ਸੁਣਕੇ 'ਧ੍ਰਿਸ਼ਟਬੁੱਧੀ' ਹਾਏ! ਹਾਏ! ਕਰਕੇ ਵਿਰਲਾਪ ਕਰਨ ਲੱਗਿਆ ਤੇ ਬੇਹੋਸ਼ ਹੋ ਕੇ ਡਿੱਗ ਪਿਆ। ਜਦ ਹੋਸ਼ ਵਿੱਚ ਆਇਆ ਤਾਂ ਇੱਕ ਦਮ ਦੌੜਦਾ ਹੋਇਆ ਦੇਵੀ ਦੇ ਮੰਦਰ ਪਹੁੰਚਿਆ। ਉਸਦੀ ਰਾਣੀ, ਧੀ, 'ਚੰਦ੍ਰਹਾਸ' ਅਤੇ ਹੋਰ ਸਭ ਜਣੇ ਰਾਜੇ ਦੇ ਪਿੱਛੇ-ਪਿੱਛੇ ਦੇਵੀ ਮੰਦਰ ਪਹੁੰਚੇ। ਜਾ ਕੇ ਦੇਖਿਆ ਕਿ ਵਿਚਾਰੇ ਮਦਨ ਦੇ ਸਰੀਰ ਦੇ ਟੁਕੜੇ-ਟੁਕੜੇ ਹੋਏ ਪਏ ਸਨ। 'ਧ੍ਰਿਸ਼ਟਬੁੱਧੀ' ਧਾਹਾਂ ਮਾਰ-ਮਾਰ ਕੇ ਰੋਣ ਲੱਗਿਆ। ਉਹ ਵਿਰਲਾਪ ਕਰਦਾ ਹੋਇਆ ਕਹਿ ਰਿਹਾ ਸੀ ਕਿ ਮੇਰੇ ਪਾਪ ਹੀ ਮੇਰੇ ਅੱਗੇ ਆ ਰਹੇ ਹਨ। ਇਹ ਕਹਿ ਕੇ ਆਪਣੇ ਆਪ ਨੂੰ ਅਧਮੋਇਆ ਕਰ ਲਿਆ ਅਤੇ ਥੋੜ੍ਹੀ ਦੇਰ ਬਾਅਦ ਮਰ ਗਿਆ। ਦੇਖਣ ਵਾਲੇ ਸਭ ਲੋਕ

ਵੀ ਰੋਣ ਲੱਗ ਪਏ। ਨਗਰ ਵਾਸੀ ਵੀ ਇਕੱਠੇ ਹੋ ਗਏ ਅਤੇ ਪਰਜਾ ਨੇ ਮਦਨ ਲਈ ਬਹੁਤ ਅਫਸੋਸ ਕੀਤਾ ਤੇ ਰਾਜੇ ਦੇ ਕੁਕਰਮਾਂ ਲਈ ਬਹੁਤ ਫਿਟਕਾਰਾਂ ਪਾਈਆਂ। ਕਿਉਂਕਿ 'ਚੰਦ੍ਰਹਾਸ' ਦਾ ਮਦਨ ਨਾਲ ਬਹੁਤ ਪਿਆਰ ਹੋ ਗਿਆ ਸੀ ਇਸ ਲਈ ਉਸ ਨੇ ਦੇਵੀ ਦੀ ਦ੍ਰਿੜਤਾ ਪੂਰਬਕ, ਪੂਰਨ ਸ਼ਰਧਾ ਅਤੇ ਸਿਦਕ ਨਾਲ ਪੂਜਾ ਕਰਕੇ ਬੇਨਤੀ ਕੀਤੀ ਕਿ ਹੇ ਭਗਵਤੀ! ਕ੍ਰਿਪਾ ਕਰਕੇ, ਮਦਨ ਅਤੇ ਰਾਜੇ ਨੂੰ ਜੀਵਤ ਕਰ ਦਿਉ। ਉਸਦੀ ਪ੍ਰਾਰਥਨਾ ਤੇ ਦੇਵੀ ਪ੍ਰਸੰਨ ਹੋਈ ਅਤੇ ਕਿਹਾ, ਹੇ ਭਗਤ! ਇਹ ਰਾਜਾ 'ਧ੍ਰਿਸ਼ਟਬੁੱਧੀ' ਬਹੁਤ ਪਾਪੀ ਹੈ। ਇਸ ਨੇ ਤੈਨੂੰ ਮਾਰਨ ਲਈ ਕਿੰਨੇ ਯਤਨ ਕੀਤੇ ਹਨ, ਫਿਰ ਤੂੰ ਇਸ ਨੂੰ ਜਿੰਦਾ ਕਰਨ ਲਈ ਕਿਉਂ ਕਹਿੰਦਾ ਹੈਂ? 'ਚੰਦ੍ਰਹਾਸ' ਨੇ ਬੇਨਤੀ ਕੀਤੀ ਕਿ ਹੇ ਜਨਨੀ! ਮੇਰਾ ਕਿਸੇ ਨਾਲ ਵੀ ਵੈਰ ਨਹੀਂ ਹੈ, ਹਰ ਇੱਕ ਆਪਣੀ ਬੁੱਧੀ ਅਨੁਸਾਰ ਚੱਲ ਰਿਹਾ ਹੈ। ਹੇ ਮਾਤਾ! ਕ੍ਰਿਪਾ ਕਰਕੇ, ਇਨ੍ਹਾਂ ਨੂੰ ਜਿਉਂਦਾ ਕਰ ਦੇਵੋ। ਇਸ ਤਰ੍ਹਾਂ ਆਪਣੇ ਭਗਤ ਦਾ ਪ੍ਰੇਮ ਦੇਖ ਕੇ ਦੇਵੀ ਪ੍ਰਸੰਨ ਹੋਈ ਤਾਂ ਉਸ ਨੇ ਅੰਮ੍ਰਿਤ ਦਾ ਛਿੱਟਾ ਦੇ ਕੇ ਰਾਜਾ 'ਧ੍ਰਿਸ਼ਟਬੁੱਧੀ' ਅਤੇ ਉਸਦੇ ਬੇਟੇ ਮਦਨ ਨੂੰ ਜਿਉਂਦਾ ਕਰ ਦਿੱਤਾ। ਫਿਰ ਦੇਵੀ 'ਧ੍ਰਿਸ਼ਟਬੁੱਧੀ' ਨੂੰ ਉਪਦੇਸ਼ ਕਰਨ ਲੱਗੀ ਕਿ ਹੇ ਰਾਜਾ! ਇਹ ਸਭ ਇਸ ਭਗਤ ਦਾ ਹੀ ਪ੍ਰਤਾਪ ਹੈ, ਜਿਸ ਦੀ ਕ੍ਰਿਪਾ ਨਾਲ ਤੂੰ ਫਿਰ ਜਿੰਦਾ ਹੋਇਆ ਹੈਂ। ਤੇਰੇ ਵੱਡੇ ਭਾਗ ਹਨ ਜੋ ਇਹ ਭਗਤ ਤੇਰਾ ਜਵਾਈ ਹੈ। ਤੂੰ ਉਸ ਦੇ ਚਰਨੀ ਲੱਗ ਤੇ ਪਸ਼ਚਾਤਾਪ ਕਰ ਕਿ ਫਿਰ ਕਦੇ ਵੀ ਇਸ ਦੀ ਬੁਰਾਈ ਨਹੀਂ ਕਰੇਂਗਾ। ਉਸੇ ਵਕਤ ਮਦਨ ਨੂੰ ਜਿਉਂਦਾ ਵੇਖ ਕੇ 'ਧ੍ਰਿਸ਼ਟਬੁੱਧੀ' ਬਹੁਤ ਹੈਰਾਨ ਹੋਇਆ ਤੇ ਦੇਵੀ ਦੇ ਉਪਦੇਸ਼ ਮੁਤਾਬਿਕ 'ਚੰਦ੍ਰਹਾਸ' ਦੇ ਚਰਨਾਂ ਤੇ ਢਹਿ ਪਿਆ ਤੇ ਉਸ ਦੀ ਉਸਤਤੀ ਕਰ ਕੇ, ਆਪਣੇ ਅਪਰਾਧਾਂ ਦੀ ਖਿਮਾ ਮੰਗੀ।

**ਸੰਤ ਦੋਖੀ ਕਾ ਥਾਉ ਕੋ ਨਾਹਿ॥**
**ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ॥**

ਯਥਾ–

**ਸੰਤ ਕੀ ਨਿੰਦਾ ਦੋਖ ਮਹਿ ਦੋਖੁ॥**

**ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ॥ (ਅੰਗ ੨੭੯)**

'ਚੰਦ੍ਰਹਾਸ' ਨੇ ਪਿਤਾ ਸਮਝ ਕੇ ਉਸ ਨੂੰ ਆਪਣੇ ਗਲੇ ਲਾਇਆ। ਇਸ ਘਟਨਾ ਨਾਲ 'ਚੰਦ੍ਰਹਾਸ' ਦਾ ਬਹੁਤ ਜਸ ਹੋਇਆ। ਜਦੋਂ ਰਾਜਾ 'ਕੁਲਿੰਦ' ਨੂੰ ਇਸ ਗੱਲ ਦੀ ਖਬਰ ਮਿਲੀ ਤਾਂ ਉਹ ਵੀ ਰਾਣੀ ਸਮੇਤ ਆਪਣੇ ਪੁੱਤਰ ਨੂੰ ਮਿਲਣ ਲਈ ਆਇਆ। ਜਿਨ੍ਹਾਂ ਰਿਸ਼ੀਆਂ ਨੇ 'ਚੰਦ੍ਰਹਾਸ' ਦਾ ਪਾਲਣ-ਪੋਸ਼ਣ ਕੀਤਾ ਸੀ ਉਹ ਵੀ ਦੇਵਨੇਤ ਨਾਲ ਉੱਥੇ ਆ ਪਹੁੰਚੇ। ਰਿਸ਼ੀਆਂ ਨੇ ਸਾਰਾ ਬ੍ਰਿਤਾਂਤ ਸੁਣ ਕੇ ਰਾਜਿਆਂ ਨੂੰ ਆਖਿਆ ਕਿ ਹੇ ਰਾਜਨ! ਇਹ 'ਚੰਦ੍ਰਹਾਸ' ਰਾਜਾ 'ਸੁਧਰਮ' ਦਾ ਹੀ ਪੁੱਤਰ ਹੈ, ਜਿਸ ਨੂੰ ਤਿੰਨ ਵਰ੍ਹਿਆਂ ਤੱਕ ਛੁਪਾ ਕੇ ਦਾਸੀ ਸਾਡੇ ਕੋਲ ਰੱਖ ਕੇ ਪਾਲਦੀ ਰਹੀ ਸੀ। ਇਸ ਨੇ ਸਾਡੇ ਉਪਦੇਸ਼ ਅਨੁਸਾਰ ਪ੍ਰਮੇਸ਼ਰ ਦਾ ਭਜਨ ਕੀਤਾ ਸੀ। ਉਸ ਤੋਂ ਬਾਅਦ ਹੀ ਰਾਜਾ ਕੁਲਿੰਦ ਦੇ ਹੱਥ ਆਇਆ ਸੀ। 'ਚੰਦ੍ਰਹਾਸ' ਨੇ ਉਨ੍ਹਾਂ ਰਿਸ਼ੀਆਂ ਦੇ ਚਰਨਾਂ ਤੇ ਨਮਸ਼ਕਾਰ ਕੀਤੀ ਅਤੇ ਹੱਥ ਜੋੜ ਕੇ ਉਨ੍ਹਾਂ ਗੁਰੂ-ਜਨਾਂ ਦੀ ਅਤੇ ਪ੍ਰਮੇਸ਼ਰ ਦੀ ਉਸਤਤੀ ਕੀਤੀ। ਸਾਰੇ ਲੋਕ ਧੰਨ-ਧੰਨ ਕਹਿਣ ਲੱਗੇ। ਉਸ ਤੋਂ ਬਾਅਦ ਨਗਰੀ ਵਿੱਚ ਸਾਧੂ-ਸੰਤਾਂ ਦੀ ਬਹੁਤ ਸੇਵਾ ਹੋਣ ਲੱਗ ਪਈ। ਸਾਧੂਆਂ ਦੀ ਸੰਗਤ ਵਿੱਚ ਬੈਠ ਕੇ ਲੋਕ, ਨਾਮ ਜਪਣ ਲੱਗੇ। ਇਸ ਘਟਨਾ ਤੋਂ ਪਤਾ ਲੱਗਦਾ ਹੈ ਕਿ ਜਦੋਂ 'ਚੰਦ੍ਰਹਾਸ' 'ਗੁਰਮੁਖਿ' ਬਣਿਆ, ਪ੍ਰਮਾਤਮਾ ਦੇ 'ਸਨਮੁਖੁ' ਹੋਇਆ ਤਾਂ ਸਾਰੀਆਂ ਬਿਪਤਾਵਾਂ ਨੂੰ ਪਾਰ ਕਰ ਗਿਆ। ਪ੍ਰੰਤੂ 'ਧ੍ਰਿਸ਼ਟਬੁੱਧੀ' 'ਮਨਮੁਖਿ' ਹੋਣ ਕਰਕੇ, ਦੁਖੀ ਹੋਇਆ ਤੇ ਪ੍ਰਮਾਤਮਾ ਤੋਂ 'ਵੇਮੁਖ' ਰਿਹਾ ਅਤੇ ਆਪਣੇ ਮਾੜੇ ਕਰਮਾਂ ਤੇ ਰੋਂਦਾ ਰਿਹਾ।

**ਦ੍ਰਿਸ਼ਟਾਂਤ (੨)** - ਇੱਕ ਸਮੇਂ ਕਿਸੇ ਰਾਜੇ ਨੇ ਬਹੁਤ ਸਾਰੇ ਸਾਧੂ-ਸੰਤਾਂ ਲਈ ਭੰਡਾਰਾ ਕੀਤਾ ਅਤੇ ਭਗਤ ਜੈਦੇਵ ਨੂੰ ਵੀ ਨਿਮੰਤ੍ਰਣ ਦਿੱਤਾ। ਸਾਧੂਆਂ ਨੂੰ ਭੋਜਨ ਕਰਾ ਕੇ ਯਥਾ ਯੋਗ ਭੇਟਾਵਾਂ ਵੀ ਦਿੱਤੀਆਂ ਪ੍ਰੰਤੂ ਜੈਦੇਵ ਨੇ ਕੋਈ ਵੀ ਭੇਟਾ ਲੈਣ ਤੋਂ ਇਨਕਾਰ ਕਰ ਦਿੱਤਾ। ਰਾਜੇ ਨੇ ਬਹੁਤ ਮਿੰਨਤਾਂ-ਤਰਲੇ ਕਰਕੇ, ਕੁੱਝ ਮੋਹਰਾਂ ਜੈਦੇਵ ਨੂੰ ਦੇ ਦਿੱਤੀਆਂ ਤੇ ਉਹ ਲਾਚਾਰੀ ਨਾਲ ਮੋਹਰਾਂ ਲੈ ਕੇ ਜੰਗਲ ਵੱਲ ਚੱਲ ਪਿਆ। ਉਸੇ ਰਸਤੇ ਚਾਰ (4) ਚੋਰ ਜਾ ਰਹੇ ਸਨ, ਜਿਨ੍ਹਾਂ ਨੇ ਜੈਦੇਵ ਨੂੰ ਦੇਖਕੇ ਲੁੱਟਣ ਦਾ ਇਰਾਦਾ ਕੀਤਾ। ਜੈਦੇਵ ਨੇ ਉਨ੍ਹਾਂ ਨੂੰ

ਬਹੁਤ ਲੋੜਵੰਦ ਸਮਝਕੇ ਆਪਣੇ ਆਪ ਹੀ ਉਹ ਮੋਹਰਾਂ ਦੇ ਦਿੱਤੀਆਂ। ਉਹ ਚੋਰ ਪ੍ਰਸੰਨ ਹੋ ਕੇ ਚੱਲਣ ਲੱਗੇ ਪ੍ਰੰਤੂ ਉਨ੍ਹਾਂ ਨੂੰ ਇਹ ਸ਼ੱਕ ਹੋ ਗਿਆ ਕਿ ਕਿਧਰੇ ਉਹ ਸਾਨੂੰ ਫੜਾਉਣ ਦੀ ਕੋਸ਼ਿਸ਼ ਨਾ ਕਰੇ। ਇਸ ਕਰਕੇ, ਉਸ ਨੂੰ ਮਾਰ ਦੇਣਾ ਹੀ ਠੀਕ ਹੈ। ਆਖਿਰ ਸੋਚਿਆ ਕਿ ਮਾਰੀਏ ਤਾਂ ਨਾ ਪਰ ਹੱਥ-ਪੈਰ ਵੱਢ ਕੇ, ਉਸ ਨੂੰ ਕਿਸੇ ਖੂਹ ਵਿੱਚ ਸੁੱਟ ਦੇਈਏ। ਸੋ ਇਸੇ ਤਰ੍ਹਾਂ ਕੀਤਾ। ਜੈਦੇਵ ਦੇ ਹੱਥ- ਪੈਰ ਵੱਢ ਕੇ, ਇੱਕ ਖੂਹ ਵਿੱਚ ਸੁੱਟ ਦਿੱਤਾ। ਜੈਦੇਵ ਰੱਬ ਦੇ ਭਾਣੇ ਵਿੱਚ ਰਾਜੀ ਰਹਿੰਦਾ ਹੋਇਆ, ਸਿਮਰਨ ਕਰਦਾ ਰਿਹਾ। ਕੁੱਝ ਸਮੇਂ ਬਾਅਦ ਇੱਕ ਰਾਜਾ ਸ਼ਿਕਾਰ ਕਰਨ ਆਇਆ, ਇਸ ਖੂਹ ਦੇ ਕੋਲੋਂ ਲੰਘਿਆ। ਖੂਹ ਵਿੱਚੋਂ ਰਾਮ ਦੇ ਨਾਮ ਦੀ ਆਵਾਜ਼ ਸੁਣਕੇ ਰਾਜਾ ਨੇ ਸੋਚਿਆ ਕਿ ਖੂਹ ਵਿੱਚ ਕੋਈ ਆਦਮੀ ਹੈ। ਉਧਰ ਜੈਦੇਵ ਨੂੰ ਵੀ ਪਤਾ ਚੱਲ ਗਿਆ ਕਿ ਖੂਹ ਉੱਤੇ ਕੋਈ ਆਦਮੀ ਆਇਆ ਹੈ। ਉਸ ਨੇ ਬਾਹਰ ਕੱਢਣ ਲਈ ਬੇਨਤੀ ਕੀਤੀ। ਰਾਜੇ ਨੇ ਉਸੇ ਵਕਤ ਰੱਸੀ ਨਾਲ ਉਸ ਨੂੰ ਖੂਹ ਵਿੱਚੋਂ ਬਾਹਰ ਕੱਢਿਆ। ਜਦੋਂ ਰਾਜੇ ਨੇ ਜੈਦੇਵ ਦੇ ਅੰਗ ਕੱਟੇ ਹੋਏ ਦੇਖੇ ਤਾਂ ਉਸ ਦਾ ਕਾਰਨ ਪੁੱਛਿਆ ਪ੍ਰੰਤੂ ਭਗਤ ਜੈਦੇਵ ਜੀ ਨੇ ਕੁੱਝ ਵੀ ਨਾ ਦੱਸਿਆ, ਸਿਰਫ ਇਹੀ ਕਿਹਾ ਕਿ ਇਹ ਮੇਰੀ ਪ੍ਰਾਲੱਬਧ ਅਨੁਸਾਰ ਮੈਨੂੰ ਦੁੱਖ ਮਿਲਿਆ ਹੈ। ਉਹ ਰਾਜਾ ਵੀ ਧਰਮਾਤਮਾ ਅਤੇ ਸੰਤ ਸੇਵੀ ਸੀ। ਉਹ ਜੈਦੇਵ ਨੂੰ ਸੰਤ ਸਮਝ ਕੇ, ਆਪਣੇ ਮਹਿਲਾਂ ਵਿੱਚ ਲੈ ਗਿਆ ਅਤੇ ਸੇਵਾ ਕਰਨ ਲੱਗਿਆ। ਜੈਦੇਵ ਦੀ ਚੰਗੀ ਰਹਿਤ ਦੇਖ ਕੇ ਰਾਜੇ ਦੀ ਸ਼ਰਧਾ ਦਿਨੋਂ ਦਿਨ ਵੱਧਦੀ ਗਈ। ਰਾਜੇ ਨੇ ਜੈਦੇਵ ਨੂੰ ਆਏ ਸਾਧੂ-ਸੰਤਾਂ ਦੀ ਟਹਿਲ ਸੇਵਾ ਕਰਨ ਦੇ ਬੰਦੋਬਸਤ ਦਾ ਕੰਮ ਸੌਂਪਿਆ ਕਿਉਂਕਿ ਸੰਤਾਂ ਨੂੰ ਹੀ ਸੰਤਾਂ ਦੀ ਮਾਨ-ਮਰਿਆਦਾ ਦਾ ਪਤਾ ਹੁੰਦਾ ਹੈ। ਇੱਕ ਦਿਨ ਉਹੀ ਚਾਰ (4) ਚੋਰ, ਸਾਧੂਆਂ ਦਾ ਭੇਖ ਧਾਰਕੇ ਰਾਜੇ ਪਾਸ ਆਏ ਕਿਉਂਕਿ ਉਨ੍ਹਾਂ ਨੂੰ ਕਈ ਦਿਨਾਂ ਤੋਂ ਚੋਰੀ ਦਾ ਮਾਲ ਨਹੀਂ ਸੀ ਮਿਲਿਆ। ਨੌਕਰਾਂ ਨੇ ਨਿਯਮ ਅਨੁਸਾਰ ਉਨ੍ਹਾਂ ਨੂੰ ਜੈਦੇਵ ਕੋਲ ਭੇਜ ਦਿੱਤਾ। ਜੈਦੇਵ ਨੇ ਇੱਕ ਦਮ ਪਛਾਣ ਲਏ ਕਿ ਇਹ ਤਾਂ ਉਹੀ ਚੋਰ ਹਨ, ਜਿਨ੍ਹਾਂ ਨੇ ਮੈਨੂੰ ਖੂਹ ਵਿੱਚ ਸੁੱਟਿਆ ਸੀ। ਇਹ ਜਾਣਦੇ ਹੋਏ ਵੀ ਜੈਦੇਵ ਨੇ ਰਾਜੇ ਨੂੰ ਦੱਸਿਆ ਕਿ ਇਹ ਚਾਰੇ (4) ਹੀ ਪੂਰਨ ਮਹਾਤਮਾ ਹਨ ਅਤੇ ਮੇਰੇ ਪਰਮ

ਮਿੱਤਰ ਹਨ। ਇਸ ਲਈ ਤੁਹਾਡੇ ਤੋਂ ਇਨ੍ਹਾਂ ਦੀ ਜੋ ਵੀ ਸੇਵਾ ਹੋ ਸਕੇ, ਸੋ ਕਰੋ। ਰਾਜੇ ਨੇ ਭਗਤ ਜੈਦੇਵ ਜੀ ਦੇ ਕਹਿਣ ਅਨੁਸਾਰ ਕਈ ਨੌਕਰ ਉਨ੍ਹਾਂ ਦੀ ਸੇਵਾ ਵਿੱਚ ਲਾ ਦਿੱਤੇ।

**ਓਮਾ ਸੰਤ ਕਯੀ ਇਹਯੀ ਬੜਾਈ। ਮੰਦ ਕਰਤ ਜੌ ਕਰਯੀ ਭਲਾਈ॥**
**(ਰਾਮਾਇਣ)**

ਸ਼ਿਵ ਜੀ ਕਹਿੰਦੇ ਹਨ ਕਿ ਹੇ ਪਾਰਬਤੀ! ਸੰਤ ਦੀ ਇਹੀ ਵਡਿਆਈ (ਮਹਿਮਾ) ਹੁੰਦੀ ਹੈ ਜੋ ਬੁਰਾਈ ਕਰਨ ਵਾਲਿਆਂ ਦੀ ਵੀ ਭਲਾਈ ਹੀ ਕਰਦੇ ਹਨ।

ਉੱਧਰ, ਉਨ੍ਹਾਂ ਚੋਰਾਂ ਨੇ ਵੀ ਜੈਦੇਵ ਨੂੰ ਪਛਾਣ ਲਿਆ ਅਤੇ ਡਰ ਗਏ ਕਿ ਕਿਧਰੇ ਸਾਨੂੰ ਮਰਵਾ ਹੀ ਨਾ ਦੇਵੇ ਕਿਉਂਕਿ ਬੁਰੇ ਨੂੰ ਹਮੇਸ਼ਾ ਬੁਰਾਈ ਹੀ ਸੁੱਝਦੀ ਹੈ।ਆਪਣੀ ਸੇਵਾ ਹੋਰਾਂ ਤੋਂ ਜ਼ਿਆਦਾ ਹੁੰਦੀ ਦੇਖਕੇ ਹੈਰਾਨੀ ਵਿੱਚ ਪੈ ਗਏ ਕਿ ਪਤਾ ਨਹੀਂ ਕਿਉਂ ਇਹ ਸਾਡੀ ਐਨੀਂ ਸੇਵਾ ਕਰਦਾ ਹੈ! ਇਸ ਸ਼ੰਕਾ ਕਰਕੇ, ਉਨ੍ਹਾਂ ਨੇ ਉੱਥੋਂ ਜਲਦੀ ਚਲੇ ਜਾਣ ਦਾ ਇਰਾਦਾ ਬਣਾ ਲਿਆ। ਜੈਦੇਵ ਅਤੇ ਰਾਜੇ ਨੇ ਉਨ੍ਹਾਂ ਨੂੰ ਹੋਰ ਰਹਿਣ ਲਈ ਬਹੁਤ ਕਿਹਾ ਪਰ ਉਹ ਡਰੇ ਹੋਏ ਸਨ ਕਿ ਸ਼ਾਇਦ ਜੈਦੇਵ ਸਾਥੋਂ ਬਦਲਾ ਲਏਗਾ। ਇਸ ਕਰਕੇ, ਉਹ ਉਸੇ ਸਮੇਂ ਹੀ ਜਾਣ ਲਈ ਤਿਆਰ ਹੋ ਗਏ। ਜੈਦੇਵ ਨੇ ਉਨ੍ਹਾਂ ਨੂੰ ਰਾਜੇ ਤੋਂ ਬਹੁਤ ਦੱਛਨਾ ਤੇ ਹੋਰ ਪਦਾਰਥ ਲੈ ਦਿੱਤੇ ਅਤੇ ਰਸਤੇ ਵਿੱਚ ਸੁਰੱਖਿਆ ਲਈ ਕੁੱਝ ਨੌਕਰ ਉਨ੍ਹਾਂ ਦੇ ਨਾਲ ਭੇਜ ਦਿੱਤੇ।

**ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥**
**ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥**

**(ਅੰਗ ੧੩੭੩)**

ਉਥੋਂ ਚੱਲ ਕੇ ਜਦ ਸ਼ਹਿਰੋਂ ਬਾਹਰ ਨਿੱਕਲੇ ਤਾਂ ਰਾਜੇ ਦੇ ਨੌਕਰਾਂ ਨੇ ਪੁੱਛਿਆ ਕਿ ਜੈਦੇਵ ਵੱਲੋਂ ਤੁਹਾਡੀ ਬਹੁਤ ਸੇਵਾ ਕਰਨ ਦਾ ਕੀ ਕਾਰਨ ਹੈ? ਚੋਰਾਂ ਨੇ ਕਿਹਾ ਕਿ ਜੈਦੇਵ ਨੇ ਕੁੱਝ ਸਮਾਂ ਪਹਿਲਾਂ ਇੱਕ ਰਾਜੇ ਦੀ ਚੋਰੀ ਕੀਤੀ ਸੀ। ਜਿਸ ਕਰਕੇ, ਰਾਜੇ ਨੇ ਉਸਦੇ ਹੱਥ ਪੈਰ ਕਟਵਾ ਕੇ, ਉਸ ਨੂੰ ਖੂਹ ਵਿੱਚ ਸੁੱਟਵਾ ਦਿੱਤਾ ਸੀ। ਇਸ ਗੱਲ ਦੀ ਸਾਨੂੰ ਖ਼ਬਰ ਸੀ ਤਾਂ ਜੈਦੇਵ

ਸਾਥੋਂ ਡਰਦਾ ਸੀ ਕਿ ਕਿਧਰੇ ਅਸੀਂ ਇਹ ਗੱਲ ਰਾਜੇ ਨੂੰ ਨਾ ਦੱਸ ਦੇਈਏ। ਇਸ ਕਰਕੇ, ਇਹ ਸਾਡੀ ਸੇਵਾ ਵਧੇਰੇ ਕਰਦਾ ਸੀ ਪ੍ਰੰਤੂ ਇੱਥੇ ਤਾਂ ਇਹ ਮਹਾਤਮਾ ਦਾ ਰੂਪ ਧਾਰਕੇ ਬੈਠਾ ਹੈ। ਜਦ ਜੈਦੇਵ ਦੀ ਇਸ ਤਰ੍ਹਾਂ ਨਿੰਦਿਆ ਕਰਨ ਲੱਗੇ ਤਾਂ ਪ੍ਰਮਾਤਮਾ ਤੋਂ ਆਪਣੇ ਭਗਤ ਦੀ ਨਿੰਦਿਆ ਸਹਾਰੀ ਨਾ ਗਈ ਜਿਸ ਕਰਕੇ, ਜ਼ਮੀਨ ਫਟ ਗਈ ਅਤੇ ਚਾਰੇ (4) ਚੋਰ ਉੱਥੇ ਹੀ ਗਰਕ ਹੋ ਗਏ। ਨੌਕਰਾਂ ਨੇ ਵਾਪਸ ਆ ਕੇ ਰਾਜਾ ਅਤੇ ਜੈਦੇਵ ਨੂੰ ਸਾਰਾ ਹਾਲ ਸੁਣਾਇਆ। ਜੈਦੇਵ ਨੂੰ ਸੁਣਕੇ ਬਹੁਤ ਦੁੱਖ ਹੋਇਆ ਤੇ ਹੱਥ ਮਲਣ ਦੀ ਕੋਸ਼ਿਸ਼ ਕਰਨ ਲੱਗਿਆ ਤੇ ਪੈਰ ਵੀ ਪਸਾਰਨ ਲੱਗਿਆ ਤਾਂ ਸੱਚ-ਮੁੱਚ ਹੀ ਹੱਥ ਪੈਰ ਨਵੇਂ ਆ ਗਏ। ਰਾਜੇ ਨੇ ਇਹ ਅਚਰਜ ਦੇਖ ਕੇ, ਇਸ ਦਾ ਕਾਰਨ ਪੁੱਛਿਆ। ਪਹਿਲਾਂ ਤਾਂ ਜੈਦੇਵ ਨੇ ਕੁੱਝ ਦੱਸਣ ਤੋਂ ਨਾਂਹ ਕਰ ਦਿੱਤੀ ਪਰ ਰਾਜੇ ਦੇ ਬਹੁਤਾ ਕਹਿਣ ਤੇ ਜੈਦੇਵ ਨੇ ਉਸ ਨੂੰ ਸਾਰੀ ਵਿਥਿਆ ਸੁਣਾ ਦਿੱਤੀ। ਚੋਰਾਂ ਦੇ ਬੁਰਾਈ ਕਰਨ ਦੇ ਬਾਵਜੂਦ ਵੀ ਜੈਦੇਵ ਨੇ ਉਨ੍ਹਾਂ ਨਾਲ ਭਲਾਈ ਕੀਤੀ ਅਤੇ ਪ੍ਰਮਾਤਮਾ ਦੇ 'ਸਨਮੁਖੁ' ਹੋਇਆ। ਚੋਰ, ਜਿਨ੍ਹਾਂ ਨੇ ਅਪਰਾਧ ਅਤੇ ਨਿੰਦਾ ਕੀਤੀ ਸੀ, ਉਹ ਪ੍ਰਮਾਤਮਾ ਤੋਂ ਬੇਮੁੱਖ ਹੋਣ ਕਰਕੇ ਨਾਸ਼ ਹੋ ਗਏ। ਇਹ ਹੈ 'ਗੁਰਮੁਖਿ' ਦਾ 'ਸਨਮੁਖੁ' ਹੋਣਾ ਅਤੇ 'ਮਨਮੁਖਿ' ਦਾ 'ਵੇਮੁਖੀਆ' ਹੋਣਾ।

**ਪ੍ਰਸ਼ਨ 18-19. ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ**
**ਉੱਤਰ-ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ**

ਭਾਵ ਇਹ ਹੈ ਕਿ 'ਗੁਰਮੁਖਿ' ਰੱਬ ਨਾਲ ਮਿਲ ਜਾਂਦਾ ਹੈ ਅਤੇ 'ਮਨਮੁਖਿ' ਰੱਬ ਤੋਂ ਦੂਰ ਹੋ ਜਾਂਦਾ ਹੈ। ਕਿਸੇ ਵੀ ਸਤਿਸੰਗ ਵਿੱਚ ਜਾਂ ਸੰਤਾਂ ਕੋਲ ਜਾਕੇ ਇਹੀ ਸਵਾਲ ਕੀਤਾ ਜਾਂਦਾ ਹੈ ਕਿ ਪ੍ਰਮਾਤਮਾ ਨਾਲ ਮਿਲਾਪ ਕਿਵੇਂ ਹੋਵੇ? ਇਸ ਸਵਾਲ ਦਾ ਜਵਾਬ ਸ੍ਰੀ ਗੁਰੂ ਸਾਹਿਬ ਜੀ ਨੇ ਥੋੜ੍ਹੇ ਅੱਖਰਾਂ ਵਿੱਚ ਇਹੀ ਦਿੱਤਾ ਹੈ ਕਿ ਜਦੋਂ ਅਸੀਂ ਵਿਸ਼ਿਆਂ ਦੀ ਆਸਕਤੀ ਛੱਡ ਕੇ 'ਗੁਰਮੁਖਿ' ਬਣਾਂਗੇ, ਉਦੋਂ ਹੀ ਪ੍ਰਮਾਤਮਾ ਦੀ ਪ੍ਰਾਪਤੀ ਹੋਵੇਗੀ ਨਹੀਂ ਤਾਂ ਵਿਸ਼ਿਆਂ ਵਿੱਚ ਆਸਕਤ ਹੋਇਆ ਮਨੁੱਖ 'ਮਨਮੁਖਿ' ਬਣਕੇ, ਸਦਾ ਹੀ ਪ੍ਰਮਾਤਮਾ ਤੋਂ ਵਿੱਛੜਿਆ ਰਹਿੰਦਾ ਹੈ।

**ਦ੍ਰਿਸ਼ਟਾਂਤ (੧) –** ਇੱਕ ਸੰਤ ਜੀ ਨੇ ਅਪਣੇ 'ਗੁਰਮੁਖਿ' ਸੇਵਕ ਸਮੇਤ ਤੀਰਥ ਯਾਤਰਾ ਤੇ ਜਾਣ ਦੀ ਤਿਆਰੀ ਕੀਤੀ। ਇੱਕ ਹੋਰ ਆਦਮੀ ਜੋ 'ਮਨਮੁਖਿ' ਸੀ, ਨਾਲ ਲੈ ਚੱਲਣ ਲਈ ਬਾਰ-ਬਾਰ ਬੇਨਤੀ ਕਰਦਾ ਰਿਹਾ। ਦਿਆਲੂ ਸੰਤਾਂ ਨੇ ਸੋਚਿਆ ਕਿ ਸ਼ਾਇਦ ਇਸਦਾ ਵੀ ਉਧਾਰ ਹੋ ਜਾਵੇ, ਇਸ ਲਈ ਉਸ 'ਮਨਮੁਖਿ' ਨੂੰ ਵੀ ਨਾਲ ਲੈ ਲਿਆ। ਇੱਕ ਰਾਤ ਕਿਸੇ ਪਿੰਡ 'ਚ ਠਹਿਰੇ। ਅਗਲੀ ਸਵੇਰ ਜਦੋਂ ਉਥੋਂ ਚੱਲਣ ਲੱਗੇ ਤਾਂ ਉੱਥੇ ਦੇ ਪ੍ਰੇਮੀਆਂ ਨੇ ਬੇਨਤੀ ਕੀਤੀ ਕਿ ਅੱਗੇ ਕੋਈ ਪਿੰਡ ਨਜ਼ਦੀਕ ਨਹੀਂ ਹੈ, ਸਿਰਫ ਜੰਗਲ ਹੀ ਹੈ। ਅਸੀਂ ਤੁਹਾਨੂੰ ਕੁੱਝ ਰੋਟੀਆਂ ਬਣਾ ਕੇ ਦੇ ਦਿੰਦੇ ਹਾਂ, ਤੁਸੀਂ ਨਾਲ ਲੈ ਜਾਉ। ਸੰਤਾਂ ਨੇ ਉਨ੍ਹਾਂ ਦਾ ਪ੍ਰੇਮ ਦੇਖ ਕੇ ਅੱਠ ਰੋਟੀਆਂ ਨਾਲ ਲੈ ਲਈਆਂ। ਸੰਤ ਅਤੇ ਉਨ੍ਹਾਂ ਦਾ ਚੇਲਾ ਤਾਂ ਸਬਰ-ਸੰਤੋਖ ਵਾਲੇ ਸਨ ਪ੍ਰੰਤੂ ਤੀਜਾ ਆਦਮੀ ਬਹੁਤ ਲੋਭੀ ਸੀ।ਚੱਲਦੇ-ਚੱਲਦੇ ਜਦ ਥੱਕ ਕੇ ਇੱਕ ਦਰੱਖਤ ਹੇਠਾਂ ਬੈਠ ਗਏ ਤਾਂ ਸੰਤ ਅਤੇ ਉਸ ਦਾ ਚੇਲਾ, ਦੋਨੋਂ ਜਣੇ ਜੰਗਲ ਵੱਲ ਨੂੰ ਚਲੇ ਗਏ। ਮਨਮੁੱਖ ਨੇ ਆਪਣੇ ਆਪ ਨੂੰ ਇਕੱਲਾ ਸਮਝ ਕੇ ਸੋਚਿਆ ਕਿ ਅੱਜ ਪਹਿਲਾਂ ਨਾਲੋਂ ਕੁੱਝ ਵੱਧ ਹੀ ਖਾ ਲਈਏ ਕਿਉਂਕਿ ਇਨ੍ਹਾਂ ਨਾਲ ਤਾਂ ਭੁੱਖ ਕੱਟਣੀ ਪੈਂਦੀ ਹੈ। ਇਹ ਵਿਚਾਰ ਕੇ ਅੱਠ ਰੋਟੀਆਂ ਵਿੱਚੋਂ ਦੋ ਖਾ ਲਈਆਂ ਤੇ ਸੋਚਿਆ ਕਿ ਬਾਕੀ ਛੇਆਂ ਵਿੱਚੋਂ, ਹਿੱਸੇ ਮੁਤਾਬਿਕ ਦੋ ਰੋਟੀਆਂ ਤਾਂ ਹੋਰ ਮਿਲ ਹੀ ਜਾਣਗੀਆਂ। ਜਦੋਂ ਸੰਤ ਜੀ ਤੇ ਚੇਲਾ ਮੁੜਕੇ ਆਏ ਤਾਂ ਤਿੰਨੋਂ ਜਣੇ ਰੋਟੀ ਖਾਣ ਲੱਗੇ। ਉਨ੍ਹਾਂ ਨੇ ਅੱਠ ਦੀ ਬਜਾਏ ਛੇ ਰੋਟੀਆਂ ਦੇਖ ਕੇ, ਤਿੰਨ ਹਿੱਸੇ ਕਰ ਲਏ ਅਤੇ ਤਿੰਨਾਂ ਜਣਿਆਂ ਨੇ ਦੋ-ਦੋ ਰੋਟੀਆਂ ਵੰਡ ਕੇ ਛਕ ਲਈਆਂ।

ਭੋਜਨ ਕਰਨ ਤੋਂ ਬਾਅਦ, ਸੰਤ ਜੀ ਨੇ ਉਸ (ਮਨਮੁੱਖ) ਤੋਂ ਪੁੱਛਿਆ ਕਿ ਉੱਥੋਂ ਤਾਂ ਅੱਠ ਰੋਟੀਆਂ ਬੰਨ੍ਹਾਈਆਂ ਸਨ ਤੇ ਹੁਣ ਛੇ ਹੀ ਮਿਲੀਆਂ ਹਨ, ਬਾਕੀ ਦੋ ਰੋਟੀਆਂ ਕਿੱਥੇ ਗਈਆਂ? ਮਨਮੁੱਖ ਨੇ ਜਵਾਬ ਦਿੱਤਾ ਕਿ ਮੈਨੂੰ ਨਹੀਂ ਪਤਾ। ਅੱਗੇ ਚੱਲੇ ਤਾਂ ਇੱਕ ਸ਼ੇਰ ਆਉਂਦਾ ਹੋਇਆ ਦੇਖਿਆ, ਜਿਸ ਨੂੰ ਦੇਖਕੇ ਮਨਮੁੱਖ ਡਰ ਗਿਆ। ਸੰਤਾਂ ਨੇ ਕਿਹਾ ਕਿ ਡਰ ਨਾ 'ਵਾਹਿਗੁਰੂ' 'ਵਾਹਿਗੁਰੂ' ਜਪਦਾ ਹੋਇਆ ਚੱਲੀ ਚੱਲ। ਸ਼ੇਰ ਨੇ ਸੰਤਾਂ ਨੂੰ ਨਮਸ਼ਕਾਰ

ਕੀਤੀ ਅਤੇ ਚਲਿਆ ਗਿਆ। ਇਸ ਤੋਂ ਬਾਅਦ ਸੰਤਾਂ ਨੇ ਉਸ ਲੋਭੀ ਨੂੰ ਕਿਹਾ ਕਿ ਜਿਸ 'ਵਾਹਿਗੁਰੂ' ਨੇ ਤੈਨੂੰ ਸ਼ੇਰ ਤੋਂ ਬਚਾਇਆ ਹੈ, ਤੈਨੂੰ ਉਸਦੀ ਕਸਮ ਹੈ, ਸੱਚ ਦੱਸ! ਉਹ ਦੋ ਰੋਟੀਆਂ ਕਿਸ ਨੇ ਖਾਧੀਆਂ ਹਨ? ਮਨਮੁੱਖ ਦਾ ਡਰ ਹੁਣ ਹਟ ਚੁੱਕਿਆ ਸੀ ਤੇ ਕਿਹਾ, ਜੀ! ਮੈਨੂੰ ਕੋਈ ਪਤਾ ਨਹੀਂ। ਖੈਰ! ਸੰਤ ਜੀ ਚੁੱਪ ਰਹੇ ਅਤੇ ਅੱਗੇ ਨੂੰ ਚੱਲ ਪਏ। ਇੱਕ ਨਦੀ ਨਜ਼ਰ ਆਈ ਜਿਸ ਨੂੰ ਦੇਖ ਕੇ ਮਨਮੁੱਖ ਡਰ ਗਿਆ ਬਈ ਹੁਣ ਕਿਵੇਂ ਪਾਰ ਹੋਵਾਂਗੇ? ਸੰਤਾਂ ਨੇ ਉਸ ਨੂੰ ਉਦਾਸ ਦੇਖ ਕੇ ਕਿਹਾ ਕਿ ਭਾਈ! ਕੋਈ ਫਿਕਰ ਨਾ ਕਰ, ਰਾਮ ਦਾ ਨਾਮ ਜਪਦਾ ਰਹਿ ਤੇ ਸਾਡੇ ਪਿੱਛੇ-ਪਿੱਛੇ ਚੱਲਦਾ ਆ ਤਾਂ ਨਦੀ ਨੂੰ ਸਹਿਜੇ ਹੀ ਪਾਰ ਲੰਘ ਜਾਵਾਂਗੇ। ਮਨਮੁੱਖ ਨਾਮ ਜਪਦਾ ਰਿਹਾ ਅਤੇ ਸੰਤਾਂ ਦੇ ਪਿੱਛੇ-ਪਿੱਛੇ ਤੁਰਦਾ ਰਿਹਾ। ਦਰਿਆ ਦਾ ਪਾਣੀ ਉੱਤਰ ਗਿਆ ਅਤੇ ਉਹ ਬਿਨਾਂ ਕਿਸੇ ਤਕਲੀਫ ਤੋਂ ਪਾਰ ਲੰਘ ਗਏ। ਇਸ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਸ੍ਰੀ ਜਪੁ ਜੀ ਸਾਹਿਬ ਵਿੱਚ ਫੁਰਮਾਇਆ ਹੈ –

**ਸੁਣਿਐ ਹਾਥ ਹੋਵੈ ਅਸਗਾਹੁ ॥** **(ਅੰਗ ੩)**

ਭਾਵੇਂ ਸੰਸਾਰ ਰੂਪੀ ਸਮੁੰਦਰ ਵਿੱਚੋਂ ਪਾਰ ਲੰਘਣਾ ਬਹੁਤ ਮੁਸ਼ਕਲ ਹੈ ਪ੍ਰੰਤੂ ਪ੍ਰਮਾਤਮਾ ਦਾ ਨਾਮ ਸੁਣਨ ਨਾਲ ਉਹ ਸਮੁੰਦਰ ਵੀ ਇੱਕ ਹੱਥ ਜਿੰਨਾਂ ਕੁ ਹੋ ਜਾਂਦਾ ਹੈ, ਯਾਨੀ ਕਿ ਉਸ ਵਿੱਚੋਂ ਵੀ ਸਹਿਜੇ ਹੀ ਪਾਰ ਲੰਘਿਆ ਜਾ ਸਕਦਾ ਹੈ। ਜਦੋਂ ਪਾਰ ਪਹੁੰਚੇ ਤਾਂ ਸੰਤਾਂ ਨੇ ਮਨਮੁੱਖ ਨੂੰ ਪੁੱਛਿਆ ਕਿ ਜਿਸ ਰਾਮ ਦੇ ਨਾਮ ਨੇ ਤੈਨੂੰ ਇਸ ਨਦੀ ਵਿੱਚੋਂ ਸਹਿਜੇ ਹੀ ਪਾਰ ਲੰਘਾਇਆ ਹੈ, ਤੈਨੂੰ ਉਸਦੀ ਕਸਮ ਹੈ, ਤੂੰ ਦੱਸ! ਉਹ ਦੋ ਰੋਟੀਆਂ ਕਿਸ ਨੇ ਖਾਧੀਆਂ ਨੇ? ਫਿਰ ਵੀ ਮਨਮੁੱਖ ਨੇ ਉਹੀ ਉੱਤਰ ਦਿੱਤਾ ਕਿ ਮੈਨੂੰ ਕੋਈ ਪਤਾ ਨਹੀਂ। ਸੰਤਾਂ ਨੇ ਸੋਚਿਆ ਕਿ ਇਹ ਤਾਂ ਪੱਕਾ ਮਨਮੁੱਖ ਹੈ, ਇਸ ਨੂੰ ਪ੍ਰਮਾਤਮਾ ਦੀ ਸਹੁੰ ਦਾ ਵੀ ਕੋਈ ਡਰ ਨਹੀਂ ਪ੍ਰੰਤੂ ਹੁਣ ਇਸ ਤੋਂ ਕਿਸੇ ਵੀ ਤਰੀਕੇ ਸੱਚ ਪੁੱਛਣਾ ਹੀ ਹੈ ਅਤੇ ਫਿਰ ਇਸ ਦਾ ਸੰਗ ਵੀ ਤਿਆਗ ਦੇਣਾ ਹੈ। ਸੰਤਾਂ ਨੇ ਸੋਚਿਆ ਕਿ ਇਹ ਮਾਇਆਧਾਰੀ ਹੈ, ਇਸ ਨੂੰ ਮਾਇਆ ਦਾ ਲਾਲਚ ਦੇ ਕੇ ਹੀ, ਸੱਚ ਪੁੱਛਣਾ ਚਾਹੀਦਾ ਹੈ।ਇੱਕ ਪੱਥਰ ਨੂੰ ਸੰਤ ਜੀ ਨੇ ਆਪਣੀ ਸ਼ਕਤੀ

ਨਾਲ ਸੋਨੇ ਜਿਹਾ ਦਿੱਸਣ ਵਾਲਾ ਬਣਾ ਦਿੱਤਾ ਜਿਸ ਨੂੰ ਦੇਖਕੇ ਉਸ ਲੋਭੀ ਦਾ ਮਨ ਲਲਚਾ ਗਿਆ। ਉਸਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ! ਮੈਨੂੰ ਇਹ ਸੋਨੇ ਦਾ ਟੁਕੜਾ ਦੇ ਦਿਉ, ਮੇਰੇ ਬਾਲ-ਬੱਚਿਆਂ ਦਾ ਗੁਜ਼ਾਰਾ ਠੀਕ ਹੋ ਜਾਵੇਗਾ। ਸੰਤ ਜੀ ਕਹਿਣ ਲੱਗੇ ਇਹ ਸੋਨਾ ਤਾਂ ਚਾਰ ਇੱਕੋ ਜਿਹੇ ਹਿੱਸਿਆਂ ਵਿੱਚ ਵੰਡਿਆ ਜਾਵੇਗਾ। ਮਨਮੁੱਖ ਨੇ ਪੁੱਛਿਆ ਕਿ ਅਸੀਂ ਤਾਂ ਕੁੱਲ ਤਿੰਨ ਜਣੇ ਹਾਂ, ਚੌਥਾ ਹਿੱਸਾ ਕਿਸ ਲਈ ? ਸੰਤਾਂ ਨੇ ਕਿਹਾ ਦੇਖ! ਇੱਕ ਹਿੱਸਾ ਤੇਰਾ, ਇੱਕ ਮੇਰੇ ਚੇਲੇ ਦਾ, ਇੱਕ ਮੇਰਾ ਅਤੇ ਚੌਥਾ ਹਿੱਸਾ ਉਸਦਾ ਹੈ, ਜਿਸਨੇ ਉਹ ਦੋ ਰੋਟੀਆਂ ਖਾਧੀਆਂ ਸਨ। ਇਹ ਸੁਣਕੇ ਲੋਭੀ (ਮਨਮੁੱਖ) ਨੇ ਇੱਕ ਦਮ ਉੱਤਰ ਦਿੱਤਾ ਕਿ ਉਹ ਤਾਂ ਮੈਂ ਹੀ ਖਾਧੀਆਂ ਸਨ। ਇਹ ਸੁਣਕੇ, ਸੰਤਾਂ ਨੇ ਕਿਹਾ ਕਿ ਪ੍ਰਮਾਤਮਾ ਦੀਆਂ ਕਸਮਾਂ ਖਾ ਕੇ ਵੀ ਤੂੰ ਸੱਚ ਨਹੀਂ ਦੱਸਿਆ ਪਰ ਮਾਇਆ ਦੇ ਲੋਭ ਵਿੱਚ ਹੁਣ ਤੂੰ ਜਲਦੀ ਹੀ ਸੱਚ ਦੱਸ ਦਿੱਤਾ। ਤੂੰ ਪੱਕਾ ਮਨਮੁੱਖ ਹੈਂ, ਤੇਰਾ ਅਤੇ ਸਾਡਾ ਇਕੱਠੇ ਰਹਿਣਾ ਮੁਸ਼ਕਿਲ ਹੈ। ਹੁਣ ਤੂੰ ਸਾਰਾ ਸੋਨਾ ਲੈ ਕੇ ਚਲਿਆ ਜਾਹ! ਮਨਮੁੱਖ ਖੁਸ਼ੀ ਨਾਲ ਸੋਨੇ ਵੱਲ ਵਧਿਆ ਤਾਂ ਕੀ ਦੇਖਦਾ ਹੈ ਕਿ ਸੋਨਾ ਤਾਂ ਹੈ ਹੀ ਨਹੀਂ, ਬੱਸ! ਪਹਿਲੇ ਵਾਲਾ ਪੱਥਰ ਹੀ ਪਿਆ ਹੈ। ਇਸੇ ਦੌਰਾਨ ਸੰਤ ਜੀ ਅਤੇ ਉਨ੍ਹਾਂ ਦਾ ਚੇਲਾ ਤੇਜੀ ਨਾਲ ਅੱਗੇ ਨਿੱਕਲ ਗਏ ਅਤੇ ਮਨਮੁੱਖ ਸੰਤਾਂ ਨਾਲੋਂ ਵਿੱਛੜ ਗਿਆ। ਇਸ ਨੂੰ ਕਹਿੰਦੇ ਹਨ, '**ਗੁਰਮੁਖਿ' ਮਿਲੀਐ**' ਅਤੇ '**ਮਨਮੁਖਿ ਵਿਛੁਰੈ**' ਭਾਵ ਕਿ 'ਗੁਰਮੁਖਿ' ਚੇਲਾ ਤਾਂ ਸੰਤਾਂ ਨਾਲ ਮਿਲਿਆ ਹੀ ਰਿਹਾ ਅਤੇ 'ਮਨਮੁਖਿ' ਆਪਣੀ ਮਨਮਤਿ ਕਰਕੇ ਵਿੱਛੁੜ ਗਿਆ।

**ਦ੍ਰਿਸ਼ਟਾਂਤ (੨)** - ਸੰਤ ਜੀ ਤੇ ਉਨ੍ਹਾਂ ਦੇ ਚੇਲੇ ਨੂੰ ਚਲਦੇ-ਚਲਦੇ ਇੱਕ ਜੰਗਲ ਵਿੱਚ ਰਾਤ ਪੈ ਗਈ। ਸੰਤਾਂ ਨੇ ਆਪਣੇ ਚੇਲੇ ਨੂੰ ਕਿਹਾ ਕਿ ਰਾਤ ਦਾ ਸਮਾਂ ਹੈ, ਠੀਕ ਹੋਵੇਗਾ ਕਿ ਕੁੱਝ ਸਮਾਂ ਤੂੰ ਜਾਗ, ਤੇ ਕੁੱਝ ਸਮਾਂ ਮੈਂ ਜਾਗਾਂ। ਪਹਿਲਾਂ ਸੰਤਾਂ ਨੇ ਆਰਾਮ ਕੀਤਾ ਤੇ ਚੇਲਾ ਜਾਗਦਾ ਰਿਹਾ ਫਿਰ ਉਹ ਸੌਂ ਗਿਆ ਤੇ ਸੰਤ ਜੀ ਜਾਗਦੇ ਰਹੇ। ਸੰਤਾਂ ਨੇ ਦੇਖਿਆ ਕਿ ਇੱਕ ਸੱਪ, ਸਿੱਧਾ ਚੇਲੇ ਵੱਲ ਨੂੰ ਆ ਰਿਹਾ ਹੈ। ਸੰਤਾਂ ਨੇ ਉਸ ਸੱਪ ਨੂੰ ਇਸ਼ਾਰਾ ਕਰਕੇ, ਆਪਣੇ ਵੱਲ ਬੁਲਾ ਲਿਆ ਤੇ ਕਿਹਾ, ਭਾਈ! ਤੂੰ ਇਸ ਵੱਲ ਕਿਉਂ ਜਾ ਰਿਹਾ ਹੈਂ?

ਸੱਪ ਨੂੰ ਸੰਤਾਂ ਦੇ ਦਰਸ਼ਨ ਕਰਕੇ, ਪਿਛਲੇ ਜਨਮ ਦੀ ਸੋਝੀ ਆ ਗਈ। ਨਮਸ਼ਕਾਰ ਕਰਕੇ ਉਹ ਸੱਪ ਕਹਿਣ ਲੱਗਿਆ ਕਿ ਪਿਛਲੇ ਜਨਮ ਵਿੱਚ ਇਹ ਸੱਪ ਸੀ ਤੇ ਮੈਂ ਆਦਮੀ ਸੀ। ਇਸਨੇ ਮੇਰੀ ਗਿੱਚੀ (ਗਰਦਨ) ਦਾ ਲਹੂ ਪੀਤਾ ਸੀ, ਮੈਂ ਹੁਣ ਉਹੀ ਬਦਲਾ ਲੈਣ ਲਈ ਆਇਆ ਹਾਂ। ਸੰਤਾਂ ਨੇ ਸੱਪ ਨੂੰ ਕਿਹਾ ਕਿ ਜੇ ਤੈਨੂੰ ਇਸਦੀ ਗਿੱਚੀ ਦਾ ਲਹੂ ਪੀਣ ਲਈ ਮਿਲ ਜਾਵੇ ਤਾਂ ਤੂੰ ਖੁਸ਼ ਹੋ ਜਾਵੇਂਗਾ? ਤੇਰਾ ਬਦਲਾ ਵੀ ਪੂਰਾ ਹੋ ਜਾਏਗਾ ਤੇ ਅੱਗੇ ਲਈ ਵੈਰ-ਵਿਰੋਧ ਵੀ ਖਤਮ ਹੋ ਜਾਵੇਗਾ। ਨਾਗ ਨੇ ਸੰਤਾਂ ਦਾ ਇਹ ਬਚਨ ਪ੍ਰਵਾਨ ਕਰ ਲਿਆ। ਸੰਤ ਜੀ ਨੇ ਹੱਥ ਵਿੱਚ ਛੁਰੀ ਲੈਕੇ, ਚੇਲੇ ਦੀ ਛਾਤੀ ਤੇ ਪੈਰ ਰੱਖਿਆ। ਚੇਲੇ ਦੀਆਂ ਅੱਖਾਂ ਖੁਲ੍ਹੀਆਂ ਤਾਂ ਦੇਖਿਆ ਕਿ ਗੁਰੂ ਜੀ ਛਾਤੀ ਤੇ ਪੈਰ ਰੱਖ ਕੇ ਹੱਥ ਵਿੱਚ ਛੁਰਾ ਲਈ ਖੜ੍ਹੇ ਹਨ। ਇਹ ਦੇਖ ਕੇ ਉਸ ਨੂੰ ਵਿਚਾਰ ਆਇਆ ਕਿ ਇਹ ਸ਼ਰੀਰ ਮੇਰਾ ਤਾਂ ਨਹੀਂ ਹੈ, ਉਹ ਜੋ ਕਰਨਗੇ ਮੇਰੇ ਭਲੇ ਲਈ ਹੀ ਕਰਨਗੇ। ਇਹ ਸੋਚਕੇ ਚੇਲੇ ਨੇ ਅੱਖਾਂ ਬੰਦ ਕਰ ਲਈਆਂ। ਸੰਤਾਂ ਨੇ ਥੋੜਾ ਜਿਹਾ ਖੂਨ ਉਸ ਦੀ ਗਿੱਚੀ ਵਿੱਚੋਂ ਕੱਢ ਕੇ ਸੱਪ ਨੂੰ ਪਿਲਾ ਦਿੱਤਾ। ਖੂਨ ਪੀ ਕੇ ਉਹ ਸੱਪ ਤ੍ਰਿਪਤ ਹੋ ਗਿਆ ਅਤੇ ਉਥੋਂ ਚਲਿਆ ਗਿਆ। ਸਵੇਰੇ ਸੰਤਾਂ ਨੇ ਚੇਲੇ ਨੂੰ ਕਿਹਾ ਕਿ ਹੁਣ ਚਲੋ ਤੇ ਰਸਤੇ ਵਿੱਚ ਕੋਈ ਨਦੀ ਆਏਗੀ ਤਾਂ ਇਸ਼ਨਾਨ ਆਦਿ ਕਰਾਂਗੇ। ਨਦੀ ਕਿਨਾਰੇ ਪਹੁੰਚਕੇ ਚੇਲਾ ਇਸ਼ਨਾਨ ਕਰਨ ਲੱਗਿਆ ਤਾਂ ਗੁਰੂ ਨੇ ਉਸਦੇ ਕੱਪੜੇ ਤੇ ਖੂਨ ਲੱਗਿਆ ਦੇਖਕੇ ਪੁੱਛਿਆ ਕਿ ਤੈਨੂੰ ਪਤਾ ਹੈ ਕਿ ਇਹ ਖੂਨ ਕਿਵੇਂ ਲੱਗਿਆ? ਚੇਲੇ ਨੇ ਕਿਹਾ, ਹੇ ਦੀਨ ਦਿਆਲ! ਹੋਰ ਤਾਂ ਮੈਨੂੰ ਕੁੱਝ ਪਤਾ ਨਹੀਂ ਪ੍ਰੰਤੂ ਮੈਨੂੰ ਪੱਕਾ ਯਕੀਨ ਹੈ ਕਿ ਜੋ ਵੀ ਆਪ ਕਰ ਰਹੇ ਹੋ, ਉਹ ਸਭ ਮੇਰੇ ਭਲੇ ਲਈ ਹੀ ਹੈ। ਸੰਤਾਂ ਨੇ ਚੇਲੇ ਨੂੰ ਨਾਗ ਵਾਲੀ ਸਾਰੀ ਵਿਥਿਆ ਸੁਣਾਈ।ਚੇਲੇ ਨੇ ਗੁਰੂ ਦੇ ਚਰਨਾਂ ਤੇ ਮੱਥਾ ਟੇਕ ਕੇ ਕਿਹਾ ਕਿ ਆਪਣੇ ਸੇਵਕਾਂ ਦੀ ਆਪ ਹੀ ਪੈਜ ਰੱਖਦੇ ਹੋ। ਉਸਦੀ ਇਹ ਬਿਰਤੀ ਦੇਖਕੇ ਸੰਤਾਂ ਨੇ ਕ੍ਰਿਪਾ ਕੀਤੀ, ਅਸੀਸ ਦੇ ਕੇ ਉਸ ਨੂੰ 'ਆਤਮ-ਗਿਆਨ' ਦੀ ਬਖਸ਼ਿਸ਼ ਕਰਕੇ, ਜਨਮ-ਮਰਨ ਦੇ ਚੱਕਰ ਵਿੱਚੋਂ ਕੱਢ ਦਿੱਤਾ। ਇਸ ਨੂੰ ਕਿਹਾ ਜਾਂਦਾ ਹੈ ਕਿ 'ਗੁਰਮੁਖਿ ਮਿਲੀਐ' ਕਿਉਂਕਿ 'ਗੁਰਮੁਖਿ' ਸੰਤ ਦਾ ਮਿਲਾਪ ਹੋਣ ਕਰਕੇ

ਚੇਲੇ ਦਾ ਵੀ ਉਧਾਰ ਹੋ ਗਿਆ।

**ਪ੍ਰਸ਼ਨ 20. ਇਹ ਬਿਧਿ ਕਉਣੁ ਪ੍ਰਗਟਾਏ ਜੀਉ॥**

**ਉੱਤਰ-ਗੁਰਮੁਖਿ ਬਿਧਿ ਪ੍ਰਗਟਾਏ ਜੀਉ॥**

'ਗੁਰਮੁਖਿ' ਮਹਾਂਪੁਰਖ ਹੀ ਹਨ ਜਿਨ੍ਹਾਂ ਦੇ ਪਵਿੱਤ੍ਰ ਮੁਖਾਰਬਿੰਦ ਤੋਂ ਇਹ ਸਭ 'ਬਿਧਿ' ਯਾਨੀ ਵਿਧੀ ਪ੍ਰਗਟ ਹੁੰਦੀ ਹੈ। ਵਿਵਹਾਰ ਵਿੱਚ ਕਿਵੇਂ ਵਰਤਣਾ ਹੈ? ਪ੍ਰਮਾਰਥ ਵਿੱਚ ਕਿਵੇਂ ਚੱਲਣਾ ਹੈ? ਗੁਰਮੁਖਿ' ਸੰਤਾਂ ਦੇ ਸੰਗ 'ਚੋਂ ਜਦੋਂ ਇਹ ਜੀਵ ਸੱਚਾ ਉਪਦੇਸ਼ ਲੈ ਕੇ ਆਪ ਵੀ 'ਗੁਰਮੁਖਿ' ਬਣੇਗਾ, ਉਦੋਂ ਹੀ ਇਸ ਨੂੰ ਉਸ ਵਿਧੀ ਦੀ ਸਮਝ ਆਵੇਗੀ। 'ਗੁਰਮੁਖਿ' ਆਪ ਜਿਹੋ ਜਿਹੀ ਰਹਿਣੀ ਤੇ ਕਹਿਣੀ ਦੇ ਮਾਲਕ ਹੁੰਦੇ ਹਨ, ਉਸੇ ਤਰ੍ਹਾਂ ਦਾ ਬਣਕੇ ਦਿਖਾਉਂਦੇ ਹਨ। ਇਉਂ ਦੂਜੇ ਲੋਕ ਵੀ ਉਨ੍ਹਾਂ ਦੇ ਜੀਵਨ ਤੋਂ ਪ੍ਰਭਾਵਤ ਹੋ ਕੇ 'ਗੁਰਮੁਖਿ' ਬਣਨ ਦੀ ਚੇਸ਼ਟਾ ਕਰਦੇ ਹਨ।

**ਦ੍ਰਿਸ਼ਟਾਂਤ (੧)** – ਇੱਕ ਬੱਚਾ, ਮਿੱਠਾ (ਗੁੜ) ਬਹੁਤ ਖਾਂਦਾ ਸੀ। ਇਸ ਕਰਕੇ ਉਸ ਨੂੰ ਫੁਨਸੀਆਂ ਨਿੱਕਲੀਆਂ ਹੋਈਆਂ ਸਨ। ਉਸ ਦੇ ਮਾਤਾ-ਪਿਤਾ ਨੇ ਬਹੁਤ ਸਮਝਾਇਆ ਪ੍ਰੰਤੂ ਉਹ ਮਿੱਠਾ ਖਾਣ ਤੋਂ ਨਹੀਂ ਸੀ ਹਟਦਾ। ਆਖਰ ਮਾਪੇ ਉਸ ਨੂੰ ਇੱਕ ਮਹਾਤਮਾ ਦੇ ਪਾਸ ਲੈ ਗਏ ਅਤੇ ਬੇਨਤੀ ਕੀਤੀ ਕਿ ਦਇਆ ਕਰਕੇ ਇਸ ਦੀ ਗੁੜ ਖਾਣ ਦੀ ਆਦਤ ਛੁਡਵਾ ਦਿਉ। ਮਹਾਤਮਾ ਬਹੁਤ 'ਗੁਰਮੁਖਿ' ਸਨ, ਉਨ੍ਹਾਂ ਨੇ ਵਿਚਾਰ ਕੀਤਾ ਕਿ ਸਾਡਾ ਬਚਨ, ਉਸ ਦੇ ਮਨ ਤੇ ਤਾਂ ਹੀ ਅਸਰ ਕਰੇਗਾ ਜੇ ਪਹਿਲਾਂ ਅਸੀਂ ਮਿੱਠਾ ਖਾਣਾ ਬੰਦ ਕਰਾਂਗੇ। ਇਹ ਸੋਚ ਕੇ ਸੰਤ ਜੀ ਨੇ ਮੁੰਡੇ ਦੇ ਮਾਪਿਆਂ ਨੂੰ ਕਿਹਾ ਕਿ ਇਸ ਨੂੰ ਅੱਠ ਦਿਨਾਂ ਬਾਅਦ ਲੈ ਆਉਣਾ। ਉਸੇ ਦਿਨ ਤੋਂ ਮਹਾਤਮਾ ਜੀ ਨੇ ਮਿੱਠਾ ਖਾਣਾ ਬੰਦ ਕਰ ਦਿੱਤਾ। ਅੱਠ (8) ਦਿਨਾਂ ਬਾਅਦ ਮਾਪੇ, ਉਸ ਬੱਚੇ ਨੂੰ ਲੈ ਕੇ ਫਿਰ ਮਹਾਤਮਾ ਜੀ ਕੋਲ ਆਏ ਅਤੇ ਫਿਰ ਉਹੀ ਬੇਨਤੀ ਕੀਤੀ ਕਿ ਕ੍ਰਿਪਾ ਕਰੋ, ਬੱਚਾ ਮਿੱਠਾ ਖਾਣ ਤੋਂ ਹਟ ਜਾਵੇ। ਮਹਾਤਮਾ ਨੇ ਉਨ੍ਹਾਂ ਦੀ ਗੱਲ ਸੁਣਕੇ ਬੱਚੇ ਨੂੰ ਮਿੱਠਾ ਨਾ ਖਾਣ ਦਾ ਉਪਦੇਸ਼ ਦਿੱਤਾ। ਉਹ ਉਪਦੇਸ਼ ਬੱਚੇ ਦੇ ਹਿਰਦੇ ਵਿੱਚ ਤੀਰ ਵਾਂਗ ਲੱਗਿਆ। ਇਸ ਤੋਂ ਸਿੱਧ ਹੋਇਆ ਕਿ ਜਿਹੜੇ 'ਗੁਰਮੁਖਿ' ਆਪ ਪੂਰੀ ਕਥਨੀ ਤੇ ਕਰਨੀ ਦੀ ਰਹਿਤ

ਵਿੱਚ ਰਹਿੰਦੇ ਹਨ, ਉਨ੍ਹਾਂ ਦੇ ਬਚਨ ਵੀ ਪ੍ਰਭਾਵਸ਼ਾਲੀ ਹੋ ਜਾਂਦੇ ਹਨ।

ਆਮ ਕਰਕੇ '**ਪ੍ਰਮਾਰਥ**' (ਮਨੁੱਖਾ ਜਨਮ ਦਾ ਮਨੋਰਥ) ਅਤੇ '**ਪ੍ਰਾਰੱਬਧ**' (ਪੂਰਬਲੇ ਕਰਮਾਂ ਦਾ ਫਲ) ਦੋਹਾਂ ਦੇ ਅਰਥ ਭੇਦ ਨੂੰ ਸਮਝਣ ਵਿੱਚ ਕਠਨਾਈ ਹੁੰਦੀ ਹੈ ਕਿ 'ਪ੍ਰਮਾਰਥ' ਵਿੱਚ ਕਿਵੇਂ ਚੱਲਿਆ ਜਾਵੇ ਅਤੇ 'ਪ੍ਰਾਰੱਬਧ' ਦੇ ਨਿਸਚੇ ਨੂੰ ਵਰਤੋਂ ਵਿੱਚ ਕਿਵੇਂ ਲਿਆਂਦਾ ਜਾਵੇ? ਇਹ ਵਿਧੀ 'ਗੁਰਮੁਖਿ' ਮਹਾਤਮਾ ਦੇ ਸੰਗ ’ਚੋਂ ਹੀ ਪ੍ਰਾਪਤ ਹੁੰਦੀ ਹੈ ਕਿਉਂਕਿ ਸੰਤਾਂ ਦਾ 'ਪ੍ਰਾਰੱਬਧ' ਤੇ ਪੱਕਾ ਨਿਸ਼ਚਾ ਹੁੰਦਾ ਹੈ। ਉਹ ਸ਼ਰੀਰ ਦੀ ਪਾਲਣਾ ਲਈ ਕੋਈ ਵੀ ਯਤਨ ਨਹੀਂ ਕਰਦੇ ਕਿਉਂਕਿ ਉਹ ਸਮਝਦੇ ਹਨ ਕਿ ਜਿਸ 'ਪ੍ਰਾਰੱਬਧ' ਅਨੁਸਾਰ ਇਹ ਸਰੀਰ ਮਿਲਿਆ ਹੈ, ਉਹ ਦਾਣਾ, ਪਾਣੀ, ਭੋਗ ਜਰੂਰ ਮਿਲਣਾ ਹੀ ਹੈ। ਨਾਮ ਜਪਣ ਅਤੇ ਭਜਨ ਕਰਨ ਵਿੱਚ ਯਾਨੀ ਪ੍ਰਮੇਸ਼ਰ ਪ੍ਰਾਪਤੀ ਲਈ ਜੋ ਵੀ ਉੱਦਮ ਅਤੇ ਪੁਰਸ਼ਾਰਥ ਕਰਨ ਲਈ ਗੁਰੂ ਦਾ ਹੁਕਮ ਹੈ, ਵੱਧ ਤੋਂ ਵੱਧ ਕਰਦੇ ਰਹਿੰਦੇ ਹਨ। ਗੁਰਬਾਣੀ ਦਾ ਫੁਰਮਾਨ ਹੈ–

**ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥**

**(ਅੰਗ ੪੫੬)**

ਇਹ ਗੱਲ ਆਮ ਪ੍ਰਸਿੱਧ ਹੈ ਕਿ ਭਗਤ ਕਬੀਰ, ਭਗਤ ਨਾਮਦੇਵ, ਭਗਤ ਰਵਿਦਾਸ ਅਤੇ ਭਗਤ ਫਰੀਦ ਆਦਿ ਸੰਤਾਂ ਨੇ ਹਮੇਸ਼ਾ ਨਾਮ ਜਪਣ ਲਈ ਹੀ ਉਪਰਾਲੇ ਕੀਤੇ ਸਨ ਅਤੇ ਸ਼ਰੀਰਕ ਨਿਰਬਾਹ ਵਾਸਤੇ ‘ਪ੍ਰਾਰੱਬਧ’ ਉੱਤੇ ਹੀ ਵਿਸ਼ਵਾਸ ਰੱਖਿਆ ਸੀ। ਨਤੀਜਾ ਇਹ ਹੋਇਆ ਕਿ ਉਨ੍ਹਾਂ ਮਹਾਂਪੁਰਖਾਂ ਨੇ ਲੋਕ-ਪ੍ਰਲੋਕ ਦੋਹਾਂ ਨੂੰ ਸੁਧਾਰ ਲਿਆ। ਸੰਸਾਰੀ ਜੀਵਾਂ ਦਾ ਨਿਸ਼ਚਾ ਇਸ ਤੋਂ ਬਿਲਕੁੱਲ ਉਲਟ ਹੁੰਦਾ ਹੈ। ਜੇ ਉਨ੍ਹਾਂ ਨੂੰ ਆਖਿਆ ਜਾਵੇ ਕਿ ਭਾਈ! ਮਨੁੱਖਾ ਜਨਮ ਨਾਮ ਜਪਣ ਲਈ ਹੀ ਮਿਲਿਆ ਹੈ, ਨਾਮ ਜਪੋ ਤਾਂ ਉਹ ਕਹਿੰਦੇ ਹਨ, ਜੇ ਸਾਡੇ ਭਾਗਾਂ ਵਿੱਚ ਹੋਵੇਗਾ ਤਾਂ ਹੀ ਨਾਮ ਜਪਿਆ ਜਾਵੇਗਾ। ਪ੍ਰੰਤੂ ਜਦੋਂ ਧਨ ਕਮਾਉਣ ਦੀ ਗੱਲ ਆਏਗੀ ਤਾਂ ਉੱਦਮ ਕਰਕੇ ਦੇਸ਼-ਵਿਦੇਸ਼ ਵਿੱਚ ਤਕਲੀਫਾਂ ਸਹਾਰ ਕੇ ਵੀ ਮਾਇਆ ਕਮਾਉਣ ਲੱਗ ਜਾਂਦੇ ਹਨ। ਇਸ ਤਰ੍ਹਾਂ ਸਰੀਰ ਅਤੇ ਕੁਟੰਬ ਦੀ ਪਾਲਣਾ ਵਿੱਚ ਸਾਰਾ ਸਮਾਂ ਲਗਾ ਕੇ ਸੰਸਾਰ ਤੋਂ ਚਲੇ ਜਾਂਦੇ ਹਨ ਅਤੇ ਉਨ੍ਹਾਂ ਦੇ ਲੋਕ-ਪ੍ਰਲੋਕ ਦੋਵੇਂ ਹੀ

ਵਿਅਰਥ ਹੋ ਜਾਂਦੇ ਹਨ। ਜਿਸ ਤਰ੍ਹਾਂ ਸੂਰਜ ਵੱਲ ਪਿੱਠ ਕੀਤਿਆਂ, ਸਾਡਾ ਪਰਛਾਵਾਂ ਅੱਗੇ- ਅੱਗੇ ਚਲਦਾ ਹੈ ਤੇ ਪਕੜ ਵਿੱਚ ਨਹੀਂ ਆਉਂਦਾ ਅਤੇ ਸੂਰਜ ਵੱਲ ਮੂੰਹ ਕਰਕੇ ਚੱਲਿਆਂ, ਉਹੀ ਪਰਛਾਵਾਂ ਸਾਡੇ ਪਿੱਛੇ-ਪਿੱਛੇ ਆਉਂਦਾ ਰਹਿੰਦਾ ਹੈ ਇਸੇ ਤਰ੍ਹਾਂ 'ਗੁਰਮੁਖਿ' ਜੋ ਪ੍ਰਮਾਤਮਾ ਵੱਲ ਸਨਮੁੱਖ ਹੋ ਕੇ ਚਲਦੇ ਹਨ, ਉਹ ਪ੍ਰਮਾਤਮਾ ਅਤੇ ਮਾਇਆ ਦੋਹਾਂ ਨੂੰ ਪ੍ਰਾਪਤ ਕਰ ਲੈਂਦੇ ਹਨ । ਮਨਮੁੱਖ ਜੋ ਪ੍ਰਮਾਤਮਾ ਵੱਲ ਪਿੱਠ ਕਰਕੇ, ਬੇਮੁੱਖ ਹੋ ਕੇ ਚਲਦੇ ਹਨ, ਉਨ੍ਹਾਂ ਨੂੰ ਮਾਇਆ ਵੀ ਨਹੀਂ ਮਿਲਦੀ ਅਤੇ ਉਹ ਪ੍ਰਮਾਤਮਾ ਦੇ ਦਰਸ਼ਨਾਂ ਤੋਂ ਵੀ ਵਾਂਝੇ ਰਹਿ ਜਾਂਦੇ ਹਨ।

**ਦ੍ਰਿਸ਼ਟਾਂਤ (੨)** - ਇੱਕ ਸਮੇਂ ਦੋ ਆਦਮੀ ਬਿਮਾਰ ਹੋਣ ਤੇ ਹਕੀਮ (ਵੈਦ) ਕੋਲ ਗਏ। ਉਨ੍ਹਾਂ ਨੇ ਦੱਸਿਆ ਕਿ ਸਾਨੂੰ ਪੇਟ ਵਿੱਚ ਦਰਦ ਰਹਿੰਦਾ ਹੈ ਅਤੇ ਅੱਖਾਂ ਸਾਮ੍ਹਣੇ ਧੁੰਦਲਾਪਨ ਰਹਿੰਦਾ ਹੈ। ਹਕੀਮ ਨੇ ਦੋਨਾਂ ਨੂੰ ਦੋ-ਦੋ ਪੁੜੀਆਂ ਦਿੱਤੀਆਂ ਤੇ ਸਮਝਾਇਆ ਕਿ ਆਹ ਪੁੜੀ ਪੇਟ-ਦਰਦ ਲਈ ਹੈ ਤੇ ਇਸ ਨੂੰ ਪਾਣੀ ਨਾਲ ਲੈਣਾ ਹੈ ਅਤੇ ਆਹ ਦੂਜੀ ਪੁੜੀ ਅੱਖਾਂ ਵਿੱਚ ਸੁਰਮੇ ਵਾਂਗ ਪਾਉਣੀ ਹੈ। ਉਨ੍ਹਾਂ ਵਿੱਚੋਂ ਇੱਕ ਜੋ ਸਮਝਦਾਰ ਸੀ, ਉਸ ਨੇ ਹਕੀਮ ਦੇ ਕਹੇ ਅਨੁਸਾਰ ਦੋਨੋ ਪੁੜੀਆਂ ਦੀ ਵਰਤੋਂ ਠੀਕ ਢੰਗ ਨਾਲ ਕੀਤੀ। ਉਸ ਦਾ ਪੇਟ-ਦਰਦ ਅਤੇ ਅੱਖਾਂ ਦੀ ਧੁੰਦ ਦੋਵੇਂ ਰੋਗ ਠੀਕ ਹੋ ਗਏ। ਦੂਜਾ ਆਦਮੀ ਕੁੱਝ ਮੋਟੀ ਬੁੱਧੀ ਵਾਲਾ ਸੀ, ਉਸ ਨੇ ਪੇਟ ਵਾਲੀ ਦਵਾਈ ਅੱਖਾਂ ਵਿੱਚ ਪਾ ਲਈ ਅਤੇ ਅੱਖਾਂ ਵਾਲੀ ਦਵਾਈ ਪਾਣੀ 'ਚ ਮਿਲਾ ਕੇ ਪੀ ਲਈ। ਇਉਂ ਉਹ ਪਹਿਲਾਂ ਨਾਲੋਂ ਵੀ ਜਿਆਦਾ ਵਿਆਕੁਲ ਹੋ ਗਿਆ। ਉਸਦੇ ਸੰਬੰਧੀ ਮਰੀਜ਼ ਨੂੰ ਫਿਰ ਹਕੀਮ ਕੋਲ ਲੈ ਕੇ ਆਏ ਅਤੇ ਆਉਂਦੇ ਸਾਰ ਹੀ ਹਕੀਮ ਨੂੰ ਵੱਧ ਘੱਟ ਬੋਲਣ ਲੱਗ ਪਏ ਕਿ ਤੁਹਾਡੀ ਦਵਾਈ ਨੇ ਇਸ ਦੀ ਤਕਲੀਫ ਹੋਰ ਵਧਾ ਦਿੱਤੀ ਹੈ। ਹਕੀਮ ਨੇ ਧੀਰਜ ਦਿੱਤਾ ਅਤੇ ਦੂਜੇ ਆਦਮੀ ਨੂੰ ਬੁਲਾ ਕੇ ਪੁੱਛਿਆ ਕਿ ਤੁਹਾਡਾ ਕੀ ਹਾਲ ਹੈ? ਉਸ ਨੇ ਕਿਹਾ ਕਿ ਆਪ ਜੀ ਦੀ ਦਿੱਤੀ ਦਵਾਈ ਵਰਤਣ ਤੋਂ ਬਾਅਦ ਮੇਰਾ ਪੇਟ-ਦਰਦ ਅਤੇ ਅੱਖਾਂ ਦਾ ਧੁੰਦਲਾਪਨ ਦੋਵੇਂ ਠੀਕ ਹੋ ਗਏ ਹਨ। ਹਕੀਮ ਨੇ ਫਿਰ ਪਹਿਲੇ (ਬੇਸਮਝ) ਮਰੀਜ਼ ਤੋਂ ਪੁੱਛਿਆ ਕਿ ਤੁਸੀਂ ਦਵਾਈ ਕਿਵੇਂ ਵਰਤੀ?

ਉਸ ਨੇ ਕਿਹਾ ਕਿ ਫਲਾਨੀ ਪੁੜੀ ਮੈਂ ਪੀ ਲਈ ਸੀ ਅਤੇ ਦੂਜੀ ਪੁੜੀ ਜੋ ਸੀ ਉਹ ਮੈਂ ਅੱਖਾਂ ਵਿੱਚ ਪਾ ਲਈ ਸੀ। ਇਹ ਸੁਣਕੇ ਹਕੀਮ ਨੇ ਕਿਹਾ ਕਿ ਤੁਸੀਂ ਤਾਂ ਦਵਾਈ ਦੀ ਵਰਤੋਂ ਹੀ ਗਲਤ ਕੀਤੀ ਹੈ, ਦੱਸੋ! ਇਸ ਵਿੱਚ ਮੇਰਾ ਕੀ ਕਸੂਰ ਹੈ? ਫਿਰ ਜਦੋਂ ਹਕੀਮ ਦੇ ਕਹੇ ਮੁਤਾਬਿਕ, ਪੂਰੀ ਵਿਧੀ ਨਾਲ ਦਵਾਈ ਵਰਤੀ ਤਾਂ ਉਸ ਦੇ ਰੋਗ ਵੀ ਦੂਰ ਹੋ ਗਏ। ਇਸ ਤਰ੍ਹਾਂ ਸੰਸਾਰ ਵਿੱਚ ਸਤਿਗੁਰੂ ਭੀ ਇੱਕ ਹਕੀਮ ਦੀ ਨਿਆਈਂ ਹਨ, ਜਿਨ੍ਹਾਂ ਕੋਲ ਜਗਿਆਸੂ ਅਤੇ ਹੋਰ ਸੰਸਾਰੀ ਲੋਕ ਆਕੇ ਬੇਨਤੀਆਂ ਕਰਦੇ ਰਹਿੰਦੇ ਨੇ ਕਿ ਸਾਡਾ ਚਿੱਤ ਵਿਆਕੁਲ ਅਤੇ ਮਨ ਚੰਚਲ ਰਹਿੰਦਾ ਹੈ। ਸਾਨੂੰ ਪ੍ਰਮਾਰਥ ਦੇ ਰਸਤੇ ਤੇ ਚੱਲਣ ਦੀ ਸਮਝ ਨਹੀਂ ਆਉਂਦੀ, ਆਪ ਕ੍ਰਿਪਾ ਕਰਕੇ, ਸਾਡੇ ਇਨ੍ਹਾਂ ਦੋਹਾਂ ਰੋਗਾਂ ਦਾ ਇਲਾਜ ਬਖਸ਼ੋ। ਸੰਤ ਜੀ ਦੋਹਾਂ ਨੂੰ ਉਪਦੇਸ਼ ਦਿੰਦੇ ਹਨ ਕਿ ਪ੍ਰਮਾਰਥ ਵਿੱਚ 'ਪੁਰਸ਼ਾਰਥ' (ਉੱਦਮ) ਕਰਨਾ ਤੇ ਕਾਰ-ਵਿਵਹਾਰ ਵਿੱਚ 'ਪ੍ਰਾਰੱਬਧ' (ਪੂਰਬਲੇ ਕਰਮਾਂ ਦਾ ਫਲ) ਉੱਪਰ ਟਿਕਣਾ। ਪ੍ਰਮਾਤਮਾ ਨੇ ਹਰੇਕ ਜੀਵ ਨੂੰ ਪੈਦਾ ਕਰਨ ਤੋਂ ਪਹਿਲਾਂ ਉਸਦਾ ਰਿਜ਼ਕ ਲਿਖਿਆ ਹੈ-

**ਪਹਿਲੋ ਦੇ ਤੈਂ ਰਿਜਕੁ ਸਮਾਹਾ ॥ ਪਿਛੋ ਦੇ ਤੈਂ ਜੰਤੁ ਉਪਾਹਾ ॥**

**(ਅੰਗ ੧੩੦)**

ਸੋ ਨਿਸ਼ਚਿੰਤ ਹੋ ਕੇ ਪ੍ਰਮਾਤਮਾ ਦੀ ਬੰਦਗੀ ਵਿੱਚ ਲੱਗੇ ਰਹਿਣਾ ਚਾਹੀਦਾ ਹੈ, ਅਜਿਹਾ ਕਰਨ ਨਾਲ ਤੁਹਾਡੇ ਦੋਵੇਂ ਲੋਕ ਸੁਧਰ ਜਾਣਗੇ। ਇਨ੍ਹਾਂ ਦੋਹਾਂ ਵਿੱਚ ਜੋ ਬੁੱਧੀਮਾਨ ਜਗਿਆਸੂ ਹੈ, ਉਹ ਗੁਰੂ ਦੀ ਆਗਿਆ ਨਾਲ ਚਲਦਾ ਹੈ, ਉਸਦੇ ਲੋਕ ਅਤੇ ਪ੍ਰਲੋਕ ਦੋਵੇਂ ਸੁਹੇਲੇ ਹੋ ਜਾਂਦੇ ਹਨ। ਸੰਸਾਰ ਵਿੱਚ ਆਸਕਤੀ (ਲਗਾਉ) ਰੱਖਣ ਵਾਲਾ ਮੰਦ-ਬੁੱਧੀ ਜੀਵ, ਨਾਮ ਜਪਣ ਵਿੱਚ ਬਿਲਕੁੱਲ ਉੱਦਮ ਨਹੀਂ ਕਰਦਾ ਪ੍ਰੰਤੂ ਹੋਰ ਕੰਮ-ਧੰਧੇ ਕਰਨ ਲਈ ਅਨੇਕ ਪ੍ਰਕਾਰ ਦੇ ਉੱਦਮ ਕਰਦਾ ਰਹਿੰਦਾ ਹੈ ਜਿਸ ਕਰਕੇ, ਉਸ ਨੂੰ ਸੁੱਖਾਂ ਦੀ ਪ੍ਰਾਪਤੀ ਨਹੀਂ ਹੁੰਦੀ। ਜਦੋਂ ਦੋਵੇਂ ਜਣੇ ਅਪਣੇ ਸੰਤਾਂ ਕੋਲ ਆਉਂਦੇ ਹਨ ਤਾਂ ਉਹ ਉਨ੍ਹਾਂ ਤੋਂ ਹਾਲ-ਚਾਲ ਪੁੱਛਦੇ ਹਨ। ਜਗਿਆਸੂ ਸਭ ਹਾਲ ਸੁਣਾ ਦਿੰਦਾ ਹੈ ਕਿ ਆਪ ਜੀ ਦੀ ਆਗਿਆ ਅਨੁਸਾਰ ਚੱਲਣ ਕਰਕੇ, ਮੇਰਾ ਮਨ ਸ਼ਾਂਤ ਅਤੇ ਬੁੱਧੀ ਨਿਰਸੰਸੇ ਹੋ ਗਈ ਹੈ।

ਦੂਜਾ ਸੰਸਾਰੀ ਬੰਦਾ ਕਹਿੰਦਾ ਕਿ ਮੈਨੂੰ ਤਾਂ ਹੋਰ ਵੀ ਵੱਧ ਪ੍ਰੇਸ਼ਾਨੀ ਹੋ ਗਈ ਹੈ। ਇਸ ਤੇ ਸੰਤ ਪੁੱਛਦੇ ਹਨ ਕਿ ਸਾਡਾ ਬਚਨ ਵਰਤੋਂ ਵਿੱਚ ਕਿਵੇਂ ਲਿਆਂਦਾ ਸੀ? ਤਾਂ ਸੰਸਾਰੀ ਕਹਿੰਦਾ ਹੈ ਕਿ ਕਾਰ-ਵਿਵਹਾਰ ਕਰਨ ਲਈ ਮੈਂ ਬਹੁਤ ਉੱਦਮ ਕਰਦਾ ਹਾਂ ਅਤੇ ਪ੍ਰਮਾਤਮਾ ਦਾ ਨਾਮ ਤਾਂ ਭਾਗਾਂ ਨਾਲ ਹੀ ਜਪਿਆ ਜਾਵੇਗਾ। ਇਹ ਸੁਣਕੇ ਮਹਾਤਮਾ ਉਸ ਨੂੰ ਫਿਰ ਸਮਝਾਉਂਦੇ ਹਨ ਕਿ ਹੇ ਭਾਈ! ਤੂੰ ਸਾਡੇ ਕਹਿਣ ਤੋਂ ਉਲਟ ਚੱਲ ਰਿਹਾ ਹੈਂ, ਇਸ ਲਈ ਤੂੰ ਸੁਖੀ ਨਹੀਂ ਹੋ ਸਕਿਆ। ਹੁਣ ਤੂੰ ਸਾਡੇ ਕਹਿਣੇ ਮੁਤਾਬਿਕ 'ਪ੍ਰਮਾਰਥ' ਵਾਸਤੇ ਉੱਦਮ ਕਰ ਅਤੇ ਵਿਵਹਾਰ ਵਿੱਚ 'ਪ੍ਰਾਰੱਬਧ' ਤੇ ਭਰੋਸਾ ਰੱਖ ਕੇ ਚੱਲ। ਅਜਿਹਾ ਕਰਨ ਨਾਲ ਤੇਰੇ ਦੋਨੋਂ ਜਹਾਨ ਲੋਕ ਤੇ ਪ੍ਰਲੋਕ ਸੁਧਰ ਜਾਣਗੇ। ਇਸ ਤਰ੍ਹਾਂ 'ਗੁਰਮੁਖਿ' ਮਹਾਤਮਾ ਸੰਸਾਰ ਦੇ ਜੀਵਾਂ ਨੂੰ '**ਪ੍ਰਮਾਰਥ**' ਅਤੇ ਵਿਵਹਾਰ ਵਿੱਚ '**ਪ੍ਰਾਰੱਬਧ**' ਅਨੁਸਾਰ ਚੱਲਣ ਦੀ ਯੁਕਤੀ ਦੱਸ ਕੇ ਜਨਮ-ਮਰਨ ਦੇ ਦੁੱਖਾਂ ਤੋਂ ਛੁਡਾ ਦਿੰਦੇ ਹਨ। ਇਸੇ ਨੂੰ ਹੀ ਕਿਹਾ ਹੈ ਕਿ-

**ਗੁਰਮੁਖਿ ਬਿਧਿ ਪ੍ਰਗਟਾਏ ਜੀਉ॥**

**ਦ੍ਰਿਸ਼ਟਾਂਤ (੩)** - ਇੱਕ ਰਾਜੇ ਦੇ ਦੋ ਵਜ਼ੀਰ ਸਨ, ਇੱਕ ਦਿਵਾਨੀ ਕੰਮਾਂ ਵਾਸਤੇ ਅਤੇ ਦੂਜਾ ਜੰਗੀ ਕੰਮਾਂ ਵਾਸਤੇ। ਇਉਂ ਹਕੂਮਤ ਦਾ ਇੰਤਜ਼ਾਮ ਠੀਕ ਚੱਲ ਰਿਹਾ ਸੀ। ਕੁੱਝ ਸਾਲਾਂ ਬਾਅਦ ਰਾਜੇ ਨੂੰ ਖਿਆਲ ਆਇਆ ਕਿ ਇਹ ਦੋਵੇਂ ਵਜ਼ੀਰ ਬਹੁਤ ਸਮੇਂ ਤੋਂ ਇੱਕੋ ਮਹਿਕਮੇ ਵਿੱਚ ਹੀ ਲੱਗੇ ਚੱਲੇ ਆਉਂਦੇ ਹਨ। ਇਨ੍ਹਾਂ ਦੀ ਬਦਲੀ ਕੀਤੀ ਜਾਵੇ ਤਾਂ ਠੀਕ ਰਹੇਗਾ। ਰਾਜੇ ਨੇ ਦੋਹਾਂ ਵਜ਼ੀਰਾਂ ਨੂੰ ਆਪਸ ਵਿੱਚ ਬਦਲ ਦਿੱਤਾ। ਨਤੀਜਾ ਇਹ ਹੋਇਆ ਕਿ ਸਾਰਾ ਕੰਮ ਵਿਗੜ ਗਿਆ। ਕਿਸੇ ਦੂਜੇ ਰਾਜੇ ਨੇ ਮੁਲਕ ਤੇ ਚੜ੍ਹਾਈ ਕਰ ਦਿੱਤੀ ਤੇ ਇਸ ਨੂੰ ਆਪਣਾ ਗੁਲਾਮ ਬਣਾ ਲਿਆ। ਇਸੇ ਤਰ੍ਹਾਂ ਮਨ ਰੂਪੀ ਰਾਜੇ ਦੇ ਵੀ ਦੋ ਵਜ਼ੀਰ ਹਨ। ਇੱਕ 'ਪੁਰਸ਼ਾਰਥ' ਅਤੇ ਦੂਜਾ 'ਪ੍ਰਾਰੱਬਧ'। ਜੋ ਗੁਰਮੁਖਿ ਹਨ, ਉਹ ਨਾਮ ਜਪਣ, ਸਤਿਸੰਗ ਅਤੇ ਸ਼ੁੱਭ ਕਰਮ ਕਰਨ ਲਈ ਪੁਰਸ਼ਾਰਥ ਕਰਦੇ ਹਨ ਅਤੇ ਪ੍ਰਾਰੱਬਧ ਵਿੱਚ ਭਰੋਸੇ ਨੂੰ ਵਿਵਹਾਰਕ ਕੰਮਾਂ ਵਿੱਚ ਰੱਖਦੇ ਹਨ। ਜਿਸ ਕਰਕੇ, ਉਹ ਆਪਣੇ ਦੋਵੇਂ ਲੋਕ ਸੁਧਾਰ ਲੈਂਦੇ ਹਨ। ਪ੍ਰੰਤੂ ਮਨਮੁੱਖ ਇਸ ਤੋਂ ਉਲਟ ਕ੍ਰਿਆ ਕਰਦੇ ਹਨ ਤੇ ਨਤੀਜਾ ਇਹ

ਹੁੰਦਾ ਹੈ ਕਿ ਦੋਹਾਂ ਪਾਸਿਆਂ ਤੋਂ ਹੀ ਦੁਖੀ ਰਹਿੰਦੇ ਹਨ ਜਿਸ ਕਰਕੇ ਕਾਮ, ਕ੍ਰੋਧ ਆਦਿਕ ਵੈਰੀ, ਉਨ੍ਹਾਂ ਦੇ ਮਨ ਨੂੰ ਕਾਬੂ ਕਰ ਲੈਂਦੇ ਹਨ। ਅਸਲ ਵਿੱਚ ਸਾਨੂੰ ਜੀਵਨ ਗੁਜਾਰਦੇ ਹੋਏ 'ਪ੍ਰਾਰੱਬਧ' ਤੇ ਟਿਕਣਾ ਚਾਹੀਦਾ ਹੈ ਅਤੇ 'ਪ੍ਰਮਾਰਥ' ਲਈ ਉੱਦਮ ਕਰਨਾ ਚਾਹੀਦਾ ਹੈ। ਜਿਵੇਂ ਕਿ ਗੁਰੂ ਫੁਰਮਾਨ ਹੈ –

**ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥**
**ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥**
**(ਅੰਗ ੧੦)**

ਭਾਵ– ਹੇ ਮਨ! ਤੂੰ ਰਿਜ਼ਕ ਵਾਸਤੇ ਉੱਦਮ ਅਤੇ ਚਿੰਤਾ ਕਿਉਂ ਕਰਦਾ ਹੈਂ? ਜਦੋਂ ਕਿ ਤੇਰਾ ਰਿਜ਼ਕ ਪ੍ਰਮੇਸ਼ਰ ਦੇ ਜ਼ੁੰਮੇ ਹੈ, ਜੋ ਖੁਸ਼ਕ ਪੱਥਰ (ਜਿਸ ਵਿੱਚ ਜਾਣ ਦਾ ਕੋਈ ਰਸਤਾ ਹੀ ਨਹੀਂ ਹੈ) ਦੇ ਅੰਦਰ ਵੀ ਜੀਵ ਪੈਦਾ ਕਰਕੇ, ਉਨ੍ਹਾਂ ਨੂੰ ਰੋਜ਼ੀ ਦਿੰਦਾ ਹੈ ਜਿਵੇਂ ਗੁਰੂ ਫੁਰਮਾਨ ਹੈ:–

**ਸਰੰਜਾਮਿ ਲਾਗੁ ਭਵਜਲ ਤਰਨ ਕੈ॥**
**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥** **(ਅੰਗ ੧੨)**

ਭਾਵ– ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਣ ਵਾਸਤੇ ਉੱਦਮ ਕਰ, ਨਹੀਂ ਤਾਂ ਤੇਰਾ ਜਨਮ ਮਾਇਆ ਦੇ ਰੰਗ–ਤਮਾਸ਼ਿਆਂ ਵਿੱਚ ਵਿਅਰਥ ਚਲਿਆ ਜਾਵੇਗਾ। ਜੇਕਰ ਤੁਸੀਂ ਉਪਰੋਕਤ ਤਰੀਕੇ ਨਾਲ, ਆਪਣਾ ਜੀਵਨ ਬਤੀਤ ਕਰੋਗੇ ਤਾਂ ਲੋਕ–ਪ੍ਰਲੋਕ ਦੋਵੇਂ ਸੁਹੇਲੇ ਹੋ ਜਾਣਗੇ ਨਹੀਂ ਤਾਂ ਦੋਵੇਂ ਜਹਾਨ ਹੱਥ ਨਹੀਂ ਆਉਣੇ। ਪ੍ਰੰਤੂ ਇਹ ਜੁਗਤੀ ਕਿਸੇ ਪੂਰਨ 'ਗੁਰਮੁਖਿ' ਮਹਾਂਪੁਰਖ ਕੋਲੋਂ ਹੀ ਮਿਲਦੀ ਹੈ, ਜੋ ਇਸ ਜੀਵ ਨੂੰ ਵਿਧੀ ਪੂਰਬਕ ਸਿੱਧੇ ਰਸਤੇ ਤੇ ਲਾ ਦਿੰਦੇ ਹਨ।

**ਦ੍ਰਿਸ਼ਟਾਂਤ (੪) –** ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਇੱਕ ਸਿੱਖ ਲੱਕੜਾਂ ਵੇਚ ਕੇ ਪ੍ਰੀਵਾਰ ਪਾਲਦਾ ਸੀ। ਉਸ ਨੂੰ ਭਰਮ ਸੀ ਕਿ ਮੈਂ ਕਿਰਤ ਕਮਾਈ ਕਰਾਂਗਾ ਤਾਂ ਹੀ ਮੇਰਾ ਟੱਬਰ ਪਲੇਗਾ ਨਹੀਂ ਤਾਂ ਉਹ ਭੁੱਖੇ ਹੀ ਮਰ ਜਾਣਗੇ। ਇੱਕ ਦਿਨ ਉਹ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਆਇਆ। ਅੰਤਰਜਾਮੀ ਗੁਰੂ ਜੀ ਨੇ ਉਸ ਨੂੰ ਕੋਈ ਸੇਵਾ ਕਰਨ ਲਈ ਕਿਹਾ ਤਾਂ ਉਸ ਸਿੱਖ ਨੇ ਕਿਹਾ ਕਿ ਹੇ ਮਾਲਕ! ਮੇਰਾ ਪ੍ਰੀਵਾਰ ਮੈਨੂੰ ਉਡੀਕਦਾ ਹੋਵੇਗਾ।

ਜਦੋਂ ਮੈਂ ਘਰ ਜਾਵਾਂਗਾ, ਰਾਸ਼ਣ ਖਰੀਦ ਕੇ ਦੇਵਾਂਗਾ ਤਾਂ ਹੀ ਉਨ੍ਹਾਂ ਦੀ ਪੇਟ ਪੂਰਤੀ ਹੋਵੇਗੀ। ਗੁਰੂ ਸਾਹਿਬ ਜੀ ਨੇ ਸਮਝਾਇਆ ਕਿ ਹੇ ਭਾਈ! ਇਹ ਖਿਆਲ ਦਿਲੋਂ ਕੱਢ ਦੇ ਕਿ ਤੂੰ ਉਨ੍ਹਾਂ ਦੀ ਪਾਲਣਾ ਕਰਦਾ ਹੈਂ। ਜਿਹੜਾ ਰੱਬ ਤੈਨੂੰ ਪੈਦਾ ਕਰਕੇ ਰੋਜ਼ੀ ਦੇ ਰਿਹਾ ਹੈ, ਉਹੀ ਰੱਬ ਸਭ ਦੀ ਪਾਲਣਾ ਕਰਦਾ ਹੈ। ਤੂੰ ਪ੍ਰਮੇਸ਼ਰ ਤੇ ਭਰੋਸਾ ਰੱਖ, ਜਿਸਨੇ ਇਹ ਸ਼ਰੀਰ ਪੈਦਾ ਕੀਤੇ ਹਨ, ਉਸਨੇ ਰੋਜ਼ੀ ਦਾ ਪ੍ਰਬੰਧ ਵੀ ਕੀਤਾ ਹੋਇਆ ਹੈ–

**ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰ ਕਾਹੇ ਮਨ ਭਉ ਕਰਿਆ॥**

**(ਅੰਗ ੧੦)**

ਭਾਵ– ਪ੍ਰਮੇਸ਼ਰ ਨੇ ਹਰ ਇੱਕ ਇਨਸਾਨ ਲਈ ਰਿਜ਼ਕ ਲਿਖਿਆ ਹੋਇਆ ਹੈ। ਹੇ ਜੀਵ! ਤੂੰ ਡਰਦਾ ਕਿਉਂ ਹੈਂ? ਗੁਰੂ ਜੀ ਦੇ ਸਮਝਾਉਣ ਤੋਂ ਬਾਅਦ ਵੀ ਉਸ ਸਿੱਖ ਨੂੰ ਭਰੋਸਾ ਨਾ ਆਇਆ। ਫਿਰ ਗੁਰੂ ਸਾਹਿਬ ਜੀ ਨੇ ਖਿਆਲ ਕੀਤਾ ਕਿ ਇਸਦੇ ਭਲੇ ਲਈ ਇਸ ਨੂੰ ਕਿਸੇ ਤਰੀਕੇ ਨਿਸਚਾ ਕਰਾਉਣਾ ਚਾਹੀਦਾ ਹੈ। ਗੁਰੂ ਜੀ ਨੇ ਇੱਕ ਚਿੱਠੀ ਲਿਖ ਕੇ ਉਸ ਸਿੱਖ ਨੂੰ ਦਿੱਤੀ ਤੇ ਕਿਹਾ ਕਿ ਇਹ ਚਿੱਠੀ ਫਲਾਨੀ ਥਾਂ ਸਾਡੇ ਸੇਵਕ ਸਿੱਖ ਨੂੰ ਪਹੁੰਚਾ ਕੇ ਫਿਰ ਤੂੰ ਆਪਣੇ ਘਰ ਚਲਾ ਜਾਈਂ। ਉਹ, ਚਿੱਠੀ ਲੈਕੇ ਉਸ ਸਿੱਖ ਕੋਲ ਪਹੁੰਚਿਆ। ਉਸ ਆਗਿਆਕਾਰੀ ਸਿੱਖ ਨੇ ਚਿੱਠੀ ਪੜ੍ਹਕੇ ਕਿਹਾ ਕਿ ਭਾਈ! ਚਿੱਠੀ ਵਿੱਚ ਗੁਰੂ ਸਾਹਿਬ ਜੀ ਦਾ ਹੁਕਮ ਹੈ ਕਿ ਤੈਨੂੰ ਦੋ ਮਹੀਨੇ ਇੱਥੇ ਨਜ਼ਰ-ਬੰਦ ਰੱਖਿਆ ਜਾਵੇ। ਜੇ ਤੂੰ ਖੁਸ਼ੀ ਨਾਲ ਮੰਨ ਕੇ ਰਹੇਂ ਤਾਂ ਠੀਕ ਹੋਵੇਗਾ, ਨਹੀਂ ਤਾਂ ਸਾਨੂੰ ਜ਼ਬਰਦਸਤੀ ਕਰਨ ਲਈ ਮਜਬੂਰ ਹੋਣਾ ਪਵੇਗਾ। ਇਹ ਸੁਣਕੇ ਲੱਕੜਹਾਰਾ ਰੋਣ ਪਿੱਟਣ ਲੱਗ ਪਿਆ। ਉਹ ਕਹਿੰਦਾ, ਅਫਸੋਸ! ਮੇਰੇ ਨਾਲ ਗੁਰੂ ਨੇ ਧੋਖਾ ਕੀਤਾ ਹੈ। ਹੁਣ ਤਾਂ ਮੇਰੇ ਬੱਚੇ ਜਰੂਰ ਹੀ ਭੁੱਖ ਨਾਲ ਮਰ ਜਾਣਗੇ। ਮੇਰੇ ਬਿਨਾਂ ਉਨ੍ਹਾਂ ਨੂੰ ਕੌਣ ਖਵਾਏਗਾ? ਲੇਕਿਨ ਬੇਵੱਸ ਹੋਕੇ ਉਸ ਨੂੰ ਉਹ ਸਮਾਂ ਉੱਥੇ ਗੁਜ਼ਾਰਨਾ ਹੀ ਪਿਆ। ਉਸ ਆਗਿਆਕਾਰੀ ਸਿੱਖ ਨੇ ਗੁਰੂ ਦੀ ਆਗਿਆ ਅਨੁਸਾਰ ਇਸ ਨੂੰ ਪਹਿਰੇਦਾਰਾਂ ਦੀ ਨਜ਼ਰ ਹੇਠ ਰੱਖਿਆ ਹੋਇਆ ਸੀ।

ਉੱਧਰ ਉਸ ਦੇ ਕੁਟੰਬੀਆਂ ਦਾ ਹਾਲ ਸੁਣੋ। ਜਦੋਂ ਰਾਤ ਨੂੰ ਇਹ ਘਰ

ਨਾ ਪਹੁੰਚਿਆ ਤਾਂ ਉਸ ਰਾਤ ਜੋ ਵੀ ਰਾਸ਼ਣ ਘਰ ਵਿੱਚ ਸੀ, ਖਾ ਕੇ ਸੌਂ ਗਏ। ਸਵੇਰ ਹੋਈ, ਗੁਆਂਢੀਆਂ ਨੂੰ ਪਤਾ ਲੱਗਿਆ ਕਿ ਲੱਕੜਹਾਰਾ ਘਰ ਨਹੀਂ ਪਹੁੰਚਿਆ। ਇਨ੍ਹਾਂ ਦੀ ਗਰੀਬੀ ਵਾਲੀ ਹਾਲਤ ਦਾ, ਸਭ ਨੂੰ ਪਤਾ ਸੀ। ਇਸ ਲਈ ਸਾਰੇ ਪੜੌਸੀਆਂ ਨੇ ਆਪਣੇ-ਆਪਣੇ ਘਰਾਂ ਤੋਂ ਰਾਸ਼ਣ ਤੇ ਭੋਜਨ ਲਿਆ ਕੇ ਲੱਕੜਹਾਰੇ ਦੇ ਬੱਚਿਆਂ ਨੂੰ ਦਿੱਤਾ। ਇੱਕ ਦੋ ਦਿਨ ਗੁਜ਼ਰਨ ਤੋਂ ਬਾਅਦ ਜਦ ਦੇਖਿਆ ਕਿ ਹੁਣ ਤੱਕ ਲੱਕੜਹਾਰਾ ਨਹੀਂ ਪਹੁੰਚਿਆ ਤਾਂ ਉਸ ਪਿੰਡ ਦੇ ਪੰਚਾਂ ਨੇ ਇਨ੍ਹਾਂ ਦੇ ਖਾਣ-ਪੀਣ ਦਾ ਬੰਦੋਬਸਤ ਕਰ ਦਿੱਤਾ। ਉਸ ਦੇ ਬੇਟੇ ਨੂੰ ਨੌਂਕਰੀ ਤੇ ਲਗਵਾ ਦਿੱਤਾ ਉਪ੍ਰੰਤ ਵੱਡੇ ਬੱਚੇ ਦੀ ਸ਼ਾਦੀ ਵੀ ਕਰ ਦਿੱਤੀ। ਥੋੜੇ ਸਮੇਂ 'ਚ ਹੀ ਮਕਾਨ ਵੀ ਬਣਵਾ ਦਿੱਤਾ। ਇਸ ਤਰ੍ਹਾਂ ਲੱਕੜਹਾਰੇ ਦੀ ਘਰ ਵਾਲੀ ਤੇ ਉਸ ਦੇ ਬੱਚੇ ਸੁੱਖ ਦਾ ਜੀਵਨ ਬਤੀਤ ਕਰਨ ਲੱਗੇ।

**ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥**
**ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥੧ ॥**
**ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥**
**ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ॥੨ ॥**

**(ਅੰਗ ੭੨੪)**

ਉਹ ਸੋਚਣ ਲੱਗੇ ਕਿ ਜਦੋਂ ਤੱਕ ਉਸ ਦਲਿੱਦਰੀ ਲੱਕੜਹਾਰੇ ਦਾ ਪੈਰ ਘਰ ਵਿੱਚ ਸੀ, ਉਦੋਂ ਤੱਕ ਅਸੀਂ ਰੋਟੀ ਦੇ ਟੁਕੜੇ-ਟੁਕੜੇ ਤੋਂ ਵੀ ਮੁਹਤਾਜ ਰਹੇ ਪ੍ਰੰਤੂ ਜਦੋਂ ਤੋਂ ਉਹ ਇੱਥੋਂ ਗਿਆ ਹੈ, ਉਦੋਂ ਤੋਂ ਅਸੀਂ ਬਹੁਤ ਸੁਖੀ ਹਾਂ। ਉਹ ਦਲਿੱਦਰੀ, ਸਾਡੇ ਕੋਲ ਮੁੜ ਕੇ ਨਾ ਹੀ ਆਵੇ ਤਾਂ ਠੀਕ ਹੈ।

ਇੱਧਰ ਦੋ ਮਹੀਨੇ ਦਾ ਸਮਾਂ ਪੂਰਾ ਹੋਇਆ ਤਾਂ ਉਸ ਸਿੱਖ ਨੇ ਲੱਕੜਹਾਰੇ ਨੂੰ ਛੱਡ ਦਿੱਤਾ। ਉਹ ਸਾਰੇ ਰਸਤੇ ਸੋਚਦਾ ਰਿਹਾ ਕਿ ਉਸਦੇ ਬੱਚੇ ਭੁੱਖ ਕਾਰਨ ਮਰ ਗਏ ਹੋਣਗੇ। ਮੇਰੇ ਸਿਵਾਏ ਉਨ੍ਹਾਂ ਨੂੰ ਕਿਸ ਨੇ ਖਾਣਾ ਪਹੁੰਚਾਇਆ ਹੋਵੇਗਾ। ਇਉਂ ਸੋਚਦਾ ਹੋਇਆ ਜਦੋਂ ਘਰ ਪਹੁੰਚਿਆ ਤਾਂ ਪਹਿਲਾਂ ਵਾਲੀ ਝੌਂਪੜੀ ਦੀ ਥਾਂ ਇੱਕ ਸੁੰਦਰ ਮਕਾਨ ਬਣਿਆ ਦੇਖ ਕੇ ਬੜਾ ਹੈਰਾਨ ਹੋਇਆ ਅਤੇ ਗੁਆਢੀਆਂ ਨੂੰ ਪੁੱਛਣ ਲੱਗਿਆ ਕਿ ਇਹ ਮਕਾਨ ਕਿਸਦਾ

ਹੈ? ਪੜੌਸੀਆਂ ਨੇ ਦੱਸਿਆ ਕਿ ਇਹ ਘਰ ਤੁਹਾਡਾ ਹੀ ਹੈ। ਘਰ ਵਾਲਿਆਂ ਨੇ ਜਦੋਂ ਉਸਦੀ ਅਵਾਜ਼ ਸੁਣੀ ਤੇ ਅੰਦਰ ਨੂੰ ਆਉਂਦਾ ਦੇਖਿਆ ਤਾਂ ਦਰਵਾਜ਼ਾ ਬੰਦ ਕਰ ਦਿੱਤਾ। ਲੱਕੜਹਾਰੇ ਨੇ ਬਹੁਤ ਅਵਾਜ਼ਾਂ ਮਾਰੀਆਂ, ਤੇ ਦਰਵਾਜ਼ਾ ਖੜਕਾ-ਖੜਕਾ ਕੇ ਕਹਿੰਦਾ ਰਿਹਾ ਕਿ ਮੈਂ ਸਾਰੇ ਪ੍ਰੀਵਾਰ ਨੂੰ ਮਿਲਣਾ ਅਤੇ ਦੇਖਣਾ ਚਾਹੁੰਦਾ ਹਾਂ, ਦਰਵਾਜ਼ਾ ਖੋਲ੍ਹੋ! ਫਿਰ ਵੀ ਉਨ੍ਹਾਂ ਨੇ ਦਰਵਾਜ਼ਾ ਨਾ ਖੋਲ੍ਹਿਆ। ਆਖਰ ਪੜੌਸੀਆਂ ਨੇ ਘਰ ਵਾਲਿਆਂ ਤੋਂ ਦਰਵਾਜ਼ਾ ਖੁਲ੍ਹਵਾਇਆ। ਉਹ ਅੰਦਰ ਗਿਆ ਤੇ ਆਪਣੇ ਬੱਚਿਆਂ ਦੀ ਚੰਗੀ ਹਾਲਤ ਦੇਖ ਕੇ ਬਹੁਤ ਖੁਸ਼ ਹੋਇਆ। ਉਸ ਦੇ ਮਨ ਦਾ ਇਹ ਭਰਮ ਕਿ ਮੈਂ ਹੀ ਬੱਚਿਆਂ ਦੀ ਪਾਲਣਾ ਕਰਦਾ ਹਾਂ, ਦੂਰ ਹੋ ਗਿਆ। ਉਸ ਨੂੰ ਨਿਸਚੇ ਹੋ ਗਿਆ 'ਪ੍ਰਮਾਤਮਾ' ਸੱਚਾ 'ਰਾਜ਼ਕ' (ਰੋਜ਼ੀ ਦੇਣ ਵਾਲਾ) ਹੈ।

**ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥** (ਅੰਗ ੬੫੩)

ਯਥਾ -

**ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥**
**ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥** (ਅੰਗ ੯੫੫)

ਬੱਸ! ਉਦੋਂ ਹੀ ਪ੍ਰੀਵਾਰ ਦਾ ਮੋਹ ਛੱਡ ਕੇ, ਉਹ ਵਾਪਿਸ ਆਕੇ ਸ੍ਰੀ ਗੁਰੂ ਜੀ ਦੇ ਚਰਨੀ ਡਿੱਗ ਪਿਆ ਤੇ ਰੋ-ਰੋ ਕੇ ਬੇਨਤੀ ਕਰਨ ਲੱਗਿਆ ਕਿ ਹੇ ਸੱਚੇ ਪਾਤਸ਼ਾਹ! ਮੈਂ ਬਿਲਕੁੱਲ ਭੁੱਲਿਆ ਹੋਇਆ ਸੀ। ਆਪ ਜੀ ਨੇ ਬੜੀ ਕ੍ਰਿਪਾ ਕੀਤੀ ਜੋ ਮੇਰਾ ਅਗਿਆਨ ਦੂਰ ਕਰ ਦਿੱਤਾ ਹੈ। ਹੁਣ ਮੈਂ ਆਪ ਜੀ ਦੀ ਕ੍ਰਿਪਾ ਨਾਲ, ਪ੍ਰੀਵਾਰ ਦਾ ਮੋਹ ਛੱਡ ਦਿੱਤਾ ਹੈ। ਕ੍ਰਿਪਾ ਕਰਕੇ, ਹੁਣ ਮੈਨੂੰ ਸਦਾ ਵਾਸਤੇ ਆਪਣੀ ਪਵਿੱਤ੍ਰ ਸ਼ਰਣ ਵਿੱਚ ਰੱਖ ਲਉ।

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥**
(ਅੰਗ ੫੪੪)

'ਸੁਆਮੀ' (ਮਾਲਕ ) ਪ੍ਰਮੇਸ਼ਰ ਦਾ 'ਬਿਰਦ' (ਧਰਮ) ਹੈ ਕਿ ਜੋ ਕੋਈ ਵੀ ਉਸਦੀ ਸ਼ਰਣ ਆਉਂਦਾ ਹੈ, ਉਸ ਨੂੰ ਗਲੇ ਲਾਉਂਦਾ ਹੈ ਯਾਨੀ ਬਖ਼ਸ਼ ਦਿੰਦਾ ਹੈ। ਇਉਂ ਗੁਰੂ ਸਾਹਿਬ ਨੇ ਕ੍ਰਿਪਾ ਕੀਤੀ ਤੇ ਉਸਨੇ ਸੇਵਾ ਕਰਕੇ ਆਪਣਾ ਜਨਮ ਸਫਲ ਕੀਤਾ। 'ਗੁਰਮੁਖਿ' ਐਸੀ ਹੀ 'ਬਿਧੀ' ਪ੍ਰਗਟ

ਕਰਕੇ, ਆਪਣੇ ਸੇਵਕਾਂ ਨੂੰ ਉਪਦੇਸ਼ ਦੇ ਕੇ ਉਨ੍ਹਾਂ ਦਾ ਕਲਿਆਣ ਕਰਦੇ ਹਨ। ਇਸ ਨੂੰ ਕਹਿੰਦੇ ਹਨ- ਗੁਰਮੁਖਿ ਬਿਧਿ ਪ੍ਰਗਟਾਏ ਜੀਉ॥

**ਪ੍ਰਸ਼ਨ 21. ਕਉਣੁ ਸੁ ਅਖਰੁ ਜਿਤੁ ਧਾਵਤੁ ਰਹਤਾ॥**

**ਅਰਥ**-ਉਹ ਕਿਹੜਾ ਅੱਖਰ ਹੈ ਜਿਸਨੂੰ ਧਾਰਨ ਕਰਨ ਨਾਲ, ਇਹ ਜੀਵ ਜਨਮ-ਮਰਨ ਵਿੱਚ ਭਟਕਣ ਤੋਂ ਸ਼ਾਂਤ ਅਤੇ ਮੁਕਤ ਹੋ ਜਾਂਦਾ ਹੈ?

**ਉੱਤਰ-ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ॥**

ਭਾਵ- ਜਦੋਂ ਇਹ ਜੀਵ ਪੂਰੇ ਸਤਿਗੁਰੂ ਦੀ ਸ਼ਰਣ ਵਿੱਚ ਆਕੇ 'ਗੁਰਮੁਖਿ' ਬਣੇਗਾ ਉਦੋਂ ਹੀ ਸਤਿਗੁਰੂ ਦਇਆ ਕਰਕੇ ਇਸ ਨੂੰ ਅਜਿਹਾ ਅੱਖਰ (ਸ਼ਬਦ) ਦੱਸੇਗਾ, ਜਿਸ ਨਾਲ ਇਸਦਾ ਮਨ ਸੀਤਲ ਹੋ ਜਾਵੇਗਾ। ਜੋ ਵੀ 'ਗੁਰਮਖਿ' ਹੋਵੇਗਾ, ਉਹੀ ਦੁੱਖ ਤੇ ਸੁੱਖ ਵਿੱਚ ਬਿਰਤੀ ਸਮ ਰੱਖ ਸਕੇਗਾ।ਇੱਕ ਵਾਰੀ ਦੇਵਤਿਆਂ, ਦੈਂਤਾਂ ਅਤੇ ਮਨੁੱਖਾਂ ਨੇ ਆਪਣੇ ਆਚਰਣ ਵਿੱਚ ਬਹੁਤ ਗਿਰਾਵਟਾਂ ਦੇਖੀਆਂ। ਇਸ ਕਰਕੇ, ਉਨ੍ਹਾਂ ਸਾਰਿਆਂ ਨੇ ਆਪਣਾ-ਆਪਣਾ, ਇੱਕ-ਇੱਕ ਮੁਖੀਆ ਚੁਣ ਕੇ ਬ੍ਰਹਮਾ ਜੀ ਕੋਲ ਉਪਦੇਸ਼ ਲੈਣ ਲਈ ਭੇਜਿਆ। ਬ੍ਰਹਮਾ ਜੀ ਨੇ ਉਨ੍ਹਾਂ ਸਾਰਿਆਂ ਨੂੰ ਇੱਕੋ ਹੀ ਅੱਖਰ 'ਦ' ਦਾ ਉਪਦੇਸ਼ ਦਿੱਤਾ ਅਤੇ ਕਿਹਾ ਕਿ ਤੁਸੀਂ ਇਕਾਂਤ ਵਿੱਚ ਬੈਠ ਕੇ ਇਸ 'ਦ' ਅੱਖਰ ਦਾ ਅਰਥ ਵਿਚਾਰੋ, ਫਿਰ ਮੇਰੇ ਪਾਸ ਆਇਓ। ਦੇਵਤਿਆਂ ਨੇ ਵਿਚਾਰ ਕੀਤੀ ਕਿ ਅਸੀਂ ਦਿਨ ਰਾਤ ਸੁੱਖ ਭੋਗਣ ਵਿੱਚ ਮਸਤ ਹਾਂ ਤਾਂ ਸਾਡੇ ਲਈ 'ਦ' ਦਾ ਅਰਥ ਹੈ 'ਦਮਨ' ਕਰਨਾ ਭਾਵ ਕਿ ਇੰਦਰੀਆਂ ਨੂੰ ਵਿਸ਼ੇ ਭੋਗਾਂ ਵੱਲੋਂ ਰੋਕਣਾ। ਰਾਖਸ਼ਾਂ ਯਾਨੀ ਦੈਤਾਂ ਨੇ 'ਦ' ਅੱਖਰ ਦਾ ਅਰਥ ਇਹ ਸਮਝਿਆ ਕਿ ਸਾਡਾ ਚਿੱਤ ਹਮੇਸ਼ਾ ਕਠੋਰ ਰਹਿੰਦਾ ਹੈ ਤਾਂ ਸਾਨੂੰ ਇਹ ਉਪਦੇਸ਼ ਹੈ ਕਿ ਅਸੀਂ 'ਦ'-'ਦਇਆ' ਕਰੀਏ। ਮਨੁੱਖਾਂ ਨੇ 'ਦ' ਅੱਖਰ ਦੇ ਉਪਦੇਸ਼ ਦਾ ਅਰਥ ਇਹ ਸਮਝਿਆ ਕਿ ਸਾਨੂੰ ਨੇਕ ਕਮਾਈ ਕਰਕੇ, ਉਸ ਵਿੱਚੋਂ 'ਦ'-'ਦਾਨ' ਕਰਨਾ ਚਾਹੀਦਾ ਹੈ।

**ਦ੍ਰਿਸ਼ਟਾਂਤ (੧)** - ਇੱਕ ਰਾਜੇ ਨੂੰ ਕੋੜ੍ਹ ਦਾ ਰੋਗ ਸੀ। ਉਸਨੇ ਬੜੇ ਇਲਾਜ ਕੀਤੇ ਪਰ ਠੀਕ ਨਾ ਹੋਇਆ ਤਾਂ ਉਹ ਰਾਜਾ, ਇੱਕ ਸੰਤ ਜੀ ਕੋਲ ਗਿਆ ਅਤੇ ਰੋਗ ਬਾਰੇ ਦੱਸਿਆ। ਸੰਤ ਜੀ ਨੇ ਕਿਹਾ ਕਿ ਤੂੰ ਦਾਨ ਕਰ ਤਾਂ

ਤੇਰਾ ਰੋਗ ਦੂਰ ਹੋ ਜਾਵੇਗਾ। ਸੰਤਾਂ ਦੇ ਕਹਿਣ ਤੇ ਉਸਨੇ ਬਹੁਤ ਦਾਨ ਕੀਤੇ ਪ੍ਰੰਤੂ ਰੋਗ ਨਾ ਗਿਆ। ਇਸ ਕਰਕੇ, ਉਹ ਫਿਰ ਸੰਤ ਜੀ ਕੋਲ ਆਇਆ ਤੇ ਕਹਿਣ ਲੱਗਿਆ ਕਿ ਮੈਂ ਬਹੁਤ ਦਾਨ ਕੀਤੇ ਹਨ ਪਰ ਮੇਰਾ ਰੋਗ ਦੂਰ ਨਹੀਂ ਹੋਇਆ। ਸੰਤਾਂ ਨੇ ਕਿਹਾ ਕਿ ਤੂੰ ਕੋਈ 'ਪੂਰਾ ਦਾਨ' ਨਹੀਂ ਕੀਤਾ। ਰਾਜੇ ਨੇ ਸੰਤਾਂ ਤੋਂ ਪੁੱਛਿਆ ਕਿ 'ਪੂਰਾ ਦਾਨ' ਤੋਂ ਕੀ ਭਾਵ ਹੈ? ਸੰਤਾਂ ਨੇ ਉੱਤਰ ਦਿੱਤਾ ਕਿ ਦੂਜੇ ਦਾ ਦਿਲ ਪੂਰਾ ਖੁਸ਼ ਕਰ ਦੇਣ ਵਾਲਾ ਦਾਨ ਹੀ 'ਪੂਰਾ ਦਾਨ' ਹੁੰਦਾ ਹੈ। ਤੂੰ ਜਾਕੇ ਕੋਈ 'ਪੂਰਾ ਦਾਨ' ਕਰ ਤਾਂ ਤੇਰੀ ਬਿਮਾਰੀ ਠੀਕ ਹੋ ਜਾਵੇਗੀ। ਇੱਕ ਦਿਨ ਰਾਜੇ ਨੇ ਇੱਕ ਬਾਲਕ ਰੋਂਦਾ ਦੇਖਿਆ। ਰਾਜੇ ਨੇ ਬਾਲਕ ਦੀ ਮਾਤਾ ਨੂੰ ਪੁੱਛਿਆ ਕਿ ਬੱਚਾ ਕਿਉਂ ਰੋ ਰਿਹਾ ਹੈ? ਮਾਤਾ ਨੇ ਦੱਸਿਆ ਕਿ ਇਸਨੇ ਇੱਕ ਵਾਰ ਲੱਡੂ ਦੇਖਿਆ ਸੀ, ਉਸ ਦਿਨ ਤੋਂ ਹਰ ਰੋਜ ਲੱਡੂ ਹੀ ਮੰਗਦਾ ਰਹਿੰਦਾ ਹੈ। ਇਸ ਲਈ, ਮੈਂ ਜਿੱਧਰ ਵੀ ਲੱਡੂ ਦੀ ਭੀਖ ਮੰਗਣ ਜਾਂਦੀ ਹਾਂ ਤਾਂ ਉਹ ਲੋਕ ਮੇਰੇ ਤੇ ਹੱਸਦੇ ਹਨ। ਇੱਕ ਦਿਨ, ਮੈਨੂੰ ਕਿਸੇ ਦਿਆਲੂ ਪੁਰਸ਼ ਨੇ ਲੱਡੂ ਦਿੱਤਾ, ਮੈਂ ਬੱਚੇ ਨੂੰ ਦੇ ਦਿੱਤਾ। ਇਹ ਲੱਡੂ ਨੂੰ ਹੱਥ ਵਿੱਚ ਲੈਕੇ ਬਹੁਤ ਖੁਸ਼ ਹੋਇਆ ਅਤੇ ਖੁਸ਼ੀ ਵਿੱਚ ਲੱਡੂ ਨੂੰ ਵਾਰੀ-ਵਾਰੀ ਦੋਵੇਂ ਹੱਥਾਂ ਵਿੱਚ, ਗੇਂਦ ਵਾਂਗ ਬਦਲ-ਬਦਲ ਕੇ ਖੇਡਣ ਲੱਗਿਆ। ਇਉਂ ਖੇਡਦੇ-ਖੇਡਦੇ ਤੋਂ ਇੱਕ ਬਾਂਦਰ, ਲੱਡੂ ਖੋਹ ਕੇ ਲੈ ਗਿਆ। ਉਸ ਦਿਨ ਦਾ ਇਹ ਰੋਣ ਤੋਂ ਬੰਦ ਹੀ ਨਹੀਂ ਹੁੰਦਾ। ਇਹ ਸੁਣਕੇ ਰਾਜੇ ਨੇ ਨੌਕਰਾਂ ਨੂੰ ਹੁਕਮ ਦਿੱਤਾ ਕਿ ਲੱਡੂਆਂ ਨਾਲ ਭਰਿਆ ਹੋਇਆ ਥਾਲ ਭਰਕੇ ਲੈ ਆਉ। ਨੌਕਰ, ਲੱਡੂਆਂ ਦਾ ਥਾਲ ਲੈਕੇ ਆਏ ਤੇ ਰਾਜੇ ਦੇ ਕਹਿਣ ਮੁਤਾਬਿਕ ਬਾਲਕ ਨੂੰ ਦੇ ਦਿੱਤਾ। ਉਹ ਬਾਲਕ ਜਿੰਨੇ ਲੱਡੂ ਖਾ ਸਕਿਆ, ਖਾ ਲਏ ਤੇ ਜਿੰਨੇ ਹੱਥ ਵਿੱਚ ਲੈ ਸਕਿਆ, ਲੈ ਲਏ। ਮਤਲਬ ਕਿ ਉਸਦਾ ਦਿਲ ਅਤੀ ਪ੍ਰਸੰਨ ਹੋ ਗਿਆ। ਰਾਜੇ ਦਾ ਇਹ 'ਪੂਰਾ ਦਾਨ' ਸੀ ਜਿਸ ਨਾਲ ਬਾਲਕ ਦਾ ਦਿਲ ਪੂਰਾ ਸੰਤੁਸ਼ਟ ਹੋ ਗਿਆ। ਇਹ 'ਪੂਰਾ ਦਾਨ' ਪ੍ਰਮਾਤਮਾ ਨੂੰ ਕਬੂਲ ਹੋਇਆ ਅਤੇ ਰਾਜੇ ਨੂੰ ਜੋ ਕੋੜ੍ਹ ਦਾ ਰੋਗ ਸੀ, ਉਹ ਦੂਰ ਹੋ ਗਿਆ। ਦੈਂਤਾਂ ਦੇ 'ਦਇਆ' ਵਾਲੇ ਅਰਥ ਵੀ ਇਸ ਤਰ੍ਹਾਂ ਠੀਕ ਸਿੱਧ ਹੋਏ। ਪ੍ਰਹਿਲਾਦ ਭਗਤ, ਰਾਖਸ਼ਾਂ ਦੀ ਕੁਲ (ਵੰਸ਼) ਵਿੱਚ ਹੀ ਪੈਦਾ ਹੋਇਆ

ਹੈ। ਉਹ ਚਿੱਤ ਅੰਦਰ ਦਇਆ ਧਾਰਨ ਅਤੇ ਪ੍ਰਮਾਤਮਾ ਦਾ ਭਜਨ ਕਰਨ ਕਰਕੇ, ਮੁਕਤ ਪਦਵੀ ਨੂੰ ਪਹੁੰਚਿਆ। ਉਹਨੇ ਨਾ ਸਿਰਫ ਆਪਣੇ ਪ੍ਰੀਵਾਰ ਦਾ ਹੀ, ਸਗੋਂ ਹੋਰ ਵੀ ਕਿੰਨਿਆਂ ਹੀ ਲੋਕਾਂ ਦਾ ਉਧਾਰ ਕਰ ਦਿੱਤਾ। ਭਗਤ ਪ੍ਰਹਿਲਾਦ ਦੀ ਇਹ ਕਥਾ, ਕਿਸੇ ਤੋਂ ਵੀ ਭੁੱਲੀ ਨਹੀਂ ਹੋਈ। ਇਸ ਤਰ੍ਹਾਂ ਬ੍ਰਹਮਾ ਜੀ ਦੇ 'ਦ' ਅੱਖਰ ਦੇ ਉਪਦੇਸ਼ ਤੇ ਚੱਲਣ ਕਰਕੇ ਉਨ੍ਹਾਂ ਸਭਨਾਂ ਦਾ ਕਲਿਆਣ ਹੋਇਆ।

**ਦ੍ਰਿਸ਼ਟਾਂਤ (੨)** – 'ਭੋਜ' ਦੇ ਪਿਤਾ ਨੇ ਸ਼ਰੀਰ ਤਿਆਗਣ ਤੋਂ ਪਹਿਲਾਂ ਆਪਣੇ ਭਰਾ 'ਮੁੰਜ' ਨੂੰ ਬੁਲਾ ਕੇ ਆਪਣੇ ਪੁੱਤਰ 'ਭੋਜ' ਦੀ ਬਾਂਹ, ਉਸ ਨੂੰ ਫੜਾ ਦਿੱਤੀ ਅਤੇ ਕਿਹਾ ਕਿ 'ਭੋਜ' ਅਜੇ ਛੋਟਾ ਹੈ, ਮੇਰਾ ਅੰਤ ਸਮਾਂ ਨੇੜੇ ਆ ਗਿਆ ਹੈ। ਇਸ ਕਰਕੇ, ਤੂੰ ਹੀ ਇਸਦਾ ਪਾਲਣ-ਪੋਸ਼ਣ ਕਰਨਾ ਹੈ। ਜਦੋਂ ਇਹ ਵੱਡਾ ਹੋ ਜਾਵੇ ਤਾਂ ਇਸ ਨੂੰ ਰਾਜ-ਗੱਦੀ ਦੇ ਦੇਵੀਂ। ਉਦੋਂ ਤੱਕ ਤੂੰ ਮੇਰੀ ਜਗ੍ਹਾ ਰਾਜ-ਭਾਗ ਚਲਾਉਂਦੇ ਰਹਿਣਾ। ਰਾਜੇ ਦੇ ਮਰਨ ਤੋਂ ਬਾਅਦ, ਰਾਜ ਦੇ ਪ੍ਰਬੰਧ ਦਾ ਕੰਮ ਰਾਜੇ ਦਾ ਭਾਈ 'ਮੁੰਜ' ਚਲਾਉਣ ਲੱਗਿਆ ਤੇ 'ਭੋਜ' ਵਿੱਦਿਆ ਪੜ੍ਹਨ ਲੱਗ ਪਿਆ। 'ਭੋਜ' ਥੋੜੇ ਸਮੇਂ ਵਿੱਚ ਹੀ ਐਸਾ ਵਿੱਦਵਾਨ ਬਣਿਆ ਕਿ ਉਸ ਦਾ ਮੱਥਾ ਤੇਜ-ਪ੍ਰਤਾਪੀ ਹੋ ਗਿਆ। ਉਸਦੀ ਮਹਿਮਾ ਦੇਖਕੇ ਰਾਜੇ 'ਮੁੰਜ' ਦੀ ਨੀਂਦ ਹਰਾਮ ਹੋ ਗਈ। ਉਸਨੇ ਸੋਚਿਆ ਕਿ ਇਹ ਬਾਲਕ ਤਾਂ ਜਲਦੀ ਹੀ ਮੈਥੋਂ ਰਾਜ-ਤਖਤ ਲੈ ਲਏਗਾ ਅਤੇ ਫਿਰ ਮੈਨੂੰ ਇਸਦੀ ਮੁਥਾਜੀ ਕਰਨੀ ਪਏਗੀ। ਇਉਂ ਭਾਈ 'ਮੁੰਜ' ਦੀ ਨੀਅਤ ਬਦਲ ਗਈ ਤੇ ਉਸਨੇ 'ਭੋਜ' ਨੂੰ ਮਰਵਾਉਣ ਦਾ ਇਰਾਦਾ ਕਰ ਲਿਆ। ਵਜ਼ੀਰ ਨੂੰ ਹੁਕਮ ਕੀਤਾ ਕਿ ਕਿਸੇ ਵੀ ਤਰੀਕੇ ਨਾਲ, ਭੋਜ ਨੂੰ ਮਾਰ ਦਿਉ। ਵਜ਼ੀਰ ਨੇ ਰਾਜੇ ਨੂੰ ਅਜਿਹਾ ਕੁਕਰਮ ਨਾ ਕਰਨ ਲਈ ਬਹੁਤ ਸਮਝਾਇਆ ਪ੍ਰੰਤੂ ਰਾਜਾ ਆਪਣੀ ਜ਼ਿੱਦ ਤੇ ਅੜਿਆ ਰਿਹਾ। ਆਖਰ ਰਾਜੇ ਦੇ ਹੁਕਮ ਦੀ ਪਾਲਣਾ ਕਰਨ ਵਾਸਤੇ, ਵਜ਼ੀਰ ਉਸ ਬਾਲਕ 'ਭੋਜ' ਨੂੰ ਨਾਲ ਲੈਕੇ ਜੰਗਲ ਵਿੱਚ ਚਲਿਆ ਗਿਆ। ਉੱਥੇ ਵਜ਼ੀਰ ਨੇ ‘ਭੋਜ’ ਨੂੰ, ਰਾਜੇ ਦਾ ਹੁਕਮ ਸੁਣਾਇਆ। ਭੋਜ ਨੇ ਕਿਹਾ ਕਿ ਮੈਂ ਤੁਹਾਨੂੰ ਇੱਕ ਸ਼ਲੋਕ ਲਿਖਕੇ ਦਿੰਦਾ ਹਾਂ ਜੋ ਤੁਸੀਂ ਮੇਰੇ ਚਾਚੇ ਨੂੰ ਦੇ ਦੇਣਾ, ਫਿਰ ਭਾਵੇਂ ਮੈਨੂੰ ਮਾਰ ਦੇਣਾ। ਵਜ਼ੀਰ ਨੇ ਕਿਹਾ ਕਿ ਇਥੇ

ਨਾ ਸਿਆਹੀ ਨਾ ਕਾਗਜ਼ ਅਤੇ ਨਾ ਹੀ ਕਲਮ ਹੈ ਤਾਂ ਫਿਰ ਤੂੰ ਲਿਖੇਂਗਾ ਕਿਵੇਂ? 'ਭੋਜ' ਨੇ ਬੋਹੜ ਦੇ ਇੱਕ ਪੱਤੇ ਉੱਤੇ, ਇੱਕ ਡੱਕੇ ਨਾਲ ਅਪਣਾ ਖ਼ੂਨ ਲਾਕੇ, ਇਹ ਸਲੋਕ ਲਿਖਿਆ:-

ਮਾਂਧਾਤਾ ਸੁ ਮਹੀਪਤਿ ਕ੍ਰਿਤਯੁਗੇ ਅਲੰਕਾਰ ਭੂਤੋਗਤ:
ਸੇਤੂਰਯੇਨ ਮਹੋਦਧਊ ਵਿਰੁਚਤਹਿ ਕ੍ਵਾਸੋ ਦਸ਼ਾ ਅਸਯਾਤੰਕ:
ਅਨਯੇ ਯੇ ਆਪਿ ਚ ਯੁਧਿਸ਼੍ਰਿਰ ਪ੍ਰਭਿਤਯੋ ਯਾਂਤਾਦਿਵੰ ਭੂਪਤੇ:
ਨੀਕੇਨਾਪੀ ਸਮੰਗਤਾਵਿ ਸੁਮਤੀ ਮੁੰਝ ਸਤ੍ਵਯਾ ਯਾਸਯਸਿ:

ਤਾਤਪਰਜ- ਸਤਿਯੁਗ ਵਿੱਚ ਇੱਕ 'ਮਾਂਧਾਤਾ' ਨਾਮ ਦਾ ਰਾਜਾ ਹੋਇਆ ਹੈ, ਜਿਸਨੇ ਤਿੰਨੇ ਲੋਕਾਂ ਨੂੰ ਵੱਸ ਕੀਤਾ ਹੋਇਆ ਸੀ ਪ੍ਰੰਤੂ ਮਰਨ ਸਮੇਂ ਉਹ ਵੀ ਪ੍ਰਿਥਵੀ ਨੂੰ ਆਪਣੇ ਨਾਲ ਨਾ ਲਿਜਾ ਸਕਿਆ। ਤ੍ਰੇਤੇ ਯੁੱਗ ਵਿੱਚ ਰਾਵਣ ਐਨਾਂ ਪ੍ਰਤਾਪੀ ਰਾਜਾ ਹੋਇਆ ਹੈ ਜਿਸਦੀ ਰਸੋਈ ਸੂਰਜ, ਚੰਦ ਆਦਿ ਦੇਵਤੇ ਕਰਿਆ ਕਰਦੇ ਸਨ। ਪਵਨ ਦੇਵਤਾ ਝਾੜੂ ਲਾਉਂਦਾ ਹੁੰਦਾ ਸੀ, ਬੈਸੰਤਰ (ਅਗਨੀ) ਦੇਵਤਾ ਉਸਦੇ ਕੱਪੜੇ ਧੋਂਦਾ ਹੁੰਦਾ ਸੀ ਅਤੇ ਕਾਲ ਉਸਦੇ ਪਲੰਗ ਦੇ ਪਾਵੇ ਨਾਲ ਬੰਨ੍ਹਿਆ ਹੋਇਆ ਸੀ। ਉਸ ਰਾਵਣ ਨੂੰ ਮਾਰਨ ਲਈ ਭਗਵਾਨ ਸ੍ਰੀ ਰਾਮ ਚੰਦਰ ਜੀ ਨੇ ਸਮੁੰਦਰ ਉੱਤੇ ਪੁਲ ਬੰਨ੍ਹਿਆ ਸੀ ਪ੍ਰੰਤੂ ਉਹ ਦੋਵੇਂ (ਰਾਮ ਅਤੇ ਰਾਵਣ) ਵੀ ਇਸ ਪ੍ਰਿਥਵੀ ਤੋਂ ਨਾਲ ਕੁੱਝ ਨਹੀਂ ਲੈਕੇ ਗਏ। ਦੁਆਪਰ ਯੁੱਗ ਵਿੱਚ ਯੁਧਿਸ਼ਟਰ ਵਰਗੇ ਰਾਜੇ ਵੀ ਇਸ ਪ੍ਰਿਥਵੀ ਨੂੰ ਆਪਣੇ ਨਾਲ ਨਹੀਂ ਲਿਜਾ ਸਕੇ। ਲੇਕਿਨ ਮੈਨੂੰ ਇਉਂ ਪ੍ਰਤੀਤ ਦਿੰਦਾ ਹੈ ਕਿ ਹੇ ਮੁੰਞ! ਤੂੰ ਸ਼ਾਇਦ ਇਸ ਪ੍ਰਿਥਵੀ ਨੂੰ ਆਪਣੇ ਨਾਲ ਹੀ ਲੈਕੇ ਜਾਏਂਗਾ। ਸ਼ਾਇਦ ਇਸੇ ਕਰਕੇ ਤੂੰ ਐਡਾ ਵੱਡਾ ਪਾਪ ਕਰਮ ਕਰਨ ਲੱਗਿਆ ਹੈਂ।

ਇਹ ਸ਼ਲੋਕ ਪਹਿਲਾਂ ਵਜ਼ੀਰ ਨੇ ਪੜ੍ਹਿਆ ਤਾਂ ਉਸ ਦੇ ਹਿਰਦੇ ਵਿੱਚ ਇੱਕ ਸ਼ੁੱਭ ਵਿਚਾਰ ਉਤਪੰਨ ਹੋਇਆ। ਉਹ ਭੋਜ ਨੂੰ ਕਹਿਣ ਲੱਗਿਆ ਕਿ ਹੇ ਪੁੱਤਰ! ਤੂੰ ਕੋਈ ਫਿਕਰ ਨਾ ਕਰ, ਮੈਂ ਤੈਨੂੰ ਮਾਰਨ ਦਾ ਖਿਆਲ ਹੀ ਛੱਡ ਦਿੱਤਾ ਹੈ। ਤੂੰ ਨਿਸ਼ਚਾ ਰੱਖ, ਜਦੋਂ ਤੱਕ ਮੈਂ ਜਿੰਦਾ ਹਾਂ ਉਦੋਂ ਤੱਕ ਤੇਰਾ ਕੁੱਝ ਵੀ ਨਹੀਂ ਵਿਗੜੇਗਾ। ਤੇਰੇ ਵਰਗੇ ਵਿੱਦਵਾਨ ਅਤੇ ਸ਼੍ਰੇਸ਼ਟ ਬਾਲਕ ਨੂੰ ਮਾਰਕੇ, ਮੈਂ ਆਪਣਾ ਲੋਕ-ਪ੍ਰਲੋਕ ਖਰਾਬ ਕਿਉਂ ਕਰਾਂ? ਇਉਂ ਭੋਜ ਨੂੰ

ਨਾਲ ਲੈਕੇ ਵਜ਼ੀਰ ਆਪਣੇ ਮਹਿਲਾਂ ਵਿੱਚ ਪਹੁੰਚਿਆ। ਭੋਜ ਨੂੰ ਇੱਕ ਕੋਠੀ ਵਿੱਚ ਠਹਿਰਾ ਦਿੱਤਾ ਅਤੇ ਅੰਦਰ ਹੀ ਹਰ ਪ੍ਰਕਾਰ ਦਾ ਜ਼ਰੂਰੀ ਬੰਦੋਬਸਤ ਕਰ ਦਿੱਤਾ। ਬਾਹਰ ਜਾਣ ਦੀ ਬਿਲਕੁੱਲ ਮਨਾਹੀ ਕਰ ਦਿੱਤੀ। ਉਸਤੋਂ ਬਾਅਦ ਵਜ਼ੀਰ ਨੇ 'ਭੋਜ' ਵੱਲੋਂ ਲਿਖਿਆ ਸਲੋਕ, ਰਾਜੇ ਮੁੰਞ ਨੂੰ ਦੇ ਦਿੱਤਾ। ਰਾਜੇ ਨੇ ਜਿਉਂ ਹੀ ਸਲੋਕ ਪੜ੍ਹਿਆ ਤਾਂ ਤੀਰ ਵਾਂਗ ਕਲੇਜੇ ਵਿੱਚ ਲੱਗਿਆ। ਉਹ ਪਛਤਾਵਾ ਕਰਨ ਲੱਗ ਪਿਆ ਕਿ ਮੈਂ ਕਿੰਨਾਂ ਵੱਡਾ ਅਪਰਾਧ ਕਰ ਬੈਠਾ ਹਾਂ ਜੋ ਬੇਕਸੂਰ ਬਾਲਕ ਆਪਣੇ ਭਤੀਜੇ 'ਭੋਜ' ਨੂੰ ਮਰਵਾ ਦਿੱਤਾ ਹੈ। ਇਹ ਬੋਲਦਾ ਹੋਇਆ ਰਾਜਾ ਮੁੰਞ ਬੇਹੋਸ਼ ਹੋ ਕੇ ਧਰਤੀ ਤੇ ਡਿੱਗ ਪਿਆ। ਕੁੱਝ ਸਮੇਂ ਬਾਅਦ ਜਦ ਹੋਸ਼ ਆਈ ਤਾਂ ਵਜ਼ੀਰ ਨੂੰ ਬੁਲਾਕੇ ਕਿਹਾ ਕਿ ਜਾਂ ਤਾਂ ਭੋਜ ਨੂੰ ਵਾਪਸ ਲਿਆਉ ਨਹੀਂ ਤਾਂ ਮੇਰੀ ਚਿਖਾ ਬਣਾ ਦਿਉ। ਵਜ਼ੀਰ ਨੇ ਕਿਹਾ ਹੇ ਰਾਜਨ! ਹੁਣ 'ਭੋਜ' ਜ਼ਿੰਦਾ ਕਿਵੇਂ ਹੋ ਸਕਦਾ ਹੈ? ਤਾਂ ਰਾਜੇ ਨੇ ਸੜ ਕੇ ਮਰ ਜਾਣ ਲਈ ਤਿਆਰੀ ਕਰਨ ਦਾ ਹੁਕਮ ਕਰ ਦਿੱਤਾ।

ਉਸੇ ਵਕਤ ਵਜ਼ੀਰ ਨੇ ਰਾਜੇ ਨੂੰ ਕਿਹਾ ਕਿ ਹੇ ਰਾਜਨ! ਤੂੰ ਧੀਰਜ ਕਰ! ਮੈਨੂੰ ਇੱਕ ਮਹਾਤਮਾ ਯਾਦ ਆਇਆ ਹੈ ਜੋ ਮੁਰਦੇ ਨੂੰ ਜ਼ਿੰਦਾ ਕਰ ਸਕਦਾ ਹੈ। ਭੋਜ ਨੂੰ ਮੁੜਕੇ ਜ਼ਿੰਦਾ ਕਰਨ ਦਾ ਇਹ ਇੱਕੋ ਹੀ ਉਪਾਓ ਹੈ। ਇਹ ਗੱਲ ਸੁਣਕੇ ਰਾਜਾ ਬਹੁਤ ਖੁਸ਼ ਹੋਇਆ ਅਤੇ ਵਜ਼ੀਰ ਨੂੰ ਹੁਕਮ ਕੀਤਾ ਕਿ ਉਸ ਮਹਾਤਮਾ ਦੀ ਭਾਲ ਕਰੋ। ਵਜ਼ੀਰ ਨੇ ਪਹਿਲਾਂ ਹੀ ਇੱਕ ਆਦਮੀ ਨੂੰ ਸਮਝਾ ਕੇ ਰੱਖਿਆ ਹੋਇਆ ਸੀ। ਉਸ ਨੇ ਸਾਧੂ ਦਾ ਭੇਖ ਧਾਰਣ ਕਰਕੇ, ਕਿਸੇ ਵਿਉਂਤ ਨਾਲ ਅਗਲੇ ਦਿਨ 'ਭੋਜ' ਨੂੰ ਰਾਜੇ ਦੀ ਸਭਾ ਦੇ ਅੰਦਰ ਲੈ ਆਂਦਾ। ਰਾਜੇ ਨੇ ਭੋਜ ਨੂੰ ਬਹੁਤ ਪਿਆਰ ਦਿੱਤਾ ਅਤੇ ਖੁਸ਼ੀ ਨਾਲ ਅੱਖਾਂ ਵਿੱਚ ਅੱਥਰੂ ਆ ਗਏ। ਉਸਨੇ ਪ੍ਰਮਾਤਮਾ ਦਾ ਬਹੁਤ ਸ਼ੁਕਰ ਕੀਤਾ ਤੇ ਲਿਆਉਣ ਵਾਲੇ ਸਾਧੂ ਨੂੰ ਵੀ ਬਹੁਤ ਇਨਾਮ ਦਿੱਤੇ। ਦੂਜੇ ਦਿਨ ਰਾਜ ਮਹਿਲ ਵਿੱਚ ਸਭ ਵਜ਼ੀਰਾਂ, ਰਿਸ਼ਤੇਦਾਰਾਂ, ਜਰਨੈਲਾਂ ਆਦਿ ਸਾਰੇ ਅਹੁਦੇਦਾਰਾਂ ਨੂੰ ਬੁਲਾ ਕੇ 'ਭੋਜ' ਨੂੰ ਰਾਜ-ਤਿਲਕ ਦੇ ਦਿੱਤਾ ਅਤੇ ਰਾਜ-ਤਖਤ ਤੇ ਬਿਠਾਕੇ, ਆਪ ਭਜਨ ਬੰਦਗੀ ਕਰਨ ਲਈ ਇਕਾਂਤ ਵਿੱਚ ਚਲਿਆ ਗਿਆ। ਇਉਂ ਉਸਨੇ ਸੰਤਾਂ ਦੀ ਸੰਗਤ ਵਿੱਚ ਮਿਲਕੇ ਆਪਣਾ ਜਨਮ ਸਫਲ ਕੀਤਾ। ਹੁਣ ਦੇਖੋ

ਕਿ ਇਸ 'ਗੁਰਮੁਖਿ' ਬਾਲਕ ਦੇ ਸਲੋਕ ਰੂਪੀ 'ਅੱਖਰ' ਨੇ ਕੀ ਤੋਂ ਕੀ ਕਰ ਦਿੱਤਾ ? ਰਾਜਾ ਮੁੰਞ ਮਹਾਂ-ਪਾਪ ਕਰਮ ਤੋਂ ਬਚ ਗਿਆ ਅਤੇ ਸਤਿਸੰਗ ਕਰਕੇ ਮੁਕਤ ਹੋਇਆ।

ਸੋ ਇਹ ਹੈ- ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ॥

**ਪ੍ਰਸ਼ਨ 22. ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ॥**

**ਅਰਥ-**ਉਹ ਕਿਹੜਾ ਉਪਦੇਸ਼ ਹੈ ਜਿਸਨੂੰ ਧਾਰਨ ਕਰਕੇ ਇਹ ਜੀਵ ਦੁੱਖ-ਸੁੱਖ ਨੂੰ ਇੱਕੋ ਜਿਹਾ ਸਮਝਕੇ ਭੋਗਦਾ ਹੈ?

**ਉੱਤਰ- ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ॥**

**ਦ੍ਰਿਸ਼ਟਾਂਤ (੧)** - ਇੱਕ ਬ੍ਰਾਹਮਣ ਸੀ ਜੋ ਵੇਦ, ਸ਼ਾਸਤ੍ਰ ਜਾਂ ਕੋਈ ਹੋਰ ਵਿੱਦਿਆ ਬਿਲਕੁੱਲ ਵੀ ਨਹੀਂ ਸੀ ਜਾਣਦਾ। ਉਸਦੇ ਪ੍ਰੀਵਾਰ ਦਾ ਗੁਜ਼ਾਰਾ ਵੀ ਮੁਸ਼ਕਿਲ ਨਾਲ ਹੀ ਹੁੰਦਾ ਸੀ। ਇਸ ਕਰਕੇ, ਉਸਨੇ ਸੋਚਿਆ ਕਿ ਰਾਜੇ ਤੋਂ ਕੁੱਝ ਦਾਨ ਲੈ ਲਵਾਂ। ਇਹ ਸੋਚਕੇ, ਉਹ ਘਰੋਂ ਰਾਜ-ਮਹਿਲ ਵੱਲ ਤੁਰ ਪਿਆ। ਚਲਦੇ-ਚਲਦੇ ਉਸਨੇ ਇੱਕ ਸਥਾਨ ਤੇ ਆਰਾਮ ਕੀਤਾ। ਉੱਥੇ ਇੱਕ ਇੱਛਾਧਾਰੀ ਯੋਗੀ ਰਹਿੰਦਾ ਸੀ ਜਿਸਨੇ ਨਾਗ ਦਾ ਭੇਖ ਧਾਰਨ ਕਰਕੇ, ਉਸ ਬ੍ਰਾਹਮਣ ਨੂੰ ਦਰਸ਼ਨ ਦਿੱਤੇ ਅਤੇ ਉਸਤੋਂ ਪੁੱਛਿਆ ਕਿ ਕਿੱਧਰ ਜਾ ਰਹੇ ਹੋ? ਬ੍ਰਾਹਮਣ ਨੇ ਦੱਸਿਆ ਕਿ ਮੈਂ ਰਾਜੇ ਕੋਲੋਂ ਦਾਨ ਲੈਣ ਲਈ ਜਾ ਰਿਹਾ ਹਾਂ। ਉਸ ਨਾਗ ਨੇ ਪੁੱਛਿਆ ਕੀ ਤੁਸੀਂ ਕੁੱਝ ਸ਼ਾਸਤ੍ਰ ਵਿੱਦਿਆ ਵੀ ਜਾਣਦੇ ਹੋ? ਉਸਨੇ ਕਿਹਾ, ਨਹੀਂ! ਤਾਂ ਨਾਗ ਕਹਿੰਦਾ ਕਿ ਜੇ ਰਾਜੇ ਨੇ ਤੁਹਾਨੂੰ ਪੁੱਛਿਆ ਕਿ ਕਿਹੜੀ ਵਿੱਦਿਆ ਜਾਣਦੇ ਹੋ ਤਾਂ ਉੱਤਰ ਵਿੱਚ ਇਹ ਕਹਿਣਾ ਕਿ ਮੈਂ ਜੋਤਿਸ਼ ਵਿੱਦਿਆ ਜਾਣਦਾ ਹਾਂ ਪ੍ਰੰਤੂ ਮੈਂ ਇੱਕ ਸਾਲ ਵਿੱਚ ਕੇਵਲ ਇੱਕੋ ਹੀ ਪ੍ਰਸ਼ਨ ਦਾ ਉੱਤਰ ਦਿੰਦਾ ਹਾਂ। ਫੇਰ ਰਾਜਾ ਤੁਹਾਨੂੰ ਸਮੇਂ ਦਾ ਹਾਲ ਪੁੱਛੇਗਾ ਤਾਂ ਤੁਸੀਂ ਜਵਾਬ ਦੇਣਾ ਕਿ ਇਸ ਸਾਲ ਅਗਨੀ ਦਾ ਜੋਰ ਰਹੇਗਾ। ਸ਼ਹਿਰਾਂ, ਪਿੰਡਾਂ ਅਤੇ ਜੰਗਲਾਂ ਵਿੱਚ ਅੱਗਾਂ ਲੱਗਣਗੀਆਂ ਅਤੇ ਹਰ ਪਾਸਿਓਂ ਅੱਗ ਤੋਂ ਬਚਾਓ ਦੀਆਂ ਪੁਕਾਰਾਂ ਹੋਣਗੀਆਂ। ਇਸ ਕਰਕੇ, ਸਾਰੇ ਰਾਜ ਵਿੱਚ ਪਾਣੀ ਦਾ ਪੂਰਾ ਪ੍ਰਬੰਧ ਰੱਖਣਾ। ਇਹ ਦੱਸ ਕੇ ਉਹ ਨਾਗ, ਆਪਣੀ ਖੁੱਡ ਵਿੱਚ ਚਲਿਆ ਗਿਆ ਅਤੇ ਬ੍ਰਾਹਮਣ, ਰਾਜੇ ਦੀ ਨਗਰੀ ਵੱਲ ਚੱਲ

ਪਿਆ। ਮਹਿਲਾਂ ਵਿੱਚ ਪਹੁੰਚਿਆ ਤਾਂ ਰਾਜੇ ਨੇ ਬ੍ਰਾਹਮਣ ਜਾਣਕੇ, ਆਦਰ ਸਤਿਕਾਰ ਕੀਤਾ। ਖੇਮ ਕੁਸ਼ਲ ਪੁੱਛਣ ਤੋਂ ਬਾਅਦ ਰਾਜੇ ਨੇ ਕਿਹਾ ਕਿ ਮਹਾਰਾਜ ਆਪ ਕਿਹੜੀ ਵਿੱਦਿਆ ਜਾਣਦੇ ਹੋ? ਬ੍ਰਾਹਮਣ ਨੇ ਨਾਗ ਦੀ ਦੱਸੀ ਹੋਈ ਉਹੀ ਭਵਿੱਖਬਾਣੀ ਸੁਣਾ ਦਿੱਤੀ। ਰਾਜੇ ਨੇ ਅੱਗ ਬੁਝਾਉਣ ਲਈ ਪਾਣੀ ਦਾ ਬੰਦੋਬਸਤ ਕਰਵਾ ਦਿੱਤਾ। ਸਮੇਂ ਅਨੁਸਾਰ ਅੱਗਾਂ ਲੱਗਣੀਆਂ ਸ਼ੁਰੂ ਹੋ ਗਈਆਂ। ਕਿਉਂਕਿ ਪਾਣੀ ਦੇ ਸਾਰੇ ਬੰਦੋਬਸਤ ਪਹਿਲਾਂ ਹੀ ਕਰ ਲਏ ਗਏ ਸਨ, ਇਸ ਲਈ ਜਨਤਾ ਨੂੰ ਬਹੁਤ ਘੱਟ ਤਕਲੀਫ ਹੋਈ। ਬੱਸ ਫਿਰ ਤਾਂ ਰਾਜੇ ਨੇ ਬ੍ਰਾਹਮਣ ਨੂੰ ਪੂਰਾ ਵਿੱਦਵਾਨ ਸਮਝਕੇ, ਆਪਣੇ ਕੋਲ ਹੀ ਰੱਖ ਲਿਆ ਅਤੇ ਬਹੁਤ ਧਨ, ਪਦਾਰਥ ਆਦਿ ਦਿੱਤੇ। ਕੁੱਝ ਸਮੇਂ ਬਾਅਦ ਬ੍ਰਾਹਮਣ ਨੇ ਰਾਜੇ ਤੋਂ ਛੁੱਟੀ ਮੰਗੀ ਤਾਂ ਰਾਜੇ ਨੇ ਹੋਰ ਧਨ ਪਦਾਰਥ ਦੇਕੇ ਬੇਨਤੀ ਕੀਤੀ ਕਿ ਹੋਰ ਵੀ ਕੋਈ ਕੰਮ ਹੋਵੇ ਤਾਂ ਨਿਰਸੰਕੋਚ ਦੱਸ ਦੇਣਾ। ਬ੍ਰਾਹਮਣ ਨੇ ਕਿਹਾ ਕਿ ਮੈਨੂੰ ਸੌ (100) ਮਜ਼ਦੂਰ ਦੇ ਦਿਉ ਜੋ ਮੇਰੇ ਨਾਲ ਲੱਕੜੀਆਂ ਦੇ ਭਾਰ ਲੈਕੇ ਚੱਲਣ। ਰਾਜੇ ਨੇ ਸੌ ਮਜ਼ਦੂਰ ਅਤੇ ਲੱਕੜੀਆਂ ਦਾ ਬੰਦੋਬਸਤ ਕਰ ਦਿੱਤਾ। ਰਸਤੇ ਵਿੱਚ ਜਿੱਥੇ ਨਾਗ ਮਿਲਿਆ ਸੀ, ਉੱਥੇ ਉਸਦੀ ਖੁੱਡ ਉੱਪਰ ਲੱਕੜਾਂ ਰਖਵਾ ਕੇ ਅੱਗ ਲਗਵਾ ਦਿੱਤੀ ਤਾਂ ਕਿ ਉਹ ਨਾਗ ਵਿੱਚੇ ਹੀ ਸੜ ਜਾਵੇ ਅਤੇ ਉਹ ਕਿਸੇ ਹੋਰ ਨੂੰ ਇਹ ਗੱਲ ਨਾ ਦੱਸ ਸਕੇ। ਕਿਉਂਕਿ ਉਹ ਬ੍ਰਾਹਮਣ ਅਕ੍ਰਿਤਘਣ ਸੀ ਅਤੇ ਨਾਗ ਨੂੰ ਦੁੱਖ ਦੇਣ ਕਾਰਨ, ਉਸਦਾ ਧਨ ਜਲਦੀ ਹੀ ਖਤਮ ਹੋ ਗਿਆ।

ਜਦੋਂ ਉਹ ਬ੍ਰਾਹਮਣ ਭੁੱਖਾ ਮਰਨ ਲੱਗਿਆ ਤਾਂ ਦੁਬਾਰਾ ਰਾਜੇ ਕੋਲ ਜਾਣ ਦਾ ਵਿਚਾਰ ਕੀਤਾ। ਰਸਤੇ ਵਿੱਚ ਖੁੱਡ ਦੇ ਨੇੜੇ ਨਾਗ ਨੇ ਫਿਰ ਦਰਸ਼ਨ ਦਿੱਤੇ। ਉਸਨੂੰ ਦੇਖਕੇ ਬ੍ਰਾਹਮਣ ਡਰ ਗਿਆ ਤੇ ਸਮਝਿਆ ਕਿ ਹੁਣ ਨਾਗ ਮੈਥੋਂ ਜ਼ਰੂਰ ਬਦਲਾ ਲਵੇਗਾ। ਪ੍ਰੰਤੂ ਨਾਗ ਤਾਂ ਇੱਛਾਧਾਰੀ ਯੋਗੀ ਸੀ, ਇਸ ਲਈ ਉਸ ਨੂੰ ਬ੍ਰਾਹਮਣ ਦੇ ਅੰਦਰ ਦਾ ਸਭ ਹਾਲ ਮਾਲੂਮ ਸੀ। ਉਸ ਨਾਗ ਨੇ ਬ੍ਰਾਹਮਣ ਨੂੰ ਕਿਹਾ, ਮਹਾਰਾਜ! ਤੁਸੀਂ ਕੋਈ ਖਿਆਲ ਨਾ ਕਰੋ, ਮੈਨੂੰ ਤੁਹਾਡੇ ਨਾਲ ਕੋਈ ਵੈਰ ਭਾਵਨਾ ਨਹੀਂ ਹੈ। ਤੁਸੀਂ ਦੱਸੋ! ਹੁਣ ਕਿੱਧਰ ਜਾ ਰਹੇ ਹੋ? ਇਹ ਸੁਣਕੇ ਬ੍ਰਾਹਮਣ ਦਾ ਡਰ ਦੂਰ ਹੋ ਗਿਆ ਤੇ ਦੱਸਿਆ ਕਿ

ਹੁਣ ਫਿਰ ਰਾਜੇ ਕੋਲ ਹੀ ਜਾ ਰਿਹਾ ਹਾਂ। ਨਾਗ ਨੇ ਦੱਸਿਆ ਕਿ ਇਸ ਵਾਰੀ ਤੁਸੀਂ ਰਾਜੇ ਨੂੰ ਦੱਸਣਾ ਕਿ ਇਸ ਸਾਲ ਪਾਣੀ ਦਾ ਜੋਰ ਰਹੇਗਾ ਅਤੇ ਸਭ ਥਾਵਾਂ ਤੇ ਹੜ੍ਹ ਆਉਣਗੇ। ਇਹ ਸੁਣਕੇ ਬ੍ਰਾਹਮਣ ਨੇ ਨਾਗ ਨੂੰ ਨਮਸ਼ਕਾਰ ਕੀਤੀ ਅਤੇ ਰਾਜੇ ਦੇ ਮਹਿਲੀਂ ਪਹੁੰਚਿਆ। ਰਾਜੇ ਨੇ ਵਿੱਦਵਾਨ ਜੋਤਸ਼ੀ ਦਾ ਚੰਗਾ ਮਾਣ ਸਤਿਕਾਰ ਕੀਤਾ ਅਤੇ ਫਿਰ ਜੋਤਸ਼ ਵਿਦਿਆ ਅਨੁਸਾਰ ਨਵੇਂ ਸਾਲ ਵਿੱਚ ਹੋਣ ਵਾਲੀਆਂ ਘਟਨਾਵਾਂ ਬਾਰੇ ਪੁੱਛਿਆ। ਬ੍ਰਾਹਮਣ ਨੇ ਕਿਹਾ, ਹੇ ਰਾਜਨ! ਇਸ ਸਾਲ ਪਾਣੀ ਦਾ ਜੋਰ ਰਹੇਗਾ, ਨਦੀਆਂ ਅਤੇ ਆਮ ਥਾਵਾਂ ਤੇ ਹੜ੍ਹ ਆਉਣਗੇ। ਇਸ ਕਰਕੇ, ਤੁਸੀਂ ਜੋ ਵੀ ਉਪਾਉ ਕਰਨਾ ਹੋਵੇ ਸੋ ਸਮੇਂ ਸਿਰ ਕਰ ਲੈਣਾ। ਰਾਜੇ ਨੇ ਬ੍ਰਾਹਮਣ ਦੇ ਕਹੇ ਮੁਤਾਬਿਕ, ਆਪਣੇ ਦੇਸ਼ ਵਾਸੀਆਂ ਨੂੰ ਚੇਤਾਵਨੀ ਦੇ ਦਿੱਤੀ। ਕੁੱਝ ਸਮੇਂ ਬਾਅਦ ਬਹੁਤ ਵਰਖਾ ਹੋਈ, ਨਦੀਆਂ ਦੇ ਬੰਨ੍ਹ ਟੁੱਟ ਗਏ ਅਤੇ ਹਰ ਪਾਸਿਉਂ ਹੜ੍ਹਾਂ ਦੀ ਮਾਰ ਦੀਆਂ ਖਬਰਾਂ ਆਉਣ ਲੱਗੀਆਂ। ਕਿਉਂਕਿ ਜਨਤਾ ਨੂੰ ਪਹਿਲਾਂ ਹੀ ਪਤਾ ਸੀ ਅਤੇ ਬੰਦੋਬਸਤ ਪਹਿਲਾਂ ਹੀ ਕੀਤਾ ਹੋਇਆ ਸੀ ਇਸ ਕਰਕੇ, ਬਹੁਤ ਥੋੜਾ ਹੀ ਨੁਕਸਾਨ ਹੋਇਆ। ਹੁਣ ਤਾਂ ਰਾਜੇ ਨੂੰ ਪੱਕਾ ਨਿਸ਼ਚਾ ਹੋ ਗਿਆ ਕਿ ਇਹ ਬ੍ਰਾਹਮਣ ਪੱਕਾ ਜੋਤਸ਼ੀ ਹੈ ਜਿਸ ਕਰਕੇ, ਉਸਨੇ ਬ੍ਰਾਹਮਣ ਦਾ ਮਾਣ ਸਤਿਕਾਰ ਪਹਿਲਾਂ ਨਾਲੋਂ ਵੀ ਜ਼ਿਆਦਾ ਧਨ ਪਦਾਰਥ ਆਦਿ ਦੇਕੇ ਕੀਤਾ। ਜਾਣ ਵੇਲੇ ਰਾਜੇ ਨੇ ਕਿਹਾ ਕਿ ਹੋਰ ਕੋਈ ਕੰਮ-ਕਾਜ ਤੇ ਸੇਵਾ ਹੋਵੇ ਤਾਂ ਦੱਸੋ? ਇਸ ਵਾਰ ਬ੍ਰਾਹਮਣ ਨੇ ਕਿਹਾ ਕਿ ਮੈਨੂੰ ਇੱਕ ਸੌ ਪਖਾਲਾਂ* ਅਤੇ ਇੱਕ ਸੌ ਪਖਾਲੀ** ਦੇ ਦਿਉ। ਰਾਜੇ ਨੇ ਸਾਰਾ ਬੰਦੋਬਸਤ ਕਰ ਦਿੱਤਾ। ਬ੍ਰਾਹਮਣ ਨੇ ਉਸ ਨਾਗ ਦੀ ਖੁੱਡ ਤੇ ਪਹੁੰਚ ਕੇ ਸਾਰੇ ਪਖਾਲੀਆਂ ਨੂੰ ਹੁਕਮ ਕੀਤਾ ਕਿ ਪਾਣੀ ਇਸ ਖੁੱਡ ਵਿੱਚ ਪਾ ਦਿਉ। ਇਉਂ ਆਪਣਾ ਕੰਮ ਕਰਕੇ, ਉਹ ਮਜ਼ਦੂਰ ਵਾਪਸ ਚਲੇ ਗਏ। ਬ੍ਰਾਹਮਣ ਨੇ ਸੋਚਿਆ ਕਿ ਖੁੱਡ ਵਿੱਚ ਐਨਾਂ

---

* ਪਖਾਲ - ਚਮੜੇ ਦੀ ਇੱਕ ਮਸ਼ਕ ਜਿਸ ਵਿੱਚ ਪਾਣੀ ਦੀਆਂ ਭਰੀਆਂ ਹੋਈਆਂ ਅੱਠ ਛੋਟੀਆਂ ਮਸ਼ਕਾਂ ਪੈ ਜਾਂਦੀਆਂ ਹਨ।

** ਪਖਾਲੀ - ਇਨ੍ਹਾਂ ਪਖਾਲਾਂ ਨੂੰ ਚੁੱਕ ਕੇ ਲੈ ਜਾਣ ਵਾਲਾ। ਪਹਿਲੇ ਸਮੇਂ ਵਿੱਚ ਨਦੀਆਂ ਤੋਂ ਪਾਣੀ ਢੋਣ ਦਾ ਇਹੀ ਸਾਧਨ ਹੁੰਦਾ ਸੀ।

ਨੋਟ- ਪਖਾਲ ਅਤੇ ਪਖਾਲੀ ਸਿੰਧੀ ਭਾਸ਼ਾ ਦੇ ਸ਼ਬਦ ਹਨ। ਪਖਾਲਾਂ ਨੂੰ ਬਲਦਾਂ ਜਾਂ ਝੋਟਿਆਂ ਉੱਪਰ ਲੱਦ ਕੇ ਵੀ ਲੈ ਜਾਇਆ ਕਰਦੇ ਸਨ।

ਪਾਣੀ ਪਾਉਣ ਨਾਲ, ਹੁਣ ਤਾਂ ਉਹ ਨਾਗ ਜਰੂਰ ਮਰ ਗਿਆ ਹੋਵੇਗਾ। ਉਹ (ਅਕ੍ਰਿਤਘਣ) ਬ੍ਰਾਹਮਣ ਵਾਪਸ ਘਰ ਪਹੁੰਚ ਗਿਆ। ਬਹੁਤ ਸਮਾਂ ਰਾਜੇ ਦੇ ਦਿੱਤੇ ਧਨ ਨਾਲ ਮੌਜਾਂ ਮਾਣੀਆਂ।

ਜਦੋਂ ਧਨ ਖਤਮ ਹੋ ਗਿਆ ਤਾਂ ਫਿਰ ਰਾਜੇ ਵੱਲ ਜਾਣ ਦਾ ਵਿਚਾਰ ਕੀਤਾ। ਰਸਤੇ ਵਿੱਚ ਫਿਰ ਉਹੀ ਇੱਛਾਧਾਰੀ ਨਾਗ ਮਿਲ ਪਿਆ। ਬ੍ਰਾਹਮਣ ਨੂੰ ਦੇਖਕੇ ਨਾਗ ਨੇ ਪੁੱਛਿਆ ਕਿ ਹੇ ਮਹਾਰਾਜ! ਕੀ ਇਸ ਵਾਰੀ ਵੀ ਤੁਸੀਂ ਰਾਜੇ ਪਾਸ ਹੀ ਜਾ ਰਹੇ ਹੋ? ਬ੍ਰਾਹਮਣ ਦੇ 'ਹਾਂ' ਕਹਿਣ ਤੇ ਨਾਗ ਨੇ ਪੁੱਛਿਆ ਕਿ ਇਸ ਵਾਰ ਰਾਜੇ ਨੂੰ ਕੀ ਕਹੋਗੇ? ਬ੍ਰਾਹਮਣ ਨੇ ਕਿਹਾ ਕਿ ਇਸ ਵਾਰ ਫਿਰ ਅਗਨੀ ਦੀ ਵਾਰੀ ਹੈ। ਇਹ ਗੱਲ ਸੁਣਕੇ ਨਾਗ ਨੇ ਕਿਹਾ, ਨਹੀਂ! ਇਹ ਗੱਲ ਨਹੀਂ ਹੈ। ਇਸ ਵਾਰੀ ਤੁਸੀਂ ਰਾਜੇ ਨੂੰ ਕਹਿਣਾ ਕਿ ਇਸ ਸਾਲ ਮੁਲਕ ਦੇ ਅੰਦਰ ਸ਼ਾਂਤੀ ਹੀ ਰਹੇਗੀ, ਸਭ ਥਾਂ ਤੇ ਅਨੰਦ ਮੰਗਲ ਹੀ ਹੋਣਗੇ ਅਤੇ ਪਰਜਾ ਬਹੁਤ ਸੁਖੀ ਰਹੇਗੀ। ਬ੍ਰਾਹਮਣ, ਨਾਗ ਤੋਂ ਵਿਦਾ ਹੋ ਕੇ ਰਾਜੇ ਕੋਲ ਪਹੁੰਚਿਆ। ਰਾਜਾ ਬਹੁਤ ਪ੍ਰਸੰਨ ਹੋਇਆ ਅਤੇ ਆਉਣ ਵਾਲੇ ਸਮੇਂ ਦਾ ਹਾਲ ਪੁੱਛਿਆ। ਬ੍ਰਾਹਮਣ ਨੇ ਦੱਸਿਆ ਕਿ ਇਸ ਵਾਰੀ ਦੇਸ਼ ਵਿੱਚ ਸ਼ਾਂਤੀ ਰਹੇਗੀ, ਪਰਜਾ ਬਹੁਤ ਸੁਖੀ ਵੱਸੇਗੀ ਅਤੇ ਸਭ ਜਗ੍ਹਾ ਅਨੰਦ ਮੰਗਲ ਹੀ ਰਹੇਗਾ। ਅਜਿਹਾ ਹੀ ਹੋਇਆ ਕਿ ਪਰਜਾ ਨੂੰ ਕਿਸੇ ਵੀ ਕਿਸਮ ਦੀ ਕੋਈ ਮੁਸ਼ਕਿਲ ਨਾ ਆਈ। ਰਾਜੇ ਨੂੰ ਆਪਣੇ ਦੇਸ਼ ਦੀ ਖੁਸ਼ਹਾਲੀ ਦੇਖਕੇ ਇਹ ਪੱਕਾ ਯਕੀਨ ਹੋ ਗਿਆ ਕਿ ਇਹ ਬ੍ਰਾਹਮਣ ਬਹੁਤ ਹੀ ਸਤਿਕਾਰਯੋਗ, ਸਿਆਣਾ ਅਤੇ ਸੁਯੋਗ ਹੈ। ਇਉਂ ਰਾਜੇ ਨੇ ਉਸ ਬ੍ਰਾਹਮਣ ਨੂੰ ਬਹੁਤ ਮਾਲ-ਧਨ ਦੇਕੇ ਪ੍ਰਸੰਨ ਕੀਤਾ। ਵਿਦਾ ਹੋਣ ਵੇਲੇ ਰਾਜੇ ਨੇ ਕਿਹਾ ਕਿ ਹੋਰ ਵੀ ਕੋਈ ਸੇਵਾ ਹੋਵੇ ਤਾਂ ਦੱਸੋ? ਬ੍ਰਾਹਮਣ ਨੇ ਕਿਹਾ ਕਿ ਇਸ ਵਾਰ ਮੈਨੂੰ ਦੁੱਧ, ਸ਼ੱਕਰ ਅਤੇ ਪੂਜਾ ਦੀ ਸਮੱਗਰੀ ਦੇ ਦਿਉ। ਰਾਜੇ ਨੇ ਸਾਰੀਆਂ ਵਸਤੂਆਂ ਦੇ ਦਿੱਤੀਆਂ। ਬ੍ਰਾਹਮਣ ਨੇ ਨਾਗ ਦੀ ਖੁੱਡ ਦੇ ਨੇੜੇ ਪਹੁੰਚਕੇ ਰਾਜੇ ਦੇ ਨੌਕਰਾਂ ਨੂੰ ਹੁਕਮ ਕੀਤਾ ਕਿ ਇਹ ਸਾਰਾ ਸਾਮਾਨ, ਇਸ ਖੁੱਡ ਵਿੱਚ ਪਾ ਦਿਉ। ਨੌਕਰਾਂ ਨੇ ਉਵੇਂ ਹੀ ਕੀਤਾ ਅਤੇ ਵਾਪਸ ਮੁੜ ਗਏ।

ਉਸਤੋਂ ਬਾਅਦ ਨਾਗ ਆਪਣੀ ਖੁੱਡ ਤੋਂ ਬਾਹਰ ਆਇਆ, ਜਿਸ ਨੂੰ

ਦੇਖਕੇ ਬ੍ਰਾਹਮਣ ਨੇ ਨਮਸ਼ਕਾਰ ਕੀਤੀ ਤਾਂ ਨਾਗ ਨੇ ਪੁੱਛਿਆ ਕਿ ਹੇ ਮਹਾਰਾਜ! ਇਸ ਵਾਰ ਤੁਸੀਂ ਦੁੱਧ ਤੇ ਸ਼ੱਕਰ ਕਿਉਂ ਲੈਕੇ ਆਏ ਹੋ? ਬ੍ਰਾਹਮਣ ਨੇ ਬੇਨਤੀ ਕੀਤੀ ਕਿ ਮੈਂ ਮਹਾਂ-ਪਾਪੀ ਹਾਂ। ਮੇਰੇ ਉੱਤੇ ਤੁਸੀਂ ਦੋ ਵਾਰ ਕਿੰਨੀ ਕ੍ਰਿਪਾ ਕੀਤੀ ਤਾਂ ਵੀ ਮੈਂ ਉਸਦੇ ਬਦਲੇ ਤੁਹਾਨੂੰ ਦੁੱਖ ਹੀ ਦਿੱਤਾ। ਕ੍ਰਿਪਾ ਕਰਕੇ, ਮੇਰੇ ਗੁਨਾਹਾਂ ਨੂੰ ਮਾਫ ਕਰ ਦਿਉ। ਇਹ ਸੁਣਕੇ ਇੱਛਾਧਾਰੀ ਯੋਗੀ ਬੋਲਿਆ ਕਿ ਹੇ ਬ੍ਰਾਹਮਣ! ਕੋਈ ਵੀ, ਕਿਸੇ ਨੂੰ ਦੁੱਖ ਜਾਂ ਸੁੱਖ ਦੇਣ ਵਾਲਾ ਨਹੀਂ ਹੈ। ਹਰ ਇੱਕ ਜੀਵ ਆਪਣਾ ਹੀ ਕਰਮ ਭੋਗਦਾ ਹੈ। ਜਦ ਪਹਿਲੇ ਸਾਲ ਅਗਨੀ ਦਾ ਜੋਰ ਹੋਇਆ ਤਾਂ ਮੈਨੂੰ ਵੀ ਦੂਸਰੇ ਜੀਵਾਂ ਦੇ ਨਾਲ ਅਗਨੀ ਦਾ ਜੋਰ ਦੇਖਣਾ ਪਿਆ ਸੀ ਕਿਉਂਕਿ ਤੂੰ ਮੇਰੀ ਖੁੱਡ ਦੇ ਨਾਲ ਇੰਨੀਆਂ ਲੱਕੜਾਂ ਇਕੱਠੀਆਂ ਕਰਕੇ ਅੱਗ ਲਾ ਦਿੱਤੀ ਸੀ। ਦੂਜੇ ਸਾਲ ਪਾਣੀ ਦਾ ਜੋਰ ਵੀ ਮੈਨੂੰ ਹੋਰਾਂ ਦੇ ਨਾਲ ਸਹਿਣ ਕਰਨਾ ਪਿਆ ਕਿਉਂਕਿ ਤੂੰ ਪਾਣੀ ਦੀਆਂ ਪਖਾਲਾਂ ਭਰਕੇ ਮੇਰੀ ਰਿਹਾਇਸ਼ੀ ਖੁੱਡ ਵਿੱਚ ਪਾ ਦਿੱਤੀਆਂ ਸਨ। ਇਸ ਸਾਲ ਜਦੋਂ ਕਿ ਸੁੱਖ-ਸ਼ਾਂਤੀ ਦਾ ਸਮਾਂ ਹੈ ਤਾਂ ਤੂੰ ਮੈਨੂੰ ਦੁੱਧ ਅਤੇ ਸ਼ੱਕਰ ਆਦਿ ਭੇਟਾ ਕੀਤੇ ਹਨ ਅਤੇ ਪੂਜਾ ਵੀ ਕੀਤੀ ਹੈ ਤਾਂ ਮੈਨੂੰ ਵੀ ਦੂਜੇ ਜੀਵਾਂ ਦੇ ਨਾਲ ਹੀ ਸ਼ਾਂਤੀ ਮਿਲੀ ਹੈ। ਇਸ ਕਰਕੇ, ਮੇਰੇ ਸੁੱਖਾਂ ਜਾਂ ਦੁੱਖਾਂ ਦਾ ਕਾਰਣ, ਤੂੰ ਨਹੀਂ ਹੈਂ। ਜੋ ਵੀ ਪ੍ਰਮੇਸ਼ਰ ਕਰ ਰਿਹਾ ਹੈ ਜਾਂ ਹੁਕਮ ਅਤੇ ਭਾਣਾ ਵਰਤਾ ਰਿਹਾ ਹੈ, ਸੋ ਸਾਡੇ ਹੀ ਕਰਮਾਂ ਦਾ ਫਲ ਹੁੰਦਾ ਹੈ। ਇਹ ਉਪਦੇਸ਼ ਸੁਣਕੇ ਬ੍ਰਾਹਮਣ ਅਤੀ ਪ੍ਰਸੰਨ ਹੋਇਆ ਅਤੇ ਨਾਗ ਨੂੰ ਮੱਥਾ ਟੇਕ ਕੇ, ਆਪਣੇ ਦੇਸ਼ ਨੂੰ ਚੱਲ ਪਿਆ। ਨਾਗ ਦੀ ਇਹ ਬਿਰਤੀ ਦੇਖਕੇ, ਬ੍ਰਾਹਮਣ ਨੇ ਆਪਣੀ ਬੁਰੀ ਆਦਤ ਛੱਡਕੇ ਸਮ-ਬਿਰਤੀ ਧਾਰਨ ਕਰ ਲਈ ਅਤੇ ਸੁੱਖ-ਦੁੱਖ ਦੇ ਵਿੱਚ ਇੱਕ-ਰਸ, ਅਨੰਦ ਪੂਰਬਕ ਰਹਿਣ ਲੱਗਿਆ। ਹੁਣ ਉਹ ਦੂਜਿਆਂ ਨੂੰ ਵੀ ਇਹੀ ਉਪਦੇਸ਼ ਦੇਣ ਲੱਗ ਪਿਆ ਕਿ ਖੁਸ਼ੀ-ਗਮੀ, ਅਨੁਕੂਲਤਾ-ਪ੍ਰਤਿਕੂਲਤਾ ਅਤੇ ਦੁੱਖ-ਸੁੱਖ ਆਦਿ ਦ੍ਵੰਦਾਂ ਵਿੱਚ ਸਮਾਨ ਰਹੋ। ਇਹ ਹੈ 'ਗੁਰਮੁਖਿ' ਦਾ 'ਦੁਖੁ ਸੁਖੁ' ਵਿੱਚ 'ਸਮ ਸਹਤਾ' ਹੋਣਾ। ਇਸ ਨੂੰ ਹੀ ਗੁਰੂ ਮਹਾਰਾਜ ਜੀ ਨੇ ਕਿਹਾ ਹੈ-

**ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ॥**

**ਪ੍ਰਸ਼ਨ 23. ਕਉਨੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ** - ਉਹ ਕਿਹੜੀ 'ਚਾਲ' ਯਾਨੀ ਜੁਗਤੀ ਹੈ, ਜਿਸਦੇ ਮੁਤਾਬਿਕ 'ਪਾਰਬ੍ਰਹਮੁ' ਨੂੰ ਧਿਆਇਆ ਜਾ ਸਕੇ?

**ਉੱਤਰ- ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ** - ਪੂਰਨ ਸਤਿਗੁਰੂ ਦੇ ਮਿਲਾਪ ਨਾਲ ਇਹ ਜੀਵ 'ਗੁਰਮੁਖਿ' ਬਣੇ। ਬੱਸ, ਇਹੀ ਚਾਲ ਹੈ ਜਿਸ ਤੇ ਚੱਲਣ ਨਾਲ 'ਪਾਰਬ੍ਰਹਮੁ' ਪ੍ਰਮੇਸ਼ਰ ਧਿਆਇਆ ਜਾ ਸਕੇਗਾ।

ਪ੍ਰਮਾਤਮਾ ਦੀ ਅਰਾਧਨਾ ਕਰਕੇ 'ਗੁਰਮੁਖਿ' ਬਣਨਾ ਜਾਂ 'ਗੁਰਮੁਖਿ' ਬਣ ਕੇ ਪ੍ਰਭੂ ਧਿਆਉਣਾ ਇੱਕੋ ਹੀ ਗੱਲ ਹੈ। ਸੰਸਾਰ ਵਿੱਚ ਆਕੇ ਪ੍ਰਾਣੀ ਲਈ 'ਗੁਰਮੁਖਿ' ਬਣਨਾ ਅਤੇ ਵਿਸ਼ੇਸ਼ ਕਰਕੇ ਗੁਰਮੁਖਾਂ ਵਾਲੀ 'ਚਾਲ' ਚੱਲਣਾ ਯਾਨੀ ਰਹਿਣੀ ਰਹਿਣਾ ਅਤੀ ਕਠਿਨ ਹੈ। 'ਗੁਰਮੁਖਿ' ਜਨ ਇਸ ਸੰਸਾਰ ਵਿੱਚ ਪਰਉਪਕਾਰ ਹਿਤ ਯਾਨੀ ਦੂਜਿਆਂ ਦਾ ਭਲਾ ਕਰਨ ਹਿਤ ਆਉਂਦੇ ਹਨ। ਉਨ੍ਹਾਂ ਦੀ ਘਾਲ, ਕਮਾਈ, ਸਾਧਨਾ ਇਤਨੀ ਕਠਿਨ ਹੁੰਦੀ ਹੈ ਕਿ ਉਹ ਬੁਰਾਈ ਕਰਨ ਵਾਲੇ ਨਾਲ ਵੀ ਭਲਾਈ ਕਰਦੇ ਹਨ। ਇਸੇ ਨਮਿੱਤ ਬਾਬਾ ਫਰੀਦ ਜੀ ਜੀਵ ਨੂੰ ਉਪਦੇਸ਼ ਕਰਦੇ ਹਨ-

**ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥**
**ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥**

ਯਥਾ-

**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥**
**ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥**

ਸੰਸਾਰ ਵਿੱਚ, ਭਲਾਈ ਕਰਨ ਵਾਲੇ ਨਾਲ ਭਲਾ ਤਾਂ ਸਭ ਕੋਈ ਕਰਦਾ ਹੈ ਅਤੇ ਬੁਰੇ ਨਾਲ ਬੁਰਾ ਵੀ ਹਰ ਕੋਈ ਕਰ ਹੀ ਰਿਹਾ ਹੈ। ਪ੍ਰੰਤੂ ਬੁਰੇ ਦਾ ਭਲਾ ਕਰਨਾ, ਅਤੀ ਕਠਿਨ ਸਾਧਨਾ ਹੈ। ਬੁਰੇ ਦਾ ਭਲਾ ਤਾਂ ਹੀ ਹੋ ਸਕੇਗਾ ਜੇਕਰ ਬੁਰਾਈ ਕਰਨ ਵਾਲੇ ਪ੍ਰਤੀ ਬਦਲੇ ਦੀ ਭਾਵਨਾ ਮਨ ਵਿੱਚ ਨਾ ਆਵੇ। ਫਲਸਰੂਪ ਸੂਖਮ ਦੇਹੀ ਨੂੰ ਵਿਸ਼ੇ-ਵਿਕਾਰ ਆਦਿ ਰੋਗ ਨਹੀਂ ਲੱਗਣਗੇ ਅਤੇ ਮਨੁੱਖਾ ਜਨਮ ਦਾ ਮਨੋਰਥ 'ਮੁਕਤ-ਪਦ' ਦੀ ਪ੍ਰਾਪਤੀ ਹੋ ਜਾਵੇਗੀ। ਕਿੰਨੀ ਕਠਿਨ ਸਾਧਨਾ ਦੱਸੀ ਹੈ ਕਿ ਹੇ ਜੀਵ! ਜੇ ਤੇਰੇ ਨਾਲ ਕੋਈ ਅਤਿਅੰਤ ਬੁਰਾ

ਵਿਉਹਾਰ ਵੀ ਕਰੇ ਤਾਂ ਉਸਦੇ ਬਦਲੇ ਕਦੇ ਭੁੱਲ ਕੇ ਵੀ ਬੁਰਾ ਕਰਨ ਦਾ ਨਾ ਸੋਚੀਂ ਪ੍ਰੰਤੂ ਉਸਦੇ ਨਾਲ ਅਤੀ ਨਿੰਮਰਤਾ ਪੂਰਬਕ ਵਿਉਹਾਰ ਕਰਦਾ ਰਹੀਂ।ਕੋਈ ਵਿਰਲਾ 'ਗੁਰਮੁਖਿ' ਹੀ ਬੁਰੇ ਦਾ ਭਲਾ ਕਰ ਸਕਦਾ ਹੈ ਪ੍ਰੰਤੂ ਅਜਿਹਾ ਕਰਨ ਵਾਲੇ ਸਾਧਕ ਨੂੰ ਕਦੇ ਵੀ ਦੁੱਖ ਨਹੀਂ ਸਤਾਉਣਗੇ। ਦੂਜੇ ਦਾ ਬੁਰਾ ਕਰਨ ਦੀ ਭਾਵਨਾ ਜੇਕਰ ਤੇਰੇ ਚਿੱਤ ਵਿੱਚ ਟਿਕੀ ਰਹੀ ਤਾਂ ਕਿਸੇ ਹਾਲਤ ਵਿੱਚ ਵੀ ਸੁੱਖ, ਚੈਨ, ਸ਼ਾਂਤੀ ਆਦਿ ਨਹੀਂ ਆਉਣਗੇ ਅਤੇ ਸਦੈਵੀ ਸੁੱਖ ਤੋਂ ਵਾਂਝਾ ਰਹਿ ਜਾਵੇਂਗਾ। ਇਸ ਸਿਧਾਂਤ ਦੀ ਪ੍ਰੋੜਤਾ ਸ੍ਰੀ ਗੁਰੂ ਅਰਜਨ ਜੀ ਮਹਾਰਾਜ ਇਉਂ ਕਰਦੇ ਹਨ-

**ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥**

ਇਹ ਕੰਮ ਪ੍ਰਮਾਤਮਾ ਆਪਣੇ ਪਿਆਰੇ ਭਗਤਾਂ, ਗੁਰਮੁਖਾਂ ਤੋਂ ਆਪ ਹੀ ਕਰਵਾਉਂਦਾ ਹੈ। ਉਨ੍ਹਾਂ ਤੋਂ ਬਿਨਾਂ, ਹੋਰ ਕੋਈ ਜੀਵ ਆਪਣੀ ਹਉਂਮੈ ਵਾਲੀ ਸ਼ਕਤੀ ਨਾਲ ਅਜਿਹਾ ਨਹੀਂ ਕਰ ਸਕੇਗਾ।

**ਦ੍ਰਿਸ਼ਟਾਂਤ (੧)** - ਇੱਕ ਸੰਤੋਖੀ ਮਹਾਤਮਾ, ਭਿੱਖਿਆ ਕਰਕੇ ਆਪਣਾ ਨਿਰਬਾਹ ਕਰਦਾ ਸੀ। ਉਸਦਾ ਨਿਯਮ ਸੀ ਕਿ ਜਦੋਂ ਭਿੱਖਿਆ ਲੈਣ ਕਿਸੇ ਦੇ ਘਰ ਜਾਂਦਾ ਤਾਂ 'ਹਰੀ ਨਾਰਾਇਣ' ਬੋਲ ਕੇ, ਉਸ ਘਰ ਦੇ ਦਰਵਾਜੇ ਤੇ ਥੋੜੀ ਦੇਰ ਠਹਿਰਦਾ ਸੀ। ਜੇਕਰ ਉਥੋਂ ਹੀ ਭੁੱਖ ਤ੍ਰਿਪਤੀ ਜੋਗਾ ਭੋਜਨ ਮਿਲ ਜਾਂਦਾ ਤਾਂ ਦੂਜੇ ਦਰਵਾਜੇ ਤੇ ਨਹੀਂ ਸੀ ਜਾਂਦਾ। ਇੱਕ ਵਾਰੀ ਉਸਨੇ ਕਿਸੇ ਘਰ ਦੇ ਦਰਵਾਜੇ ਤੇ ਜਾ ਕੇ 'ਹਰੀ ਨਾਰਾਇਣ ' ਦੀ ਅਵਾਜ਼ ਕੀਤੀ ਤਾਂ ਘਰ ਦੇ ਅੰਦਰੋਂ ਇੱਕ ਮਾਈ ਨੇ ਰੋਟੀ ਦੇਣ ਜਾਂ ਨਾਂਹ ਕਰਨ ਦੀ ਬਜਾਇ, ਬੁਰਾ-ਭਲਾ ਬੋਲਣਾ ਸ਼ੁਰੂ ਕਰ ਦਿੱਤਾ। ਉਹ ਮਹਾਤਮਾ ਦਿਆਲੂ ਅਤੇ ਸ਼ਾਂਤ-ਚਿੱਤ ਵਾਲਾ ਸੀ। ਉਹ, ਮਾਈ ਨੂੰ ਕੁੱਝ ਵੀ ਕਹਿਣ ਦੀ ਬਜਾਇ, ਅਗਲੇ ਘਰ ਤੋਂ ਰੋਟੀ ਲੈ ਕੇ ਚਲਿਆ ਗਿਆ। ਦੂਜੇ ਦਿਨ ਮਹਾਤਮਾ ਨੇ ਫਿਰ ਉਸੇ ਘਰ ਦੇ ਦਰਵਾਜੇ ਤੇ 'ਹਰੀ ਨਾਰਾਇਣ' ਦਾ ਉਚਾਰਣ ਕੀਤਾ ਤਾਂ ਉਸ ਦਿਨ ਮਾਈ ਨੇ ਪਹਿਲਾਂ ਨਾਲੋਂ ਵੀ ਜਿਆਦਾ ਕਰੋਧ ਨਾਲ ਅਪ-ਸ਼ਬਦ ਕਹੇ ਪ੍ਰੰਤੂ ਮਹਾਤਮਾ ਫਿਰ ਵੀ ਸ਼ਾਂਤ ਰਹੇ ਅਤੇ ਬਿਨਾਂ ਕੁੱਝ ਬੋਲੇ ਚਲੇ ਗਏ। ਤੀਜੇ ਦਿਨ ਮਹਾਤਮਾ ਜੀ ਦੇ ਮਨ ਵਿੱਚ ਇਹ ਉਪਕਾਰੀ ਵਿਚਾਰ ਆਇਆ ਕਿ

ਉਸ ਕ੍ਰੋਧੀ ਅਤੇ ਕਠੋਰ ਚਿੱਤ ਮਾਈ ਦਾ ਕਿਸੇ ਤਰ੍ਹਾਂ ਵੀ ਉਧਾਰ ਹੋਣਾ ਚਾਹੀਦਾ ਹੈ। ਇਸ ਲਈ ਅੱਜ ਫਿਰ ਉਸੇ ਘਰ ਜਾਕੇ ਭਿੱਖਆ ਕਰਨ ਲਈ ਮਨ ਬਣਾਇਆ।

ਜਿਸ ਸਮੇਂ ਮਹਾਤਮਾ ਜੀ ਉਸ ਘਰ ਅੱਗੇ ਪਹੁੰਚੇ ਤਾਂ ਉਹ ਮਾਈ ਘਰ ਦਾ ਚੁੱਲ੍ਹਾ-ਚੌਂਕਾ, ਗੋਹੇ-ਮਿੱਟੀ ਨਾਲ ਲਿੱਪ ਰਹੀ ਸੀ। ਮਾਈ ਦਾ ਸੁਭਾਅ ਕ੍ਰੋਧੀ ਤਾਂ ਹੈ ਹੀ ਸੀ, ਮਹਾਤਮਾ ਦੇ 'ਹਰੀ ਨਾਰਾਇਣ' ਕਹਿਣ ਦੀ ਹੀ ਦੇਰ ਸੀ, ਮਾਈ ਨੇ ਗੁੱਸੇ ਵਿੱਚ ਆਕੇ ਗੋਹੇ-ਮਿੱਟੀ ਨਾਲ ਲਿੱਬੜਿਆ ਹੋਇਆ ਕੱਪੜਾ, ਸੰਤ ਜੀ ਦੇ ਚਿਹਰੇ ਤੇ ਮਾਰਿਆ। ਮਹਾਤਮਾ ਜੀ ਮੁਸਕਰਾ ਕੇ ਕਹਿਣ ਲੱਗੇ ਕਿ ਸ਼ੁਕਰ ਹੈ ਰੱਬ ਦਾ, ਜੋ ਅੱਜ ਕੁੱਝ ਦੇਣ ਵਾਸਤੇ ਤੇਰਾ ਹੱਥ ਤਾਂ ਚੱਲਿਆ। ਨਾਲ ਹੀ ਇਹ ਵਰਦਾਨ ਵੀ ਦਿੱਤਾ ਕਿ ਪ੍ਰਮਾਤਮਾ ਤੇਰਾ ਇਹ ਦਾਨ, ਫਲੀਭੂਤ ਕਰੇ! ਇਹ ਕਹਿਕੇ, ਉਹ ਮਹਾਤਮਾ ਚਲਿਆ ਗਿਆ ਅਤੇ ਦਰਿਆ ਤੇ ਜਾ ਕੇ ਇਸ਼ਨਾਨ ਆਦਿ ਕੀਤਾ। ਉਸ ਲਿੱਬੜੇ ਹੋਏ ਕੱਪੜੇ ਨੂੰ (ਬਿਨਾਂ ਧੋਤੇ) ਉਸੇ ਤਰ੍ਹਾਂ ਸੁਕਾ ਕੇ, ਉਸ ਦੀਆਂ ਬੱਤੀਆਂ ਬਣਾ ਲਈਆਂ ਅਤੇ ਸੰਧਿਆ ਦੇ ਸਮੇਂ ਠਾਕੁਰ ਜੀ ਦੇ ਮੰਦਰ ਵਿੱਚ, ਉਸ ਕੱਪੜੇ ਤੋਂ ਬਣਾਈ ਇੱਕ ਬੱਤੀ ਨਾਲ ਜੋਤ ਜਗਾ ਦਿੱਤੀ। ਜਿਉਂ ਹੀ ਮੰਦਰ ਵਿੱਚ ਜੋਤ ਜਗੀ ਤਾਂ ਉਸੇ ਸਮੇਂ ਉਸ ਮਾਈ ਦੇ ਚਿੱਤ ਵਿੱਚ ਵੀ ਪ੍ਰਕਾਸ਼ ਹੋਣ ਲੱਗ ਪਿਆ। ਉਹ ਇਹ ਕਹਿੰਦੀ ਹੋਈ ਪਛਤਾਵਾ ਕਰਨ ਲੱਗੀ ਕਿ ਹਾਏ ਰੱਬਾ! ਮੇਰੇ ਵਰਗਾ ਪਾਪੀ ਕੋਈ ਹੋਰ ਵੀ ਹੋਵੇਗਾ, ਜਿਸ ਨੇ ਐਨਾ ਵੱਡਾ ਗੁਨਾਹ ਕੀਤਾ ਹੋਵੇ? ਮੈਂ, ਐਸੇ ਸ਼ਾਂਤ-ਚਿੱਤ ਮਹਾਤਮਾ ਦਾ ਨਿਰਾਦਰ ਕੀਤਾ ਹੈ, ਮੈਨੂੰ ਤਾਂ ਨਰਕ ਵਿੱਚ ਵੀ ਜਗ੍ਹਾ ਨਹੀਂ ਮਿਲਣੀ! ਇਸ ਪ੍ਰਕਾਰ ਪਛਤਾਵਾ ਕਰਦੀ ਅਤੇ ਰੋਂਦੀ ਹੋਈ ਦੀ ਹੀ ਸਾਰੀ ਰਾਤ ਗੁਜ਼ਰੀ। ਜਿਵੇਂ-ਜਿਵੇਂ ਉਹ ਰੋਂਦੀ ਗਈ, ਤਿਵੇਂ-ਤਿਵੇਂ ਉਸ ਦਾ ਮਨ, ਨਿਰਮਲ ਹੁੰਦਾ ਗਿਆ। ਫਿਰ ਉਸ ਮਾਈ ਨੇ ਪੱਕਾ ਇਰਾਦਾ ਕਰ ਲਿਆ ਕਿ ਸਵੇਰੇ ਹੀ ਉਹ ਮਹਾਤਮਾ ਦੀ ਕੁਟੀਆ ਤੇ ਜਾਕੇ, ਆਪਣੇ ਕੀਤੇ ਗੁਨਾਹਾਂ ਦੀ ਮੁਆਫੀ ਮੰਗ ਕੇ ਭੁੱਲਾਂ ਬਖਸ਼ਾਵੇਗੀ। ਜਦੋਂ ਸਵੇਰ ਹੋਈ ਤਾਂ ਦਿਆਲੂ ਮਹਾਤਮਾ ਆਪਣੇ ਆਪ ਹੀ, ਉਸ ਮਾਈ ਦੇ ਘਰ ਵੱਲ ਆ ਗਏ। ਉਹ ਸੰਤਾਂ ਦੇ ਚਰਨਾਂ ਉੱਤੇ ਡਿੱਗ ਕੇ

ਉੱਚੀ-ਉੱਚੀ ਰੋਣ ਲੱਗੀ ਅਤੇ ਕਹਿਣ ਲੱਗੀ, ਹੇ ਦਿਆਲੂ ਪੁਰਸ਼ੋ! ਮੈਂ ਪਾਪਣ ਤੁਹਾਡੀ ਸ਼ਰਣ ਆਈ ਹਾਂ। ਕ੍ਰਿਪਾ ਕਰਕੇ, ਮੇਰੇ ਗੁਨਾਹ ਬਖਸ਼ੋ ਅਤੇ ਅੱਗੇ ਵਾਸਤੇ ਮੈਨੂੰ ਠੀਕ ਰਸਤੇ ਪਾਉ। ਮਹਾਤਮਾ ਨੇ ਜਦ ਉਸ ਨੂੰ ਨਿਰਹੰਕਾਰ ਅਤੇ ਸੱਚੇ ਦਿਲੋਂ ਪਛਤਾਉਂਦੀ ਹੋਈ ਜਾਣਿਆਂ ਤਾਂ ਉਸ ਨੂੰ 'ਨਾਮ' ਜਪਣ ਦਾ ਉਪਦੇਸ਼ ਦਿੱਤਾ। ਇਉਂ ਉਸ ਦਾ ਬੇੜਾ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਕਰ ਦਿੱਤਾ। ਇਸ ਘਟਨਾ ਤੋਂ ਸਿੱਧ ਹੁੰਦਾ ਹੈ ਕਿ ਜਦੋਂ ਉਸ ਮਨਮੁੱਖ ਮਾਈ ਨੇ ਗੁਰਮੁਖਾਂ ਵਾਲੀ ਚਾਲ ਚੱਲੀ ਤਾਂ ਹੀ 'ਪਾਰਬ੍ਰਹਮੁ' ਨੂੰ ਧਿਆਕੇ ਪਰਮਗਤੀ ਨੂੰ ਪ੍ਰਾਪਤ ਹੋਈ। ਇਹ ਹੈ -

**ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ॥**

**ਦ੍ਰਿਸ਼ਟਾਂਤ (੨)** - ਪ੍ਰਮੇਸ਼ਰ ਦੀ ਕਰਨੀ ਰਾਜੇ ਦੇ ਘਰ ਇੱਕ ਪੁੱਤਰ ਪੈਦਾ ਹੋਇਆ ਜੋ ਕੁੱਬਾ ਸੀ ਅਤੇ ਇੱਕ ਬੇਟੀ ਨੇ ਜਨਮ ਲਿਆ ਜਿਸ ਨੂੰ ਤਿੰਨ ਅਸਥਨ ਸਨ। ਉਨ੍ਹਾਂ ਦਿਨਾਂ ਵਿੱਚ ਹੀ ਉਸ ਰਾਜੇ ਦੇ ਵਜ਼ੀਰ ਨੂੰ ਵੀ ਇੱਕ ਪੁੱਤਰ ਦੀ ਦਾਤ ਮਿਲੀ ਜੋ ਅੰਨ੍ਹਾਂ ਸੀ। ਵਜ਼ੀਰ ਤੇ ਰਾਜੇ ਨੇ ਸਲਾਹ ਕੀਤੀ ਕਿ ਇਨ੍ਹਾਂ ਬੱਚਿਆਂ ਨੂੰ ਕਿਸੇ ਦੂਜੇ ਦੇਸ਼ ਵਿੱਚ ਅਜਿਹੇ ਸਥਾਨ ਤੇ ਰੱਖਿਆ ਜਾਵੇ, ਜਿੱਥੇ ਸਾਥੋਂ ਅਲੱਗ ਵੀ ਰਹਿਣ ਅਤੇ ਆਪਣੇ ਜੀਵਨ ਦਾ ਨਿਰਬਾਹ ਵੀ ਕਰ ਸਕਣ। ਇਹ ਵਿਚਾਰ ਕਰਕੇ, ਆਪਣੇ ਨੌਕਰਾਂ ਨੂੰ ਹੁਕਮ ਕੀਤਾ ਕਿ ਗਵਾਂਢੀ ਦੇਸ਼ ਦੇ ਜੰਗਲ ਵਿੱਚ, ਇੱਕ ਮਕਾਨ ਦਾ ਬੰਦੋਬਸਤ ਕਰੋ। ਇਨ੍ਹਾਂ ਤਿੰਨਾਂ ਬੱਚਿਆਂ ਨੂੰ ਉੱਥੇ ਛੱਡ ਆਉ ਅਤੇ ਇਨ੍ਹਾਂ ਦੇ ਖਾਣ ਪੀਣ ਦਾ ਸਾਰਾ ਬੰਦੋਬਸਤ ਵੀ ਉੱਥੇ ਹੀ ਕਰ ਦਿਉ। ਨੌਕਰਾਂ ਨੇ ਹੁਕਮ ਮੰਨਕੇ ਉਵੇਂ ਹੀ ਕੀਤਾ। ਉਸ ਜੰਗਲ ਵਿੱਚ ਇੱਕ ਸਾਧੂ ਰਹਿੰਦਾ ਸੀ, ਉਸ ਨੂੰ ਇਹ ਸਾਰੀ ਖਬਰ ਮਿਲੀ। ਉਸਨੇ ਬੱਚਿਆਂ ਤੇ ਦਇਆ ਕਰਕੇ, ਉਨ੍ਹਾਂ ਨੂੰ ਵਿੱਦਿਆ ਪੜ੍ਹਾਉਣੀ ਸ਼ੁਰੂ ਕਰ ਦਿੱਤੀ। ਆਪਣੀ ਵਿੱਦਿਆ ਦੁਆਰਾ ਬੱਚਿਆਂ ਦੇ ਗ੍ਰਹਿ-ਨੱਛਤਰ ਦੇਖਕੇ, ਮਹਾਤਮਾ ਨੇ ਜਾਣ ਲਿਆ ਕਿ ਇਹ ਬਾਲਕ ਬਹੁਤ ਤੇਜੱਸਵੀ ਹੋਣਗੇ। ਕਿਸੇ ਦਿਨ ਵੱਡੇ-ਵੱਡੇ ਅਹੁਦਿਆਂ ਤੇ ਪਹੁੰਚਣਗੇ ਅਤੇ ਰਾਜ-ਭਾਗ ਦਾ ਕੰਮ ਵੀ ਕੁਸ਼ਲਤਾ ਪੂਰਵਕ ਚਲਾਉਣਗੇ। ਸਾਧੂ ਨੇ ਇਹ ਗੱਲ ਰਾਜੇ ਨੂੰ ਵੀ ਦੱਸੀ ਪ੍ਰੰਤੂ ਰਾਜੇ ਨੂੰ ਇਹ ਗੱਲ ਅਣਹੋਣੀ

ਜਿਹੀ ਲੱਗਦੀ ਸੀ।

ਸਾਧੂ ਨੇ ਬੱਚਿਆਂ ਨੂੰ ਵਿੱਦਿਆ ਪੜ੍ਹਾਉਣੀ ਸ਼ੁਰੂ ਕਰ ਦਿੱਤੀ ਤੇ ਬੱਚੇ ਵੀ ਉਨ੍ਹਾਂ ਦੀ ਟਹਿਲ ਸੇਵਾ ਕਰਦੇ ਰਹਿੰਦੇ ਸਨ। ਸਾਧੂ ਦੀ ਆਗਿਆ ਅਨੁਸਾਰ ਉਹ ਤਿੰਨੇ ਬੱਚੇ ਪ੍ਰਮਾਤਮਾ ਦਾ ਨਾਮ ਜਪਦੇ ਰਹਿੰਦੇ। ਜੰਗਲ ਵਿੱਚੋਂ ਫਲ-ਫੁੱਲ ਖਾਕੇ ਪੇਟ ਭਰਦੇ ਅਤੇ ਕ੍ਰਿਪਾਲੂ ਸਾਧੂ ਲਈ ਵੀ ਥੋੜਾ ਬਹੁਤ ਲੈ ਆਉਂਦੇ। ਇੱਕ ਦਿਨ ਉਹ ਤਿੰਨੋ ਬੱਚੇ ਬਾਹਰ ਘੁੰਮਣ ਫਿਰਨ ਗਏ। ਰਸਤੇ ਵਿੱਚ ਲੜਕੀ ਨੂੰ, ਇੱਕ ਪੇੜ ਨਜ਼ਰ ਆਇਆ ਜਿਸਨੂੰ ਫਲ ਲੱਗੇ ਹੋਏ ਦੇਖ ਕੇ, ਫਲ ਖਾਣ ਦੀ ਇੱਛਾ ਹੋਈ। ਉਸਨੇ ਆਪਣੇ ਭਰਾਵਾਂ ਨੂੰ ਦੱਸਿਆ ਤਾਂ ਸਭ ਨੇ ਹਾਂ ਕਰ ਦਿੱਤੀ। ਰਾਜੇ ਦਾ ਪੁੱਤਰ ਕੁੱਬਾ ਸੀ ਜਿਸ ਕਰਕੇ ਫਲ ਤੋੜਨ ਵਿੱਚ ਅਸਮਰੱਥ ਸੀ। ਵਜ਼ੀਰ ਦਾ ਪੁੱਤਰ ਅੰਨ੍ਹਾਂ ਸੀ ਜਿਸ ਕਰਕੇ ਫਲ ਦੇਖ ਨਹੀਂ ਸੀ ਸਕਦਾ। ਤਿੰਨਾਂ ਨੇ ਮਿਲਕੇ ਆਪਸ ਵਿੱਚ ਸਲਾਹ ਕੀਤੀ ਕਿ ਵਜ਼ੀਰ ਦੇ ਲੜਕੇ (ਅੰਨ੍ਹੇ) ਦੇ ਮੋਢੇ ਤੇ ਚੜ੍ਹਕੇ, ਰਾਜੇ ਦਾ ਪੁੱਤਰ (ਕੁੱਬਾ) ਫਲ ਤੋੜੇ। ਉਹ ਆਪ ਵੀ ਖਾਵੇ ਤੇ ਦੂਜਿਆਂ ਨੂੰ ਵੀ ਖਿਲਾਵੇ। ਸੋ ਇਸੇ ਤਰ੍ਹਾਂ ਹੀ ਕੀਤਾ ਗਿਆ। ਕੁਦਰਤੱਵਸ ਅਜਿਹਾ ਹੋਇਆ ਕਿ ਵਜ਼ੀਰ ਦੇ ਪੁੱਤਰ ਨੂੰ ਜੋ ਫਲ ਖਾਣ ਲਈ ਮਿਲੇ, ਉਹ ਸਭ ਖੱਟੇ ਸਨ। ਉਸ ਨੂੰ ਸ਼ੱਕ ਹੋ ਗਿਆ ਕਿ ਰਾਜੇ ਦਾ ਪੁੱਤਰ ਆਪ ਤਾਂ ਮਿੱਠੇ-ਮਿੱਠੇ ਫਲ ਖਾ ਰਿਹਾ ਹੈ ਤੇ ਆਪਣੀ ਭੈਣ ਨੂੰ ਵੀ ਮਿੱਠੇ ਹੀ ਦਿੰਦਾ ਹੈ ਅਤੇ ਮੈਨੂੰ ਖੱਟੇ-ਖੱਟੇ ਫਲ ਦਿੰਦਾ ਹੈ। ਖਿਆਲ ਆਇਆ ਕਿ ਕਿਉਂ ਨਾ ਇਸ ਕੁੱਬੇ ਤੋਂ ਬਦਲਾ ਲਵਾਂ? ਇਉਂ ਗੁੱਸੇ ਵਿੱਚ ਆਕੇ, ਉਸਨੇ ਰਾਜੇ ਦੇ ਪੁੱਤਰ ਨੂੰ ਆਪਣੇ ਮੋਢਿਆਂ ਤੋਂ ਪਰੇ ਸੁੱਟ ਦਿੱਤਾ। ਇਉਂ ਉਸ (ਕੁੱਬੇ) ਦੀ ਪਿੱਠ, ਉਥੇ ਪਏ ਇੱਕ ਪੱਥਰ ਨਾਲ ਲੱਗੀ ਤੇ ਪ੍ਰਮੇਸ਼ਰ ਦੀ ਕ੍ਰਿਪਾ ਸਦਕਾ ਲੱਗਦਿਆਂ ਸਾਰ ਹੀ ਕੁੱਬ ਨਿੱਕਲ ਗਿਆ। ਰਾਜੇ ਦੀ ਬੇਟੀ ਨੂੰ ਆਪਣੇ ਭਰਾ ਨਾਲ ਅਜਿਹਾ ਬੁਰਾ ਵਰਤਾਉ ਦੇਖ ਕੇ ਬਹੁਤ ਕਰੋਧ ਆਇਆ। ਉਸਨੇ ਇੱਕ ਪੱਥਰ ਚੁੱਕ ਕੇ ਵਜ਼ੀਰ ਦੇ ਪੁੱਤਰ ਦੇ ਮੂੰਹ ਤੇ ਜੋਰ ਨਾਲ ਮਾਰਿਆ ਅਤੇ ਉਸਦੇ ਮੱਥੇ 'ਚੋਂ ਖ਼ੂਨ ਵਗਣ ਲੱਗਿਆ। ਗੁੱਸੇ ਵਿੱਚ ਆਕੇ ਵਜ਼ੀਰ ਦੇ ਪੁੱਤਰ ਨੇ ਰਾਜ ਕੰਨਿਆਂ ਨੂੰ ਜੋਰ ਨਾਲ ਲੱਤ ਮਾਰੀ ਜੋ ਅਚਾਨਕ ਉਸਦੀ ਛਾਤੀ ਤੇ ਲੱਗੀ ਅਤੇ ਲੱਗਦੇ ਸਾਰ ਹੀ ਉਸਦਾ ਤੀਸਰਾ

ਅਸਥਨ ਅੰਦਰ ਚਲਾ ਗਿਆ। ਥੋੜ੍ਹੇ ਸਮੇਂ ਬਾਅਦ ਜਦ ਵਜ਼ੀਰ ਦੇ ਪੁੱਤਰ ਨੇ ਆਪਣੀ ਹੋਸ਼ ਸੰਭਾਲੀ ਤਾਂ ਉਸ ਨੂੰ ਦਿਖਣ ਲਗ ਗਿਆ। ਇਹ ਸਭ ਉਸ ਪੱਥਰ ਦੇ ਲੱਗਣ ਕਰਕੇ ਹੀ ਹੋਇਆ ਕਿਉਂਕਿ ਜਿਸ ਜਗ੍ਹਾ ਉਸਨੂੰ ਪੱਥਰ ਲੱਗਿਆ ਸੀ, ਉੱਥੇ ਇੱਕ ਨਾੜੀ ਵਿੱਚ ਖ਼ੂਨ ਜੰਮਿਆ ਹੋਇਆ ਸੀ। ਇਉਂ ਸਾਰਾ ਜੰਮਿਆ ਹੋਇਆ ਖ਼ੂਨ ਨਿੱਕਲ ਜਾਣ ਦੇ ਕਾਰਣ ਨਜ਼ਰ ਠੀਕ ਹੋ ਗਈ। ਇਸ ਤਰ੍ਹਾਂ ਤਿੰਨੇ ਬਾਲਕ ਬਿਲਕੁੱਲ ਠੀਕ ਹੋ ਗਏ। ਫਿਰ ਪ੍ਰਸੰਨ ਚਿੱਤ ਹੋ ਕੇ ਸਭ ਨੇ ਥੋੜ੍ਹਾ-ਥੋੜ੍ਹਾ ਫਲ ਖਾਧਾ ਅਤੇ ਕੁੱਝ ਸੰਤ ਜੀ ਵਾਸਤੇ ਵੀ ਲੈ ਆਏ। ਤਿੰਨਾਂ ਨੂੰ ਅਰੋਗ ਦੇਖਕੇ, ਸੰਤ ਜੀ ਬਹੁਤ ਪ੍ਰਸੰਨ ਹੋਏ ਅਤੇ ਕਹਿਣ ਲੱਗੇ ਕਿ ਇਹ ਸਭ 'ਨਾਮ' ਦਾ ਹੀ ਪ੍ਰਤਾਪ ਹੈ। ਤੁਸੀਂ 'ਗੁਰਮੁਖਿ' ਹੋਕੇ ਰੱਬ ਦੇ ਨਾਮ ਦਾ ਜਾਪ ਕੀਤਾ ਹੈ, ਜਿਸਦਾ ਫਲ ਤੁਹਾਨੂੰ ਪ੍ਰਤੱਖ ਮਿਲ ਗਿਆ ਹੈ ਤੁਹਾਡੇ ਤਿੰਨਾਂ ਦੇ ਸ਼ਰੀਰ ਪੂਰੇ ਠੀਕ ਹੋ ਗਏ ਹਨ।

ਉਸ ਤੋਂ ਬਾਅਦ ਮਹਾਤਮਾ ਜੀ ਨੇ ਰਾਜੇ ਨੂੰ ਸੰਦੇਸ਼ ਭੇਜ ਦਿੱਤਾ ਕਿ ਆਪ ਜੀ ਦੇ ਤਿੰਨੇ ਬੱਚੇ ਬਿਲਕੁੱਲ ਅਰੋਗ ਹੋ ਗਏ ਹਨ, ਸੋ ਹੁਣ ਬੇਸ਼ੱਕ ਆਪਣੇ ਪਾਸ ਲੈ ਜਾਉ। ਰਾਜ ਮਹਿਲਾਂ ਵਿੱਚ ਇਹ ਖ਼ਬਰ ਪਹੁੰਚਣ ਨਾਲ ਬਹੁਤ ਖੁਸ਼ੀਆਂ ਹੋਈਆਂ। ਰਾਜਾ ਤੇ ਵਜ਼ੀਰ ਬੜੀ ਪ੍ਰਸੰਨਤਾ ਨਾਲ ਸੰਤ ਜੀ ਪਾਸ ਪਹੁੰਚੇ ਅਤੇ ਸ਼ਰਧਾ ਪੂਰਬਕ ਮੱਥਾ ਟੇਕ ਕੇ, ਸਭ ਹਾਲ ਪੁੱਛਿਆ। ਸੰਤਾਂ ਕੋਲੋਂ ਸਾਰੀ ਗੱਲ ਸੁਣਕੇ, ਉਹ ਕਹਿਣ ਲੱਗੇ ਕਿ ਇਹ ਸਭ ਆਪ ਜੀ ਦਾ ਹੀ ਪ੍ਰਤਾਪ ਹੈ, ਅਸੀਂ ਆਪ ਜੀ ਦੇ ਬਹੁਤ ਸ਼ੁਕਰ ਗੁਜ਼ਾਰ ਹਾਂ। ਆਪ ਜੀ ਦੀ ਕ੍ਰਿਪਾ ਨਾਲ ਹੀ ਇਨ੍ਹਾਂ ਅਪਾਹਜ ਬੱਚਿਆਂ ਦਾ ਉਧਾਰ ਹੋਇਆ ਹੈ। ਫਿਰ ਰਾਜੇ ਨੇ ਬੇਨਤੀ ਕੀਤੀ ਕਿ ਇਨ੍ਹਾਂ ਬਾਲਕਾਂ ਤੋਂ ਬਿਨਾਂ ਮੇਰੇ ਹੋਰ ਕੋਈ ਔਲਾਦ ਨਹੀਂ ਹੈ, ਜੋ ਮੇਰੀ ਗੱਦੀ ਦਾ ਵਾਰਸ ਬਣੇ। ਕ੍ਰਿਪਾ ਕਰਕੇ ਮੈਨੂੰ ਆਗਿਆ ਦਿਉ ਕਿ ਮੈਂ ਇਨ੍ਹਾਂ ਨੂੰ ਨਾਲ ਲੈ ਜਾਵਾਂ। ਸਾਧੂ ਨੇ ਖੁਸ਼ੀ ਨਾਲ ਅਸੀਸ ਦੇਕੇ ਆਗਿਆ ਦਿੱਤੀ ਅਤੇ ਰਾਜੇ ਨੂੰ ਇਹ ਉਪਦੇਸ਼ ਦਿੱਤਾ ਕਿ ਹੇ ਰਾਜਨ! ਇਹ ਸਭ 'ਗੁਰਮੁਖਿ' ਹੋ ਜਾਣ ਦਾ ਹੀ ਪ੍ਰਤਾਪ ਹੈ। ਆਪ ਭੀ 'ਗੁਰਮੁਖਿ' ਹੋਕੇ ਈਸ਼ਵਰ ਨੂੰ ਧਿਆਉ ਤਾਂ ਆਪ ਦੇ ਤਨ, ਮਨ ਦੇ ਸਭ ਰੋਗ ਵੀ ਨਵਿਰਤ ਹੋ ਜਾਣਗੇ। ਸੱਚੇ ਸੁੱਖ ਅਤੇ ਸਦੈਵੀ ਅਨੰਦ ਦੀ ਪ੍ਰਾਪਤੀ ਹੋ

ਜਾਵੇਗੀ। ਰਾਜੇ ਅਤੇ ਵਜ਼ੀਰ ਨੇ ਸੰਤਾਂ ਨੂੰ ਮੱਥਾ ਟੇਕਿਆ ਤੇ ਆਗਿਆ ਲੈਕੇ ਬੜੀ ਖੁਸ਼ੀ ਨਾਲ ਬੱਚਿਆਂ ਸਮੇਤ ਆਪਣੇ ਮਹਿਲੀਂ ਪਹੁੰਚੇ। ਜਾਂਦਿਆਂ ਸਾਰ ਹੀ ਰਾਜੇ ਨੇ ਆਪਣੇ ਪੁੱਤਰ ਨੂੰ ਰਾਜ-ਗੱਦੀ ਦੇ ਦਿੱਤੀ। ਬੇਟੀ ਦੀ ਸ਼ਾਦੀ, ਕਿਸੇ ਹੋਰ ਰਾਜੇ ਦੇ ਪੁੱਤਰ ਨਾਲ ਕਰ ਦਿੱਤੀ। ਰਾਜਾ ਆਪ, ਸਭ ਕੁੱਝ ਛੱਡ ਕੇ ਈਸ਼ਵਰ ਚਿੰਤਨ ਵਿੱਚ ਲੱਗ ਪਿਆ। ਵਜ਼ੀਰ ਦਾ ਪੁੱਤਰ ਵੀ ਉਸੇ ਤਰ੍ਹਾਂ ਨਾਲ ਆਪਣੇ ਪਿਤਾ ਵਰਗੀ ਯੋਗਤਾ ਅਤੇ ਪਦਵੀ ਨੂੰ ਪ੍ਰਾਪਤ ਹੋਇਆ। ਸੋ ਇਹ ਹੈ- **ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ।**

**ਪ੍ਰਸ਼ਨ 24. ਕਿਨਿ ਬਿਧਿ ਕੀਰਤਨੁ ਗਾਏ ਜੀਉ॥** ਯਾਨੀ ਪ੍ਰਮਾਤਮਾ ਦੀ ਕੀਰਤੀ, ਸਿਫਤ-ਸਾਲਾਹ ਕਿਸ 'ਬਿਧਿ' ਯਾਨੀ ਕਿਸ ਤਰੀਕੇ ਨਾਲ ਹੋਣੀ ਚਾਹੀਦੀ ਹੈ?

**ਉੱਤਰ-ਗੁਰਮੁਖਿ ਕੀਰਤਨੁ ਗਾਏ ਜੀਉ॥** ਭਾਵ ਇਹ ਕਿ 'ਗੁਰਮੁਖਿ' ਦੁਆਰਾ ਹੀ ਪ੍ਰਮਾਤਮਾ ਦਾ 'ਕੀਰਤਨੁ' ਯਾਨੀ ਗੁਣ ਗਾਇਨ ਕਰਨਾ ਸਫਲ ਹੋਵੇਗਾ।

ਪ੍ਰਹਿਲਾਦ ਭਗਤ ਨੇ ਸਭ ਬਾਲਕਾਂ ਨੂੰ ਨਵਧਾ (ਨੌਂ ਪ੍ਰਕਾਰ ਦੀ) ਭਗਤੀ ਦਾ ਉਪਦੇਸ਼ ਦਿੱਤਾ ਜਿਸ ਵਿੱਚ ਪਹਿਲੀ 'ਸ਼੍ਰਵਣ' ਭਗਤੀ ਹੈ ਅਤੇ ਦੂਜੀ ਹੈ 'ਕੀਰਤਨ' ਭਗਤੀ ਯਾਨੀ ਹਰੀ ਜਸ ਕਰਨਾ। ਇਸ 'ਕੀਰਤਨ' ਭਗਤੀ ਦੀ ਮਹਿਮਾ ਬੇਅੰਤ ਹੈ। ਇਸ ਜੀਵ ਦੀ ਤਾਂ ਕੇਵਲ ਇੱਕ ਹੀ ਜੀਭ ਹੈ ਪ੍ਰੰਤੂ ਸ਼ੇਸ਼ਨਾਗ ਦੀਆਂ ਹਜ਼ਾਰਾਂ ਜੀਭਾਂ ਹਨ, ਉਹ ਵੀ ਉਸਦੀ ਮਹਿਮਾ ਨੂੰ ਵਰਨਣ ਨਹੀਂ ਕਰ ਸਕਦਾ। ਭਗਤ ਕਬੀਰ ਜੀ ਹਰੀ ਜਸ ਦਾ ਵਰਨਣ ਕਰਨ ਬਾਰੇ ਇਉਂ ਲਿਖਦੇ ਹਨ-

**ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥**
**ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ ॥**

ਭਾਵ, ਜੇਕਰ ਮੈਂ ਸੱਤ ਸਮੁੰਦਰਾਂ ਦੇ ਪਾਣੀ ਨੂੰ ਸਿਆਹੀ ਬਣਾ ਲਵਾਂ, ਸਾਰੀ ਬਨਸਪਤੀ ਨੂੰ ਕਲਮ ਬਣਾ ਲਵਾਂ ਅਤੇ ਪ੍ਰਿਥਵੀ ਨੂੰ ਕਾਗਜ਼ ਬਣਾ ਕੇ ਹਰੀ ਜਸ ਲਿਖਣ ਦਾ ਯਤਨ ਕਰਾਂ ਤਾਂ ਭੀ 'ਕੀਰਤਨ' ਭਗਤੀ ਦੀ ਮਹਿਮਾ ਲਿਖੀ ਨਹੀਂ ਜਾ ਸਕੇਗੀ। ਰਾਗ ਵਿੱਦਿਆ ਦੀ ਮਹਿਮਾ ਪਰੇ ਤੋਂ ਪਰੇ ਹੈ।

ਕਿਹਾ ਜਾਂਦਾ ਹੈ ਕਿ ਇੱਕ ਵਾਰ ਸ਼ਿਵ ਜੀ ਨੇ, ਭਗਵਾਨ ਵਿਸ਼ਨੂੰ ਦੇ ਸਾਹਮਣੇ ਅਜਿਹਾ ਕੀਰਤਨ ਕੀਤਾ ਸੀ, ਜਿਸ ਨੂੰ ਸੁਣਕੇ ਵਿਸ਼ਨੂੰ ਭਗਵਾਨ ਦੇ ਸਾਰੇ ਸ਼ਰੀਰ 'ਚੋਂ ਪਾਣੀ ਵਹਿਣ ਲੱਗ ਪਿਆ। ਇਹ ਗੱਲ ਕਿਸੇ ਨੂੰ ਵੀ ਅਸਚਰਜ ਨਹੀਂ ਲੱਗਣੀ ਚਾਹੀਦੀ। ਗੁਰੂ ਕ੍ਰਿਪਾ ਦੁਆਰਾ ਕਦੇ-ਕਦੇ ਨਾਮ ਦੇ ਰਸੀਏ, ਕੀਰਤਨੀਏ, ਹਰੀ ਨਾਮ ਦਾ ਅਜਿਹਾ ਕੀਰਤਨ ਕਰਦੇ ਹਨ ਕਿ ਕੋਈ ਕਿੰਨਾਂ ਵੀ ਕਠੋਰ-ਚਿੱਤ ਹੋਵੇ, ਉਸਦਾ ਦਿਲ ਮੋਮ ਵਾਂਗ ਪਿਘਲ ਜਾਂਦਾ ਹੈ ਅਤੇ ਪ੍ਰੇਮ ਭਾਵਨਾ ਨਾਲ ਅੱਖਾਂ ਵਿੱਚੋਂ ਹੰਝੂ ਵਹਿਣ ਲੱਗ ਜਾਂਦੇ ਹਨ।

**ਦ੍ਰਿਸ਼ਟਾਂਤ (੧) –** 'ਲਵ' ਅਤੇ 'ਕੁਸ਼', ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਸਪੁੱਤਰ ਸਨ। ਉਹ ਬਚਪਨ ਤੋਂ ਹੀ ਜੰਗਲ ਵਿੱਚ ਬਾਲਮੀਕ ਰਿਸ਼ੀ ਦੇ ਪਾਸ ਰਹੇ ਅਤੇ ਵੱਡੇ ਹੋਏ ਸਨ। ਇਨ੍ਹਾਂ ਬੱਚਿਆਂ ਨੂੰ ਬਾਲਮੀਕ ਰਿਸ਼ੀ ਨੇ ਅਜਿਹੀ ਸੰਗੀਤ ਵਿੱਦਿਆ ਸਿਖਾਈ ਸੀ ਕਿ ਕਦੇ-ਕਦੇ ਇਹ ਦੋਵੇਂ ਬਾਲਕ ਪ੍ਰੇਮ ਭਾਵਨਾ ਵਿੱਚ ਆਕੇ ਕੀਰਤਨ ਕਰਦੇ-ਕਰਦੇ ਉਸ ਵਿੱਚ ਲਿਵਲੀਨ ਹੋ ਜਾਇਆ ਕਰਦੇ ਸਨ। ਆਦਮੀ ਦੀ ਤਾਂ ਗੱਲ ਹੀ ਛੱਡੋ, ਪਸ਼ੂ-ਪੰਛੀ ਵੀ ਉਨ੍ਹਾਂ ਦੇ ਚੌਗਿਰਦੇ ਬੈਠਕੇ, ਆਪਣੇ ਸ਼ਰੀਰ ਦੀ ਹੋਸ਼ ਗਵਾ ਬੈਠਦੇ ਸਨ। ਇੱਕ ਵਾਰ 'ਲਵ' ਤੇ 'ਕੁਸ਼' ਗਾਉਂਦੇ-ਗਾਉਂਦੇ ਅਯੁੱਧਿਆ ਨਗਰੀ ਵਿੱਚ ਪਹੁੰਚੇ। ਉਨ੍ਹਾਂ ਨੇ ਅਯੁੱਧਿਆ ਦੇ ਸਾਰੇ ਮਨੁੱਖਾਂ ਨੂੰ ਆਪਣੇ ਰਾਗ ਨਾਲ ਮੋਹਿਤ ਕਰ ਦਿੱਤਾ। ਅਯੁੱਧਿਆ ਵਾਸੀਆਂ ਨੇ ਉਨ੍ਹਾਂ ਦੋਹਾਂ ਨੂੰ ਸ੍ਰੀ ਰਾਮ ਚੰਦਰ ਜੀ ਦੀ ਸਭਾ ਵਿੱਚ ਲੈ ਆਂਦਾ। ਉੱਥੇ ਵੀ ਉਨ੍ਹਾਂ ਨੇ ਅਜਿਹਾ ਮਨੋਹਰ ਕੀਰਤਨ ਕੀਤਾ ਕਿ ਸਭ ਲੋਕ ਮੋਹਿਤ ਹੋ ਗਏ। ਸ੍ਰੀ ਰਾਮ ਚੰਦਰ ਜੀ ਦੇ ਹਿਰਦੇ 'ਚ ਐਨਾਂ ਪ੍ਰੇਮ ਉਮੜਿਆ ਕਿ ਉਹ ਆਪਣੇ ਰਾਜ ਸਿੰਘਾਸਣ ਤੋਂ ਉੱਠਕੇ, ਇਨ੍ਹਾਂ ਬੱਚਿਆਂ ਕੋਲ ਗਏ ਤੇ ਪਿਆਰ ਨਾਲ ਲਿਜਾ ਕੇ ਰਾਜ ਸਿੰਘਾਸਣ ਤੇ ਆਪਣੇ ਨਾਲ ਬਿਠਾ ਲਿਆ। ਭਾਵੇਂ ਸ੍ਰੀ ਰਾਮ ਚੰਦਰ ਜੀ ਤਾਂ ਅੰਤਰਜਾਮੀ ਸਨ ਪ੍ਰੰਤੂ ਫਿਰ ਵੀ ਲੋਕ ਮਰਿਆਦਾ ਕਰਕੇ, ਬਾਲਕਾਂ ਨੂੰ ਪੁੱਛਿਆ ਕਿ ਤੁਸੀਂ ਕਿਸ ਦੇ ਬੱਚੇ ਹੋ? ਉਨ੍ਹਾਂ ਨੇ ਜਵਾਬ ਦਿੱਤਾ ਕਿ ਅਸੀਂ ਬਚਪਨ ਤੋਂ ਹੀ ਸ੍ਰੀ ਬਾਲਮੀਕ ਰਿਸ਼ੀ ਜੀ ਦੀ ਕੁਟੀਆ ਵਿੱਚ ਰਹੇ ਹਾਂ ਅਤੇ ਸਾਡਾ ਪਾਲਣ-ਪੋਸ਼ਣ ਉਥੇ ਹੀ ਹੋਇਆ ਹੈ, ਇਸ ਤੋਂ ਵੱਧ ਸਾਨੂੰ ਹੋਰ ਕੁੱਝ

ਵੀ ਨਹੀਂ ਪਤਾ। ਜਦੋਂ ਸ੍ਰੀ ਰਾਮ ਚੰਦਰ ਜੀ ਨੇ ਬਾਲਮੀਕ ਰਿਸ਼ੀ ਨੂੰ ਪੁੱਛਿਆ ਤਾਂ ਰਿਸ਼ੀ ਜੀ ਨੇ ਦੱਸਿਆ ਕਿ ਇਹ ਤਾਂ ਆਪ ਜੀ ਦੇ ਹੀ ਸਪੁੱਤਰ 'ਰਾਜ ਕੁਮਾਰ' ਹਨ। ਸ੍ਰੀ ਰਾਮ ਚੰਦਰ ਜੀ ਨੇ ਬਾਲਕਾਂ ਨੂੰ ਬਹੁਤ ਪਿਆਰ ਕੀਤਾ ਅਤੇ ਅਸੀਸਾਂ ਦਿੱਤੀਆਂ। ਬਾਲਮੀਕ ਰਿਸ਼ੀ ਜੀ ਦਾ ਵੀ ਬਹੁਤ ਉਪਕਾਰ ਮੰਨਿਆ। ਇਸ ਤੋਂ ਪਤਾ ਲੱਗਦਾ ਹੈ ਕਿ 'ਲਵ' ਅਤੇ 'ਕੁਸ਼' ਬਾਲਮੀਕ ਰਿਸ਼ੀ 'ਗੁਰਮੁਖਿ' ਦੇ ਸੰਗ ਵਿੱਚ ਰਹਿਕੇ ਅਤੇ ਸਿੱਖਿਆ ਪ੍ਰਾਪਤ ਕਰਕੇ 'ਗੁਰਮੁਖਿ' ਪਦਵੀ ਨੂੰ ਪ੍ਰਾਪਤ ਹੋਏ। ਉਹ ਅਜਿਹਾ ਕੀਰਤਨ ਕਰਦੇ ਸਨ ਜਿਸਨੂੰ ਸ੍ਰਵਣ ਕਰਕੇ 'ਜੜ੍ਹ ਪਦਾਰਥ' ਚੇਤਨ ਅਤੇ 'ਚੇਤਨ ਜੀਵ' ਜੜ੍ਹ ਹੋ ਜਾਂਦੇ ਸਨ। ਇਸ ਨੂੰ ਕਿਹਾ ਹੈ ਕਿ–

**ਗੁਰਮੁਖਿ ਕੀਰਤਨੁ ਗਾਏ ਜੀਉ॥**

**ਦ੍ਰਿਸ਼ਟਾਂਤ (੨) –** ਸ੍ਰੀ ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਦੀ ਵਡਿਆਈ ਕੀਰਤਨ ਗਾਇਨ ਕਰਕੇ ਹੀ ਪ੍ਰਗਟ ਕਰਿਆ ਕਰਦੇ ਸਨ। ਜਦੋਂ ਵੀ ਦਰਗਾਹੋਂ ਬਾਣੀ ਆਉਂਦੀ ਸੀ ਤਾਂ ਰਬਾਬੀ ਸਾਥੀ ਭਾਈ ਮਰਦਾਨੇ ਨੂੰ ਕਿਹਾ ਕਰਦੇ ਸਨ ਕਿ ਭਾਈ ਮਰਦਾਨਿਆਂ ਰਬਾਬ ਛੇੜ, ਬਾਣੀ ਆਈ ਹੈ। ਗੁਰੂ ਜੀ ਦੇ ਇਲਾਹੀ ਕੀਰਤਨ ਨੂੰ ਸੁਣਕੇ ਨਾ ਸਿਰਫ ਮਨੁੱਖ ਹੀ ਬਲਕਿ ਪਸ਼ੂ, ਪੰਛੀ ਅਤੇ ਬਨਸਪਤੀ ਵੀ ਇਕਾਗਰ ਚਿੱਤ ਹੋ ਜਾਂਦੀ ਸੀ। ਸ੍ਰੀ ਗੁਰੂ ਜੀ ਦੇ ਕੀਰਤਨ ਦੀ ਮਹਿਮਾ ਬੇਅੰਤ ਹੈ, ਅਕੱਥ ਹੈ, ਅਲੇਖ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਾਰੀ ਬਾਣੀ ਦਾ ਗਾਇਨ (ਕੀਰਤਨ) ਰਾਗਾਂ ਦੇ ਅਧਾਰ ਤੇ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਰਾਗ ਵਿੱਦਿਆ ਦੁਆਰਾ ਕੀਰਤਨ ਕਰਨ ਦੀ ਬਖਸ਼ਿਸ਼ ਕੀਤੀ ਸੀ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਸੱਤਾ ਅਤੇ ਬਲਵੰਡ ਦੋਵੇਂ ਹਜ਼ੂਰੀ ਰਬਾਬੀ, ਹੰਕਾਰ ਵਿੱਚ ਆ ਗਏ ਸਨ। ਉਹ ਰਬਾਬੀ ਸ੍ਰੀ ਦਰਬਾਰ ਸਾਹਿਬ ਵਿਖੇ ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਦਾ ਕੀਰਤਨ ਕਰਿਆ ਕਰਦੇ ਸਨ। ਇੱਕ ਵਾਰ ਉਨ੍ਹਾਂ ਨੂੰ ਆਪਣੀ ਸਪੁੱਤਰੀ ਦਾ ਵਿਆਹ ਕਰਨ ਲਈ, ਕੁੱਝ ਧਨ ਦੀ ਲੋੜ ਪੈ ਗਈ। ਉਨ੍ਹਾਂ ਨੇ ਗੁਰੂ ਸਾਹਿਬ ਜੀ ਕੋਲ ਬੇਨਤੀ ਕੀਤੀ। ਗੁਰੂ

ਮਹਾਰਾਜ ਨੇ ਕਿਹਾ ਕਿ ਸਤਿਗੁਰੂ ਮਹਾਰਾਜ ਭਲੀ ਕਰੇਗਾ, ਨਿਸਚਾ ਰੱਖ ਕੇ ਸੇਵਾ ਕਰਦੇ ਰਹੋ, ਤੁਹਾਡਾ ਕਾਰਜ ਪੂਰਾ ਹੋ ਜਾਵੇਗਾ। ਕਲ੍ਹ ਨੂੰ ਜਿੰਨੀ ਵੀ ਭੇਟਾ ਦਰਬਾਰ ਸਾਹਿਬ ਵਿੱਚ ਚੜ੍ਹੇਗੀ ਸੋ ਸਾਰੀ ਤੁਹਾਨੂੰ ਹੀ ਦੇ ਦਿੱਤੀ ਜਾਵੇਗੀ। ਕੁਦਰਤ ਰੱਬ ਦੀ ਐਸੀ ਹੋਈ ਕਿ ਅਗਲੇ ਦਿਨ ਭੇਟਾ ਪਹਿਲਾਂ ਨਾਲੋਂ ਬਹੁਤ ਥੋੜ੍ਹੀ ਆਈ ਜੋ ਸ੍ਰੀ ਗੁਰੂ ਜੀ ਨੇ ਆਪਣੇ ਵਚਨ ਅਨੁਸਾਰ ਉਨ੍ਹਾਂ ਨੂੰ ਦੇ ਦਿੱਤੀ ਪ੍ਰੰਤੂ ਭੇਟਾ ਅਤੀ ਘੱਟ ਦੇਖਕੇ ਉਨ੍ਹਾਂ ਦੇ ਮਨ ਵਿੱਚ ਬਹੁਤ ਰੋਸ਼ ਪੈਦਾ ਹੋ ਗਿਆ। ਹੰਕਾਰ-ਮੱਤੇ ਅਗਲੇ ਦਿਨ ਦਰਬਾਰ ਵਿੱਚ ਹਾਜ਼ਰ ਨਾ ਹੋਏ ਅਤੇ ਸੋਚਣ ਲੱਗੇ ਕਿ ਸਾਡੇ ਕੀਰਤਨ ਦੇ ਕਾਰਨ ਹੀ ਗੁਰੂ ਮਹਾਰਾਜ ਜੀ ਕੋਲ ਸੰਗਤ ਆਉਂਦੀ ਹੈ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਕੀਰਤਨ ਦੇ ਅਤਿਅੰਤ ਪ੍ਰੇਮੀ ਸਨ। ਆਪ ਨੇ ਇਨ੍ਹਾਂ ਰਬਾਬੀਆਂ ਨੂੰ ਬੁਲਾਉਣ ਲਈ ਇੱਕ ਸਿੱਖ ਭੇਜਿਆ ਪਰ ਉਹ ਨਾ ਆਏ। ਦੋ ਤਿੰਨ ਵਾਰ ਇਵੇਂ ਹੋਇਆ ਪ੍ਰੰਤੂ ਉਨ੍ਹਾਂ ਦੀ ਬੁੱਧੀ ਭਰਿਸ਼ਟ ਹੋ ਗਈ ਸੀ। ਆਖਰ, ਦਇਆਲੂ ਗੁਰੂ ਜੀ, ਉਨ੍ਹਾਂ ਕੋਲ ਆਪ ਚੱਲ ਕੇ ਗਏ ਅਤੇ ਉਨ੍ਹਾਂ ਦੇ ਘਰ ਦੀ ਡਿਉਡੀ ਵਿੱਚ ਖੜ੍ਹੇ ਹੋ ਕੇ, ਉਨ੍ਹਾਂ ਨੂੰ ਅੰਦਰੋਂ ਬੁਲਾਇਆ।

ਜਿਨ੍ਹਾਂ ਗੁਰੂ ਜਨਾਂ ਦੇ ਦਰਸ਼ਨਾਂ ਨੂੰ ਰਿਸ਼ੀ, ਮੁਨੀ ਅਤੇ ਦੇਵਤੇ ਲੋਚਦੇ ਰਹਿੰਦੇ ਹਨ, ਅੱਜ ਉਹ ਗੁਰੂ ਪ੍ਰਤੱਖ ਰੂਪ ਵਿੱਚ, ਉਨ੍ਹਾਂ ਹੰਕਾਰੀ ਰਬਾਬੀਆਂ ਦੇ ਘਰ ਚੱਲ ਕੇ ਆਏ ਹੋਏ ਬਾਹਰ ਖੜ੍ਹੇ ਹਨ। ਫਿਰ ਵੀ ਉਹ ਅਭਿਮਾਨੀ ਆਪਣੇ ਪਲੰਘਾਂ ਉੱਪਰ ਬੈਠੇ ਰਹੇ ਅਤੇ ਘਰ ਆਏ ਗੁਰੂ ਜੀ ਨੂੰ ਥੋੜ੍ਹਾ ਜਿਹਾ ਵੀ ਆਦਰ ਸਤਿਕਾਰ ਨਾਲ ਨਾ ਮਿਲੇ। ਬਲਿਹਾਰ! ਸੱਚੇ ਪਾਤਿਸ਼ਾਹ ਦੇ ਚਰਨਾਂ ਤੋਂ, ਜੋ ਸ਼ਾਂਤੀ ਦੇ ਪੁੰਜ ਸਨ ਅਤੇ ਮਾਨ-ਅਪਮਾਨ ਤੋਂ ਕਿੰਨਾ ਉੱਪਰ। ਤਿਨ੍ਹਾਂ ਨੇ ਆਪ ਹੀ ਦਇਆ ਤੇ ਖਿਮਾ ਦੇ ਬਚਨ ਕਹੇ ਕਿ ਹੇ ਪਿਆਰਿਓ! ਗੁਰੂ ਦਾ ਭੰਡਾਰ ਅਤੁੱਟ ਹੈ, ਤੁਹਾਨੂੰ ਜੋ ਕੁੱਝ ਵੀ ਚਾਹੀਦਾ ਹੈ, ਮਿਲੇਗਾ ਸਿਰਫ ਨਿਸਚਾ ਰੱਖੋ ਤੇ ਚੱਲ ਕੇ ਕੀਰਤਨ ਕਰੋ।ਸਤਿਗੁਰੂ ਤੁਹਾਡੀ ਕਾਮਨਾ ਪੂਰੀ ਜ਼ਰੂਰ ਕਰਨਗੇ। ਪ੍ਰੰਤੂ ਉਹ ਤਾਂ ਗੁਰੂਆਂ ਪ੍ਰਤੀ ਮੰਦੇ ਵਚਨ ਬੋਲਣ ਲੱਗ ਪਏ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਖਿਮਾ ਧਾਰਣ ਕਰਕੇ, ਉਨ੍ਹਾਂ ਦੇ ਕੁਬੋਲ ਸੁਣਦੇ ਰਹੇ। ਆਖਰ ਜਦੋਂ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ

ਜੀ ਦੀ ਨਿੰਦਾ, ਇਹ ਕਹਿਕੇ ਕੀਤੀ ਕਿ ਜੇਕਰ ਭਾਈ ਮਰਦਾਨਾ ਜੀ 'ਰਬਾਬੀ' ਬਾਬੇ ਨਾਨਕ ਦੇ ਨਾਲ ਨਾ ਹੁੰਦੇ ਤਾਂ ਗੁਰੂ ਨਾਨਕ ਨੂੰ ਕਿਸਨੇ ਪਛਾਨਣਾ ਸੀ? ਇਹ ਤਾਂ ਸਾਡੇ ਰਬਾਬੀਆਂ ਦੇ ਵੱਸ ਹੀ ਹੁੰਦਾ ਹੈ ਕਿ ਅਸੀਂ ਵਡਿਆਈ ਕਰਕੇ ਕਿਸੇ ਨੂੰ ਭੀ ਗੁਰੂ ਬਣਾ ਦੇਈਏ। ਅਜਿਹੇ ਹੰਕਾਰ ਭਰੇ ਮੰਦੇ ਬੋਲ ਸੁਣਕੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵੱਡੇ ਗੁਰੂਆਂ ਦੀ ਨਿੰਦਾ ਨਾ ਸਹਾਰ ਸਕੇ।

ਸ੍ਰੀ ਗੁਰੂ ਜੀ ਨੇ ਬਚਨ ਕਰ ਦਿੱਤਾ ਕਿ ਤੁਸੀਂ ਗੁਰੂ ਨਿੰਦਕ ਹੋ, ਤੁਹਾਡਾ ਸਾਰਾ ਸਰੀਰ ਕੋੜ੍ਹੀ ਹੋਵੇਗਾ, ਕੋਈ ਵੀ ਸਿੱਖ ਤੁਹਾਡੇ ਮੂੰਹ ਨਹੀਂ ਲੱਗੇਗਾ ਅਤੇ ਨਾ ਹੀ ਕੋਈ ਤੁਹਾਡੀ ਸਿਫਾਰਿਸ਼ ਕਰੇਗਾ। ਇਉਂ ਕਹਿ ਕੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਹਰਿਮੰਦਰ ਸਾਹਿਬ ਵਾਪਿਸ ਆ ਗਏ। ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਹੁਕਮ ਕੀਤਾ ਕਿ ਜੇ ਕੋਈ ਉਨ੍ਹਾਂ ਨੂੰ ਮੂੰਹ ਲਾਏਗਾ ਜਾਂ ਉਨ੍ਹਾਂ ਦੀ ਸਿਫਾਰਿਸ਼ ਕਰੇਗਾ ਤਾਂ ਉਸਦਾ ਮੂੰਹ ਕਾਲਾ ਕਰਕੇ, ਗਲ ਵਿੱਚ ਜੁੱਤੀਆਂ ਦਾ ਹਾਰ ਪਾ ਕੇ ਖੋਤੇ ਤੇ ਬਿਠਾਇਆ ਜਾਵੇਗਾ। ਉਪ੍ਰੰਤ ਸਾਰੇ ਸ਼ਹਿਰ ਵਿੱਚ ਘੁਮਾਇਆ ਜਾਵੇਗਾ। ਇਸ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਵਰਦਾਨ ਦਿੱਤਾ ਕਿ ਹੁਣ ਇਹ ਕੀਰਤਨ ਤੁਸੀਂ ਆਪ ਕਰੋ। ਸਿੱਖਾਂ ਨੇ ਗੁਰੂ ਜੀ ਦੇ ਹੁਕਮ ਅਨੁਸਾਰ ਜਿਵੇਂ ਹੀ ਕੀਰਤਨ ਕਰਨਾ ਸ਼ੁਰੂ ਕੀਤਾ ਤਾਂ ਆਪਣੇ-ਆਪ ਹੀ ਉਨ੍ਹਾਂ ਨੂੰ ਰਾਗ ਵਿੱਦਿਆ ਦੀ ਬਖਸ਼ਿਸ਼ ਹੋ ਗਈ । ਗੁਰੂ ਕ੍ਰਿਪਾ ਨਾਲ ਸਿੱਖਾਂ ਨੇ ਅਤੀ ਅਨੰਦ ਦਾਇਕ ਕੀਰਤਨ ਕੀਤਾ। ਕੀਰਤਨ ਕਰਣ ਦੀ ਇਸ ਅਨਮੋਲ ਦਾਤ ਦਾ ਪ੍ਰਸਾਰਣ ਨਿਰੰਤਰ ਅੱਜ ਤੱਕ ਗੁਰੂ ਕ੍ਰਿਪਾ ਸਦਕਾ, ਗੁਰਸਿਖਾਂ ਦੁਆਰਾ ਸਾਰੀ ਲੋਕਾਈ ਵਿੱਚ ਕੀਤਾ ਜਾ ਰਿਹਾ ਹੈ।

ਰਬਾਬੀਆਂ ਦਾ ਪ੍ਰਸੰਗ ਤਾਂ ਬਹੁਤ ਵੱਡਾ ਹੈ ਪ੍ਰੰਤੂ ਸਾਰ ਇਹ ਹੈ ਕਿ ਰਬਾਬੀ, ਗੁਰੂ ਜੀ ਦੇ ਉਪ੍ਰੋਕਤ ਬਚਨਾਂ ਤੋਂ ਬਾਅਦ ਕੋਹੜੀ ਹੋ ਗਏ। ਉਨ੍ਹਾਂ ਕੋਲ ਕੋਈ ਵੀ ਨਹੀਂ ਸੀ ਜਾਂਦਾ। ਜੇ ਇਤਫਾਕ ਨਾਲ ਰਸਤੇ ਵਿੱਚ ਕੋਈ ਸਿੱਖ ਮਿਲ ਵੀ ਪੈਂਦਾ ਤਾਂ ਗੁਰੂ ਫਿਟਕਾਰਿਆਂ ਤੋਂ ਮੂੰਹ ਫੇਰ ਕੇ ਲੰਘ ਜਾਂਦਾ ਸੀ। ਇਉਂ ਉਹ ਰਬਾਬੀ ਥੋੜ੍ਹੇ ਹੀ ਸਮੇਂ ਵਿੱਚ ਅਤੀ ਦੁਖੀ ਹੋ ਗਏ। ਬਹੁਤ

ਪਛਤਾਵਾ ਕਰਦੇ ਹੋਏ, ਸਿੱਖਾਂ ਨੂੰ ਬੇਨਤੀਆਂ ਕਰਨ ਲੱਗ ਪਏ ਕਿ ਸਤਿਗੁਰਾਂ ਤੋਂ ਸਾਡਾ ਗੁਨਾਹ ਬਖਸ਼ਾ ਦੇਵੋ ਪਰ ਕਿਸੇ ਨੇ ਵੀ ਹਿੰਮਤ ਨਾ ਕੀਤੀ। ਆਖਰ ਉਹ ਰਬਾਬੀ, ਲਾਹੌਰ ਨਿਵਾਸੀ ਸਿੱਖ 'ਭਾਈ ਲੱਧਾ' ਜੀ ਕੋਲ ਗਏ ਅਤੇ ਉਸ ਨੂੰ ਇਹ ਬੇਨਤੀ ਕੀਤੀ। ਬਹੁਤ ਵਿਚਾਰ ਕਰਨ ਤੋਂ ਬਾਅਦ ਭਾਈ ਲੱਧਾ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ। ਉਨ੍ਹਾਂ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚੱਲ ਪਿਆ। ਸ੍ਰੀ ਅੰਮ੍ਰਿਤਸਰ ਪਹੁੰਚ ਕੇ ਗੁਰੂ ਮਹਾਰਾਜ ਜੀ ਦੇ ਦਰਬਾਰ ਵਿੱਚ ਪਹੁੰਚਣ ਤੋਂ ਪਹਿਲਾਂ ਭਾਈ ਲੱਧਾ ਨੇ ਆਪਣਾ ਮੂੰਹ ਕਾਲਾ ਕਰਕੇ ਗਲ ਵਿੱਚ ਜੁੱਤੀਆਂ ਦਾ ਹਾਰ ਪਾ ਲਿਆ ਅਤੇ ਗਧੇ ਤੇ ਚੜ੍ਹ ਗਿਆ। ਉਸੇ ਹਾਲਤ ਵਿੱਚ ਸ੍ਰੀ ਗੁਰੂ ਜੀ ਦੇ ਸਨਮੁੱਖ ਪਹੁੰਚ ਕੇ, ਨਿੰਮਰਤਾ ਸਹਿਤ ਉਨ੍ਹਾਂ ਰਬਾਬੀਆਂ ਨੂੰ ਬਖਸ਼ਣ ਲਈ ਬੇਨਤੀ ਕੀਤੀ। ਸ੍ਰੀ ਗੁਰੂ ਜੀ ਨੇ ਜਦੋਂ ਭਾਈ ਲੱਧੇ ਨੂੰ ਉਪਕਾਰ ਕਰਨ ਵਾਸਤੇ ਅਜਿਹਾ ਕਰਦੇ ਦੇਖਿਆ ਤਾਂ ਫੁਰਮਾਇਆ ਕਿ ਹੇ ਭਾਈ ਲੱਧਾ! ਤੂੰ ਧੰਨ ਹੈਂ, ਕੋਈ ਵਿਰਲਾ ਹੀ ਤੇਰੇ ਵਰਗਾ ਉਪਕਾਰੀ ਹੋਵੇਗਾ। ਇਨ੍ਹਾਂ ਰਬਾਬੀਆਂ ਪ੍ਰਤੀ ਸਾਡਾ ਇਹੀ ਕਹਿਣਾ ਹੈ ਕਿ ਜਿਸ ਮੂੰਹ ਨਾਲ ਇਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿੰਦਾ ਕੀਤੀ ਹੈ, ਉਸੇ ਮੂੰਹ ਨਾਲ ਜੇਕਰ ਹੁਣ ਉਨ੍ਹਾਂ ਦੀ ਉਸਤਤੀ ਕਰਨਗੇ ਤਾਂ ਇਨ੍ਹਾਂ ਦੇ ਦੁੱਖ ਦੂਰ ਹੋ ਜਾਣਗੇ। ਫਿਰ ਸੱਤੇ ਅਤੇ ਬਲਵੰਡ ਨੇ ਸਤਿਗੁਰੂ ਜੀ ਦੀ ਉਸਤਤੀ ਵਿੱਚ ਕੁੱਝ ਪਉੜੀਆਂ ਦਾ ਉਚਾਰਣ ਕੀਤਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਰਾਮਕਲੀ ਰਾਗ ਵਿੱਚ ਦਰਜ ਹਨ। ਇਉਂ ਗੁਰੂ ਸਾਹਿਬਾਨਾਂ ਦੀ ਉਸਤਤੀ ਗਾਇਣ ਕਰਨ ਤੋਂ ਬਾਅਦ, ਉਨ੍ਹਾਂ ਰਬਾਬੀਆਂ ਦੇ ਸ਼ਰੀਰਕ ਅਤੇ ਮਾਨਸਿਕ ਦੁੱਖ ਦੂਰ ਹੋ ਗਏ।

ਪਹਿਲੇ ਸਮਿਆਂ ਵਿੱਚ ਰਾਗ ਦੀ ਸ਼ਕਤੀ ਬਾਰੇ ਜ਼ਿਕਰ ਆਉਂਦਾ ਹੈ ਕਿ ਦੀਵੇ ਵਿੱਚ ਤੇਲ ਤੇ ਬੱਤੀ ਪਾਕੇ ਰੱਖ ਦੇਣੇ ਤੇ ਦੀਪਕ ਰਾਗ ਦਾ ਗਾਇਨ ਕਰਨ ਨਾਲ, ਸਭ ਦੀਵੇ ਆਪੇ ਹੀ ਜਗਣ ਲੱਗ ਪੈਂਦੇ ਸਨ। ਇਸੇ ਤਰ੍ਹਾਂ ਮਲਾਰ ਰਾਗ ਗਾਉਣ ਨਾਲ ਬਰਸਾਤ ਪੈ ਜਾਂਦੀ ਸੀ। ਬਸੰਤ ਰਾਗ ਨੂੰ ਗਾਉਣ ਨਾਲ ਸੁੱਕੇ ਪੇੜ-ਪੌਦੇ ਅਤੇ ਪ੍ਰਾਣੀਆਂ ਦੇ ਸੁੱਕੇ ਹਿਰਦੇ ਹਰੇ ਹੋ ਜਾਂਦੇ ਸਨ। ਭਗਤ ਕਬੀਰ ਸਾਹਿਬ ਜੀ ਨੂੰ ਗਉੜੀ ਰਾਗ ਬਹੁਤ ਪਿਆਰਾ ਲੱਗਦਾ

ਸੀ ਤੇ ਉਸ ਨੂੰ ਗਾਕੇ ਉਹ ਮਸਤ ਹੋਏ ਰਹਿੰਦੇ ਸਨ। ਮੀਰਾ ਬਾਈ ਦਾ ਵੀ ਕੀਰਤਨ ਵਿੱਚ ਐਸਾ ਪ੍ਰੇਮ ਸੀ ਕਿ ਗਾਉਣ ਵਕਤ ਉਸ ਨੂੰ ਆਪਣੇ ਸ਼ਰੀਰ ਦੀ ਵੀ ਸੁੱਧ ਨਹੀਂ ਸੀ ਰਹਿੰਦੀ। ਨਰਸੀ ਭਗਤ ਜੀ ਨੂੰ ਕੇਦਾਰਾ ਰਾਗ ਅਤੀ ਪਿਆਰਾ ਲੱਗਦਾ ਸੀ। ਉਹ ਜਦੋਂ ਪ੍ਰੇਮ ਨਾਲ ਕੀਰਤਨ ਕਰਦੇ ਸਨ ਤਾਂ ਭਗਵਾਨ ਜੀ ਦੀ ਮੂਰਤੀ ਦੇ ਗਲੋਂ, ਫੁੱਲਾਂ ਦੀ ਮਾਲਾ ਉੱਤਰ ਕੇ, ਆਪਣੇ ਆਪ ਹੀ ਨਰਸੀ ਭਗਤ ਦੇ ਗਲ ਵਿੱਚ ਪੈ ਜਾਂਦੀ ਸੀ। ਇੱਕ ਵਾਰ ਨਰਸੀ ਭਗਤ ਦੇ ਪਾਸ ਕੁੱਝ ਸਾਧੂ ਜਨ ਆ ਗਏ, ਜਿਨ੍ਹਾਂ ਵਾਸਤੇ ਕੁੱਛ ਰਾਸ਼ਣ, ਮੋਦੀ (ਰਾਸ਼ਣ ਦਾ ਵਪਾਰੀ) ਤੋਂ ਉਧਾਰ ਲੈਣ ਗਿਆ ਪਰ ਮੋਦੀ ਨੇ ਕਿਹਾ ਕਿ ਪਹਿਲਾਂ ਕੇਦਾਰਾ ਰਾਗ ਮੇਰੇ ਪਾਸ ਗਿਰਵੀ ਰੱਖ ਤਾਂ ਮੈਂ ਰਾਸ਼ਣ ਦੇਵਾਂਗਾ। ਲਾਚਾਰ ਹੋ ਕੇ ਨਰਸੀ ਭਗਤ ਨੇ ਕੇਦਾਰਾ ਰਾਗ ਨੂੰ ਗਿਰਵੀ ਰੱਖ ਦਿੱਤਾ ਅਤੇ ਰਾਸ਼ਣ ਲਿਆ ਕੇ ਸੰਤਾਂ ਨੂੰ ਛਕਾਇਆ। ਇਸਤੋਂ ਬਾਅਦ ਨਰਸੀ ਤੋਂ ਕੇਦਾਰਾ ਗਾਉਣਾ ਬੰਦ ਹੋ ਗਿਆ। ਕਿਸੇ ਦੁਸ਼ਟ ਨੇ ਬਾਦਸ਼ਾਹ ਕੋਲ ਜਾਕੇ ਚੁਗਲੀ ਕੀਤੀ ਕਿ ਅਸੀਂ ਨਰਸੀ ਭਗਤ ਬਾਰੇ ਇੱਕ ਗੱਲ ਸੁਣੀ ਹੈ ਕਿ ਕੇਦਾਰਾ ਰਾਗ ਗਾਉਣ ਕਰਕੇ, ਭਗਵਾਨ ਜੀ ਦੀ ਮਾਲਾ ਉੱਤਰਕੇ, ਉਸਦੇ ਗਲ ਵਿੱਚ ਪੈ ਜਾਂਦੀ ਹੈ। ਸੋ ਤੁਸੀਂ ਚੱਲ ਕੇ ਪ੍ਰਤੱਖ ਦੇਖੋ, ਜੇ ਐਸਾ ਨਾ ਹੋਇਆ ਤਾਂ ਨਰਸੀ ਭਗਤ ਨੂੰ ਝੂਠਾ ਅਤੇ ਪਖੰਡੀ ਸਮਝ ਲੈਣਾ ਚਾਹੀਦਾ ਹੈ।

ਬਾਦਸ਼ਾਹ, ਚੁਗਲ ਦੇ ਕਹਿਣੇ ਅਨੁਸਾਰ ਨਰਸੀ ਕੋਲ ਆਇਆ ਤੇ ਉਸ ਨੂੰ ਕੇਦਾਰਾ ਰਾਗ ਗਾਉਣ ਲਈ ਕਿਹਾ। ਇੱਧਰ ਭਗਵਾਨ ਨੇ ਭਗਤ ਦੀ ਪੈਜ ਰੱਖਣ ਲਈ, ਇੱਕ ਨੌਕਰ ਦਾ ਰੂਪ ਧਾਰਨ ਕੀਤਾ ਅਤੇ ਮੋਦੀ ਨੂੰ ਰਾਸ਼ਣ ਦੀ ਕੀਮਤ ਦੇਕੇ ਕੇਦਾਰਾ ਰਾਗ ਛੁਡਵਾ ਦਿੱਤਾ। ਉੱਧਰ ਨਰਸੀ ਭਗਤ ਦੇ ਗਾਉਣ ਦੀ ਹੀ ਦੇਰ ਸੀ ਤਾਂ ਭਗਵਾਨ ਦੀ ਮੂਰਤੀ ਤੋਂ ਫੁੱਲਾਂ ਦੀ ਮਾਲਾ ਉੱਤਰ ਕੇ ਭਗਤ ਦੇ ਗਲੇ ਵਿੱਚ ਆ ਪਈ। ਬਾਦਸ਼ਾਹ ਇਹ ਅਸਚਰਜ ਘਟਨਾ ਦੇਖ ਕੇ ਭਗਤ ਜੀ ਦੇ ਚਰਨਾਂ ਤੇ ਡਿੱਗ ਪਿਆ ਅਤੇ ਮੁਆਫੀ ਮੰਗਣ ਲੱਗਿਆ। ਇਉਂ ਪ੍ਰਮਾਤਮਾ ਨੇ ਆਪਣੇ ਭਗਤ ਦੀ ਪੈਜ ਰੱਖੀ ਅਤੇ ਨਿੰਦਕਾਂ ਦਾ ਮੂੰਹ ਕਾਲਾ ਹੋਇਆ। ਬਾਦਸ਼ਾਹ ਨੇ ਉਸ ਚੁਗਲਖੋਰ

ਨਿੰਦਕ ਨੂੰ ਯੋਗ ਸਜ਼ਾ ਦਿੱਤੀ। ਜਿਵੇਂ ਕਿ ਗੁਰੂ ਵਾਕ ਹੈ-

**ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥**
**ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥**
**ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥**
**ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥**

**ਅਰਥ**- ਪ੍ਰਮਾਤਮਾ ਨੇ ਹਰੇਕ ਯੁੱਗ ਵਿੱਚ ਆਪਣੇ ਭਗਤ ਪੈਦਾ ਕੀਤੇ ਅਤੇ ਉਨ੍ਹਾਂ ਦੀ ਪੈਜ ਰੱਖੀ। ਦੁਸ਼ਟ ਰਾਜਾ ਹਰਨਾਖਸ਼ ਦਾ ਬਧ ਕੀਤਾ ਅਤੇ ਆਪਣੇ ਭਗਤ ਪ੍ਰਹਿਲਾਦ ਦਾ ਉਧਾਰ ਕੀਤਾ। ਅਹੰਕਾਰੀਆਂ ਅਤੇ ਨਿੰਦਕਾਂ ਵੱਲੋਂ ਮੂੰਹ ਮੋੜਕੇ, ਨਾਮਦੇਵ ਭਗਤ ਨੂੰ ਸਨਮੁਖ ਕੀਤਾ। ਸ੍ਰੀ ਗੁਰੂ ਜੀ ਕਹਿੰਦੇ ਕਿ ਅਸੀਂ ਵੀ ਅਜਿਹਾ ਪ੍ਰਭੂ ਅਰਾਧਿਆ ਹੈ ਜਿਹੜਾ ਅੰਤ ਨੂੰ ਅੰਤ ਤੋਂ ਛੁਡਾਕੇ ਜਨਮ-ਮਰਨ ਦੇ ਗੇੜ ਦਾ ਅੰਤ ਕਰ ਦਿੰਦਾ ਹੈ ਯਾਨੀ ਮੁਕਤ ਕਰ ਦਿੰਦਾ ਹੈ। ਅਜਿਹੀ ਕੀਰਤਨ ਦੀ ਵਿਧੀ ਹਰ ਕਿਸੇ ਨੂੰ ਨਹੀਂ ਆਉਂਦੀ ਅਤੇ ਜੋ ਵੀ 'ਗੁਰਮੁਖਿ' ਹੋ ਕੇ ਅਜਿਹਾ ਕੀਰਤਨ ਕਰੇਗਾ, ਉਸੇ ਨੂੰ ਹੀ ਅਜਿਹੀ ਪਦਵੀ ਪ੍ਰਾਪਤ ਹੋਵੇਗੀ।

ਸੋ ਇਹ ਹੈ- **ਗੁਰਮੁਖਿ ਕੀਰਤਨੁ ਗਾਏ ਜੀਉ ॥**

ਇਉਂ ਸ੍ਰੀ ਗੁਰੂ ਸਾਹਿਬ ਜੀ ਨੇ ਉਪਰੋਕਤ ਅਸਟਪਦੀ ਵਿੱਚ 24 ਪ੍ਰਸ਼ਨਾਂ ਦੇ ਉੱਤਰ ਦੇਕੇ 'ਗੁਰਮੁਖਿ' ਪਦਵੀ ਦੀ ਮਹਾਨਤਾ ਦਰਸਾਈ ਹੈ। ਸਾਰੇ ਪ੍ਰਾਣੀਆਂ ਨੂੰ ਇਹ ਗੁਰਮੁਖਤਾ ਵਾਲੀ ਪਦਵੀ ਪ੍ਰਾਪਤ ਕਰਕੇ, ਮਨੁੱਖਾ ਜਨਮ ਸਫਲਾ ਕਰਨ ਦੀ ਪ੍ਰੇਰਣਾ ਦਿੱਤੀ ਹੈ। ਅਸਟਪਦੀ ਦੀ ਸਮਾਪਤੀ ਕਰਨ ਵੇਲੇ ਸਤਿਗੁਰਾਂ ਨੇ ਜੋ ਸਾਰ ਰੂਪ ਵਿੱਚ ਉਪਦੇਸ਼ ਕੀਤਾ ਸੋ ਇਸ ਪ੍ਰਕਾਰ ਹੈ-

**ਸਗਲੀ ਬਣਤ ਬਣਾਈ ਆਪੇ ॥ ਆਪੇ ਕਰੇ ਕਰਾਏ ਥਾਪੇ ॥**
**ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ ॥**

ਇਹ ਗੁਰਮੁਖਾਂ ਦੀ ਰਹਿਣੀ ਪ੍ਰਮੇਸ਼ਰ ਆਪੇ ਹੀ ਬਣਾਉਂਦਾ ਹੈ। ਉਹ ਆਪੇ ਹੀ ਉਨ੍ਹਾਂ ਨੂੰ ਜਗਤ ਵਿੱਚ ਪ੍ਰਗਟ ਕਰਦਾ ਹੈ ਅਤੇ ਆਪੇ ਹੀ ਉਨ੍ਹਾਂ ਤੋਂ ਸਭ ਕਰਮ ਕਰਾਉਂਦਾ ਤੇ ਜਗਤ ਦਾ ਭਲਾ ਕਰਦਾ ਹੈ। ਆਪ ਹੀ ਉਨ੍ਹਾਂ ਨੂੰ

ਸਥਾਪਨ ਕਰਦਾ ਯਾਨੀ ਉਨ੍ਹਾਂ ਗੁਰਮੁਖਾਂ ਦੀ ਰੱਖਿਆ ਕਰਦਾ ਹੈ। ਪ੍ਰਮਾਤਮਾ ਆਪਣੇ ਇੱਕ ਸਰੂਪ ਵਿੱਚੋਂ ਅਨੇਕ ਗੁਰਮੁਖਾਂ ਦੇ ਰੂਪ ਪੈਦਾ ਕਰ ਦਿੰਦਾ ਹੈ। ਸੰਸਾਰ ਦਾ ਭਲਾ ਕਰਵਾ ਕੇ, ਉਨ੍ਹਾਂ ਗੁਰਮੁਖਾਂ ਦੇ ਸਰੂਪ ਫਿਰ ਆਪਣੇ ਵਿੱਚ ਸਮਾ ਲੈਂਦਾ ਹੈ ਯਾਨੀ ਅਭੇਦ ਕਰ ਲੈਂਦਾ ਹੈ। ਇਹ ਹੈ ਗੁਰਮੁਖਾਂ ਦੀ ਮਹਿਮਾ ਅਤੇ ਉਨ੍ਹਾਂ ਉੱਤੇ ਪ੍ਰਮਾਤਮਾ ਦੀ ਕ੍ਰਿਪਾ, ਬਖਸ਼ਿਸ਼ ਅਤੇ ਦਿਆਲਤਾ। ਇੱਕ ਪ੍ਰਮੇਸ਼ਰ ਦੇ ਹੀ ਇਹ ਸਭ ਰੂਪ ਹਨ ਜਿਵੇਂ ਕਿ ਸੋਨੇ ਦੇ ਸਭ ਗਹਿਣੇ ਇੱਕ ਸੋਨੇ ਤੋਂ ਹੀ ਬਣਦੇ ਹਨ। ਆਦਿ ਵਿੱਚ ਵੀ 'ਗੁਰਮੁਖਿ' ਪ੍ਰਮਾਤਮਾ ਦਾ ਹੀ ਰੂਪ ਹੁੰਦੇ ਹਨ ਅਤੇ ਅੰਤ ਵਿੱਚ ਭੀ ਉਹ ਪ੍ਰਮਾਤਮਾ ਦਾ ਸਰੂਪ ਹੀ ਰਹਿੰਦੇ ਹਨ। ਬਾਕੀ ਮੱਧ ਵਿੱਚ ਵੀ ਉਹ 'ਗੁਰਮੁਖਿ' ਪ੍ਰਮਾਤਮਾ ਦਾ ਸਰੂਪ ਹੀ ਕਹਿਣ ਵਿੱਚ ਆਉਂਦੇ ਹਨ। ਜਿਵੇਂ ਕਿ ਕਿਹਾ ਗਿਆ ਹੈ ਕਿ ਪਹਿਲਾਂ ਵੀ ਅੰਨ ਸੀ, ਬਾਅਦ ਵਿੱਚ ਵੀ ਅੰਨ ਬਣਿਆ ਤੇ ਪੌਦੇ ਵਿੱਚੋਂ ਵੀ ਅੰਨ ਦੇ ਰੂਪ ਵਿੱਚ ਹੀ ਗੁਜ਼ਰਿਆ। ਇਸੇ ਤਰ੍ਹਾਂ ਪ੍ਰਮਾਤਮਾ ਵੀ ਹਰ ਸਮੇਂ ਹਰ ਹਾਲਤ ਅਤੇ ਹਰ ਪ੍ਰਕ੍ਰਿਆ ਵਿੱਚ ਆਪਣੇ ਸਰੂਪ ਨੂੰ ਕਾਇਮ ਰੱਖਦਾ ਹੈ। ਗੁਰਮੁਖਿ ਜਨ ਸ਼ੁਰੂ ਵਿੱਚ ਭੀ, ਅੰਤ ਵਿੱਚ ਭੀ ਅਤੇ ਵਿਚਕਾਰ ਵੀ ਪ੍ਰਮਾਤਮਾ ਦਾ ਹੀ ਰੂਪ ਹੁੰਦੇ ਹਨ। ਪ੍ਰੰਤੂ ਐਸਾ ਵਿਚਾਰਵਾਨ ਕੋਈ ਵਿਰਲਾ ਹੀ ਹੁੰਦਾ ਹੈ ਜੋ ਉਨ੍ਹਾਂ ਗੁਰਮੁਖਾਂ ਦੁਆਰਾ ਪ੍ਰਮਾਤਮਾ ਦੇ ਸਰੂਪ ਨੂੰ ਜਾਣਕੇ, ਉਹੋ ਜਿਹਾ ਹੀ ਹੋ ਜਾਂਦਾ ਹੈ।

**ਜਿਨਿ ਜਾਤਾ ਸੋ ਤਿਸ ਹੀ ਜੇਹਾ॥**

ਜਿਨ੍ਹਾਂ ਨੇ ਵੀ ਗੁਰੂ ਕ੍ਰਿਪਾ ਦੁਆਰਾ ਪ੍ਰਮੇਸ਼ਰ ਨੂੰ ਜਾਣਿਆ ਹੈ, ਉਹ ਉਸ ਵਰਗੇ ਹੀ ਹੁੰਦੇ ਹਨ ਯਾਨੀ ਉਸਦਾ ਰੂਪ ਹੀ ਹੁੰਦੇ ਹਨ।

੧

ੴ ਸਤਿਗੁਰ ਪ੍ਰਸਾਦਿ॥

# ਸੰਖੇਪ ਜੀਵਨ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ

ਨਿਰਮਲ ਆਸ਼ਰਮ ਦੇ ਬਾਨੀ ਸ੍ਰੀਮਾਨ 108 ਮਹੰਤ ਬਾਬਾ ਬੁੱਢਾ ਸਿੰਘ ਜੀ ਦਾ ਜਨਮ ਪਿੰਡ ਹੱਲੋਵਾਲ ਜਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਆਪ ਜੀ ਦੇ ਪਿਤਾ ਸ੍ਰ. ਫਤਹਿ ਸਿੰਘ ਅਤੇ ਮਾਤਾ ਸ੍ਰੀਮਤੀ ਸ਼ਾਂਤੀ ਦੇਵੀ ਜੀ ਧਾਰਮਿਕ ਵਿਚਾਰਾਂ ਵਾਲੇ ਅਤੇ ਸੰਤ-ਸੇਵੀ ਸਨ। ਆਪ ਦੋਨੋਂ ਉਸ ਸਮੇਂ ਦੇ ਪ੍ਰਸਿੱਧ, ਪੂਰਨ ਬ੍ਰਹਮਗਿਆਨੀ ਅਤੇ ਉੱਚ ਅਧਿਆਤਮਿਕ ਅਵਸਥਾ ਦੇ ਮਾਲਕ ਸ੍ਰੀਮਾਨ ਸੰਤ ਠਾਕੁਰ ਦਿਆਲ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਦੇ ਦਰਸ਼ਨ ਕਰਨ ਲਈ ਅਕਸਰ ਜਾਇਆ ਕਰਦੇ ਸਨ। ਘਰ ਵਿੱਚ ਔਲਾਦ ਦੀ ਅਣਹੋਂਦ ਕਰਕੇ ਇੱਕ ਸਮੇਂ ਉਨ੍ਹਾਂ ਨੇ ਸੰਤ ਠਾਕੁਰ ਜੀ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਅਰਦਾਸ ਕੀਤੀ ਅਤੇ ਮੰਨਤ ਵੀ ਮੰਨੀਂ ਕਿ ਪੁੱਤਰ ਦੀ ਬਖਸ਼ਿਸ਼ ਹੋਣ ਤੇ ਉਸ ਦਾਤ ਨੂੰ ਆਪ ਜੀ ਦੇ ਚਰਨਾਂ ਵਿੱਚ ਸੇਵਾ ਕਰਨ ਨਮਿੱਤ ਅਰਪਣ ਕਰ ਦਿੱਤਾ ਜਾਵੇਗਾ। ਮਹਾਂਪੁਰਖ ਮੁਸਕਰਾ ਕੇ ਬੋਲੇ ਪੁੱਤਰਾਂ ਦੇ ਖਜ਼ਾਨਿਆਂ ਦੀਆਂ ਚਾਬੀਆਂ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰੂ ਘਰ ਦੇ ਅਨਿੰਨ ਸੇਵਕ ਬਾਬਾ ਬੁੱਢਾ ਜੀ ਨੂੰ ਸੌਂਪ ਗਏ ਹਨ। ਆਗਿਆ ਕੀਤੀ ਕਿ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਕੇ ਦਰਸ਼ਨ-ਇਸ਼ਨਾਨ ਕਰੋ ਅਤੇ ਬਾਬਾ ਬੁੱਢਾ ਜੀ ਬ੍ਰਹਮਗਿਆਨੀ ਦੀ ਬੇਰ ਹੇਠ ਖੜ੍ਹੇ ਹੋ ਕੇ ਪੁੱਤਰ ਦੀ ਦਾਤ ਲਈ ਯਾਚਨਾ ਕਰੋ। ਸਤਿਗੁਰੂ ਭਲਾ ਕਰਨਗੇ! ਗੁਰੂ ਚਰਨਾਂ ਵਿੱਚ ਸ਼ਰਧਾ ਪੂਰਬਕ ਕੀਤੀ ਗਈ ਅਰਦਾਸ ਪ੍ਰਵਾਨ ਹੋਈ ਅਤੇ 1861 ਈ. ਨੂੰ ਇਕ ਵਡਭਾਗੇ ਦਿਨ ਗ੍ਰਿਹਿ ਵਿਖੇ ਇੱਕ ਹੋਣਹਾਰ ਬਾਲਕ ਦਾ ਜਨਮ ਹੋਇਆ। ਜਦੋਂ ਬਾਲਕ ਕੁਝ ਦਿਨਾਂ ਦਾ ਹੋ ਗਿਆ ਤਾਂ ਮਾਤਾ-ਪਿਤਾ ਬਾਲਕ ਨੂੰ ਉਸ ਸਮੇਂ ਦੇ ਗੱਦੀ-ਨਸ਼ੀਨ ਠਾਕੁਰ ਸੰਤ ਗੁਲਾਬ ਸਿੰਘ ਜੀ ਦੇ ਚਰਨਾ ਤੇ ਮੱਥਾ ਟਿਕਾਉਣ ਲਈ ਲੈ ਗਏ ਅਤੇ ਬੱਚੇ ਦਾ ਨਾਮ ਰੱਖਣ ਬਾਰੇ ਬੇਨਤੀ ਕੀਤੀ। ਮਹਾਂਪੁਰਖ ਕਹਿਣ ਲੱਗੇ ਭਾਈ! ਇਹ ਬਾਲਕ ਬਾਬਾ ਬੁੱਢਾ ਜੀ ਦੀ ਬਖਸ਼ਿਸ਼ ਹੈ, ਇਸ ਲਈ ਨਾਮ ਬੁੱਢਾ ਸਿੰਘ ਹੀ ਰੱਖਣਾ ਠੀਕ ਹੈ।

ਜਦੋਂ ਬਾਲਕ ਬੁੱਢਾ ਸਿੰਘ ਦੀ ਉਮਰ ਪੰਜ (5) ਕੁ ਸਾਲਾਂ ਦੀ ਹੋਈ ਤਾਂ ਮਾਤਾ-ਪਿਤਾ ਸੰਤ ਠਾਕੁਰ ਗੁਲਾਬ ਸਿੰਘ ਜੀ ਦੇ ਪਵਿੱਤਰ ਚਰਨਾਂ ਵਿੱਚ

ਬੇਨਤੀ ਕੀਤੀ ਮਹਾਰਾਜ! ਬੁੱਢਾ ਸਿੰਘ ਆਪ ਜੀ ਦੀ ਅਮਾਨਤ ਹੈ, ਸੋ ਪ੍ਰਵਾਨ ਕਰੋ। ਬੱਚੇ ਨੂੰ ਆਸ਼ੀਰਵਾਦ ਦੇਣ ਉਪ੍ਰੰਤ ਸੰਤ ਜੀ ਨੇ ਬੱਚੇ ਨੂੰ ਆਪਣੇ ਗੁਰ ਭਾਈ ਸ੍ਰੀਮਾਨ ਸੰਤ ਧਰਮ ਸਿੰਘ ਜੀ (ਸਮਾਧੀ ਵਾਲਿਆਂ) ਦੇ ਹਵਾਲੇ ਕਰਕੇ ਫੁਰਮਾਇਆ ਕਿ ਇਹ ਹੋਣਹਾਰ ਬਾਲਕ, ਗੁਰੂਆਂ ਦੀ ਬਖਸ਼ੀ ਹੋਈ ਅਮਾਨਤ ਹੈ, ਆਪਣੀ ਦੇਖ-ਰੇਖ ਵਿੱਚ ਇਸ ਦੀ ਸੰਭਾਲ ਕਰੋ ਅਤੇ ਅਪਣਾ ਸ਼ਿਸ਼ ਬਣਾਉ। ਬਾਲਕ ਨੂੰ ਦੇਖਕੇ ਸੰਤ ਧਰਮ ਸਿੰਘ ਜੀ ਨੇ ਬੱਚੇ ਦੇ ਮਾਤਾ ਪਿਤਾ ਨੂੰ ਕਿਹਾ ਕਿ ਇਸਦੀ ਉਮਰ ਅਜੇ ਜਿਆਦਾ ਛੋਟੀ ਹੈ ਸੋ ਇਸਨੂੰ ਸਾਡੀ ਅਮਾਨਤ ਸਮਝ ਕੇ ਘਰ ਲੈ ਜਾਉ ਅਤੇ ਪ੍ਰੇਮ ਸਹਿਤ ਪਾਲਣ-ਪੋਸ਼ਣ ਕਰੋ।

ਜਦੋਂ ਬਾਲਕ ਬੁੱਢਾ ਸਿੰਘ ਦੀ ਉਮਰ ਦਸ (10) ਕੁ ਸਾਲ ਦੀ ਹੋਈ ਤਾਂ ਆਗਿਆ ਅਨੁਸਾਰ ਬੱਚੇ ਨੂੰ ਸੰਤ ਧਰਮ ਸਿੰਘ ਜੀ (ਸਮਾਧੀ ਵਾਲਿਆਂ) ਦੇ ਚਰਨਾਂ ਵਿੱਚ ਲੈ ਗਏ। ਬਾਬਾ ਜੀ ਨੇ ਬਾਲਕ ਨੂੰ ਅਸ਼ੀਰਵਾਦ ਦੇ ਕੇ ਵਿੱਦਿਆ ਪੜ੍ਹਨ ਅਤੇ ਡੇਰੇ ਦੀ ਮਾਨ-ਮਰਿਆਦਾ ਸਿੱਖਣ ਵਿੱਚ ਪ੍ਰਵਿਰਤ ਕੀਤਾ। ਹੁਕਮ ਅਨੁਸਾਰ ਬਾਲਕ ਬੁੱਢਾ ਸਿੰਘ ਨੇ ਗੁਰਮੁਖੀ ਲਿਪੀ ਸਿੱਖਣ ਤੋਂ ਬਾਅਦ ਗੁਰਬਾਣੀ ਦੀ ਸੰਥਿਆ ਲੈਣੀ ਸ਼ੁਰੂ ਕੀਤੀ। ਆਸ਼ਰਮ ਦੀ ਮਾਨ-ਮਰਿਆਦਾ ਅਨੁਸਾਰ ਵੱਡਿਆਂ ਦਾ ਸਤਿਕਾਰ, ਸੰਤਾਂ ਦੀ ਸੇਵਾ ਅਤੇ ਲੰਗਰ ਤਿਆਰ ਕਰਨ ਵਿੱਚ ਥੋੜ੍ਹਾ ਬਹੁਤ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ।ਇਉਂ ਗੁਰਬਾਣੀ, ਗੁਰ-ਇਤਿਹਾਸ ਦੀ ਵਿੱਦਿਆ ਹਾਸਲ ਕਰਨ ਉਪ੍ਰੰਤ ਕਾਸ਼ੀ (ਬਨਾਰਸ) ਜਾ ਕੇ ਸੰਸਕ੍ਰਿਤ ਅਤੇ ਹਿੰਦੀ ਦੇ ਸ਼ਾਸਤ੍ਰਾਂ ਦਾ ਅਧਿਅਨ ਵੀ ਕੀਤਾ।

ਵੱਡੇ ਹੋ ਕੇ, ਆਪ ਜੀ ਕੁਸ਼ਲ ਪ੍ਰਬੰਧਕ, ਮਹਾਨ ਵਿੱਦਵਾਨ, ਉੱਚ-ਕੋਟੀ ਦੇ ਨੀਤੀਵਾਨ ਅਤੇ ਪ੍ਰਭਾਵੀ ਵਕਤਾ ਦੇ ਰੂਪ ਵਿੱਚ ਜਾਣੇ ਜਾਂਦੇ ਸਨ। ਸਾਰੇ ਗੁਣਾਂ ਵਿੱਚ ਭਰਪੂਰ ਹੋਣ ਕਰਕੇ ਹੀ ਨਿਰਮਲ ਸੰਤ ਸਮਾਜ ਵੱਲੋਂ ਆਪ ਜੀ ਨੂੰ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਦਾ ਸਕੱਤ੍ਰ ਥਾਪਿਆ ਗਿਆ। ਇਹ ਸੇਵਾ ਆਪ ਜੀ ਨੇ ਐਨੀਂ ਕੁਸ਼ਲਤਾ ਨਾਲ ਨਿਭਾਈ ਜਿਸ ਤੋਂ ਪ੍ਰਭਾਵਿਤ ਹੋ ਕੇ ਅਖਾੜੇ ਦੇ ਪ੍ਰਮੁੱਖ ਅਧਿਕਾਰੀਆਂ ਵੱਲੋਂ ਆਪ ਜੀ ਨੂੰ ਰਮਤ ਪ੍ਰਚਾਰ ਮੰਡਲੀ ਦਾ ਮੁਖੀ ਥਾਪਿਆ ਗਿਆ।ਇਹ ਮੰਡਲੀ ਦੇਸ਼-ਪ੍ਰਦੇਸ਼ ਵਿੱਚ ਭ੍ਰਮਣ ਕਰਕੇ ਗੁਰਮਤਿ ਦਾ ਪ੍ਰਚਾਰ ਕਰਿਆ ਕਰਦੀ ਹੁੰਦੀ ਸੀ। ਇਸ ਸਮੇਂ ਦੌਰਾਨ ਆਪ ਜੀ ਨੇ ਪੰਜਾਬ, ਯੂ. ਪੀ. ਅਤੇ ਵਿਸ਼ੇਸ਼ ਕਰਕੇ ਸਿੰਧ ਦੇਸ਼ ਵਿੱਚ ਗੁਰਬਾਣੀ ਦਾ ਬਹੁਤ ਪ੍ਰਚਾਰ ਕੀਤਾ ਜਿਸ ਕਰਕੇ ਬਹੁਤ ਵੱਡੀ ਗਿਣਤੀ ਵਿੱਚ ਸਿੰਧੀ ਲੋਕ ਗੁਰੂ ਘਰ ਨਾਲ ਜੁੜੇ ਅਤੇ ਗੁਰਬਾਣੀ ਦਾ ਪਾਠ, ਕੀਰਤਨ ਕਰਕੇ ਆਪਣਾ ਜੀਵਨ ਸਫਲਾ ਕਰਨ ਲੱਗੇ।

**"ਹਰਿ ਜੀ ਵਸਹਿ ਸਾਧ ਕੀ ਰਸਨਾ"**

ਦੇ ਮਹਾਂਵਾਕ ਅਨੁਸਾਰ ਆਪ ਜੀ ਦੇ ਸਹਿਜ ਸੁਭਾਅ ਕੀਤੇ ਬਚਨ ਪੂਰੇ ਹੋ ਜਾਂਦੇ ਸਨ। ਕਈ ਰੋਗੀ ਜਿਨ੍ਹਾਂ ਨੂੰ ਡਾਕਟਰਾਂ ਵੱਲੋਂ ਵੀ ਜਵਾਬ ਮਿਲ ਚੁੱਕਿਆ ਹੁੰਦਾ ਸੀ, ਉਹ ਮਹਾਂਪੁਰਖਾਂ ਵੱਲੋਂ ਕੀਤੇ ਦਿਆਲੂ ਬਚਨਾਂ ਨਾਲ ਬਿਲਕੁੱਲ ਤੰਦਰੁਸਤ ਹੋ ਜਾਂਦੇ ਸਨ। ਕਈ ਪ੍ਰੇਮੀ ਜਿਨ੍ਹਾਂ ਦੇ ਘਰ ਔਲਾਦ ਨਹੀਂ ਸੀ ਹੁੰਦੀ, ਉਨ੍ਹਾਂ ਘਰਾਂ ਨੂੰ ਆਪ ਜੀ ਦੇ ਤਰਸ ਭਰੇ ਬਚਨਾਂ ਸਦਕਾ ਪੁੱਤਰ ਦੀ ਬਖਸ਼ਿਸ਼ ਹੋਈ ਜੋ ਹੁਣ ਤੱਕ ਆਸ਼ਰਮ ਨਾਲ ਜੁੜੇ ਹੋਏ ਹਨ। ਇੱਕ ਦਿਨ ਆਪ ਜੀ ਦੇ ਮਨ ਵਿੱਚ ਵਿਚਾਰ ਆਇਆ ਕਿ ਰਿਸ਼ੀਕੇਸ਼ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਦਾ ਕੋਈ ਅਸਥਾਨ ਨਹੀਂ ਹੈ, ਚੰਗਾ ਹੋਵੇ ਜੇ ਤਪ-ਸਾਧਨਾ ਕਰ ਰਹੇ ਸਾਧੂ-ਸੰਤਾਂ ਲਈ ਲੰਗਰ ਪਾਣੀ ਅਤੇ ਰਿਹਾਇਸ਼ ਦਾ ਪ੍ਰਬੰਧ ਹੋ ਜਾਵੇ ਅਤੇ ਯਾਤਰੀ ਪ੍ਰੇਮੀਆਂ ਲਈ ਵੀ ਠਹਿਰਨ ਦਾ ਇੰਤਜਾਮ ਹੋ ਸਕੇ।

ਸੋ ਇਸ ਗੱਲ ਨੂੰ ਵਿਚਾਰ ਕੇ ਆਪ ਜੀ ਨੇ ਗੰਗਾ ਕਿਨਾਰੇ ਇੱਕ ਥਾਂ ਖਰੀਦ ਕੇ 1901 ਈ. ਦੇ ਕਰੀਬ ਸ੍ਰੀ ਨਿਰਮਲ ਆਸ਼ਰਮ ਦੀ ਨੀਂਹ ਰੱਖੀ। ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਥਾਨ ਲਈ ਇੱਕ ਕਮਰਾ ਅਤੇ ਰਹਾਇਸ਼ ਲਈ ਦੋ ਕਮਰੇ ਤਿਆਰ ਕਰਵਾਏ। ਨਾਲ ਹੀ ਖਾਲੀ ਥਾਂ ਦੀ ਚਾਰ ਦੀਵਾਰੀ ਕਰਵਾਕੇ ਉਸ ਵਿੱਚ ਸਾਧੂਆਂ ਦੇ ਠਹਿਰਨ ਲਈ ਝੌਂਪੜੀਆਂ ਬਣਵਾ ਦਿੱਤੀਆਂ ਅਤੇ ਲੰਗਰ ਦਾ ਪ੍ਰਬੰਧ ਵੀ ਕਰ ਦਿੱਤਾ।ਇਸ ਦੌਰਾਨ ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਗਈ। ਵਿਸ਼ੇਸ਼ ਕਰਕੇ ਸਿੰਧੀ ਸੰਗਤਾਂ ਵੱਡੀ ਗਿਣਤੀ ਵਿੱਚ ਆਉਣ ਲੱਗੀਆਂ। ਇਉਂ ਲੋੜ ਨੂੰ ਮੁੱਖ ਰੱਖਕੇ ਆਸ਼ਰਮ ਦਾ ਵਿਸਥਾਰ ਹੋਣ ਲੱਗਿਆ। ਏਸ ਸਮੇਂ ਦੌਰਾਨ ਹੀ ਆਪ ਜੀ ਨੇ ਕਨਖਲ (ਹਰਿਦੁਆਰ) ਵਿਖੇ ਨਿਰਮਲ ਵਿਰੱਕਤ ਕੁਟੀਆ ਦੇ ਬਿਲਕੁੱਲ ਨਜ਼ਦੀਕ ਇੱਕ ਜਗ੍ਹਾ ਖਰੀਦੀ ਅਤੇ ਉਸਦੀ ਚਾਰ ਦਿਵਾਰੀ ਕਰਕੇ, ਬਾਗ ਲਵਾਇਆ ਅਤੇ ਕੁੱਝ ਕਮਰੇ ਵੀ ਬਣਵਾਏ। ਇਹ ਸਥਾਨ ਅੱਜ ਕੱਲ੍ਹ ਨਿਰਮਲ ਬਾਗ ਦੇ ਨਾਂ ਨਾਲ ਪ੍ਰਸਿੱਧ ਹੈ। ਏਸੇ ਤਰ੍ਹਾਂ ਹੀ ਆਪ ਜੀ ਨੇ ਬਨਾਰਸ (ਕਾਸ਼ੀ) ਵਿੱਚ ਇੱਕ ਜਗ੍ਹਾ ਖਰੀਦੀ ਤਾਂ ਕਿ ਗੁਰੂ ਘਰ ਦੇ ਸੰਤ ਅਤੇ ਵਿਦਿਆਰਥੀ ਏਥੇ ਰਹਿ ਕੇ ਵਿੱਦਿਆ ਹਾਸਲ ਕਰ ਸਕਣ। ਇਸ ਅਸਥਾਨ ਦਾ ਨਾਮ ਆਪ ਜੀ ਨੇ 'ਸੰਗਤ ਗਿਆਨ ਗੁਫਾ' ਰੱਖਿਆ। ਆਪ ਜੀ ਦਾ ਇੱਕ ਆਸ਼ਰਮ ਮਸੂਰੀ ਵਿੱਚ ਵੀ ਹੈ।

ਆਪ ਜੀ ਨੇ ਘੁੰਮ ਫਿਰਕੇ ਅਨੇਕਾਂ ਗ੍ਰਿਹਸਥੀ ਲੋਕਾਂ ਨੂੰ ਭੋਗ ਮੋਖ ਦੀਆਂ

ਦਾਤਾਂ ਵੰਡੀਆਂ। ਆਪ ਜੀ ਦੀ ਚਰਨ ਛੋਹ ਪ੍ਰਾਪਤ ਕਰਕੇ ਬੇਅੰਤ ਪ੍ਰਾਣੀ ਪ੍ਰਮਾਰਥ ਦੇ ਰਾਹ ਪਏ। ਮਹੰਤ ਬੁੱਢਾ ਸਿੰਘ ਜੀ ਦੇ ਕਈ ਸੇਵਕ ਸੰਤ ਰੂਪ ਵਿੱਚ ਸਨ, ਜਿਨ੍ਹਾਂ ਵਿਚੋਂ ਵਿਸ਼ੇਸ਼ ਤੌਰ ਤੇ ਪਰਮ ਪੂਜਨੀਕ ਵਿਰੱਕਤ ਸ਼੍ਰੋਮਣੀ, ਪੂਰਨ ਗਿਆਨਵਾਨ, ਮਹਾਨ ਤੇਜੱਸਵੀ, ਮਹਾਨ ਤਿਆਗੀ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ, ਮਹਾਨ ਤਪੱਸਵੀ ਸੰਤ ਆਤਮਾ ਸਿੰਘ ਜੀ ਮਹਾਰਾਜ (ਜੋ ਕਿ ਬਾਅਦ ਵਿੱਚ ਨਿਰਮਲ ਆਸ਼ਰਮ ਦੇ ਮਹੰਤ ਬਣੇ), ਸੰਤ ਜੈਮਲ ਸਿੰਘ ਜੀ ਅਵਧੂਤ, ਸੰਤ ਮਾਨ ਸਿੰਘ ਜੀ, ਸੰਤ ਗਿਆਨੀ ਬਲਵੰਤ ਸਿੰਘ ਜੀ, ਸੰਤ ਨਿਸਚਲ ਸਿੰਘ ਜੀ ਸਰਗੋਧਾ ਵਾਲੇ, ਸੰਤ ਕਰਤਾਰ ਸਿੰਘ ਜੀ, ਸੰਤ ਮਦਨਮੋਹਨ ਹਰੀ ਜੀ ਅਤੇ ਸੰਤ ਅਰਜਨ ਸਿੰਘ ਜੀ ਭਿਖਸ਼ੂ 'ਖਟ ਸ਼ਾਸਤਰੀ' ਆਦਿ ਸਨ। ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਦੀ ਸ਼ਖਸੀਅਤ ਵਿੱਚ ਇਤਨਾ ਤੇਜ ਸੀ ਕਿ ਉਸ ਸਮੇਂ ਦੇ ਪ੍ਰਸਿੱਧ ਵਿੱਦਵਾਨ ਵੀ ਆਪ ਜੀ ਦੇ ਦਰਸ਼ਨਾਂ ਲਈ ਆਇਆ ਕਰਦੇ ਸਨ ਜਿਨ੍ਹਾਂ ਵਿੱਚੋਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਭਾਈ ਕਾਨ੍ਹ ਸਿੰਘ ਜੀ ਨਾਭਾ, ਭਾਈ ਅਰਜਨ ਸਿੰਘ ਜੀ ਬਾਗੜੀਆਂ, ਬਾਬੂ ਫੀਰੋਜ਼ਦੀਨ ਸ਼ਰਫ, ਐਸ. ਐਸ. ਚਰਨ ਸਿੰਘ 'ਸ਼ਹੀਦ' ਅਤੇ ਪ੍ਰਿੰਸੀਪਲ ਗੰਗਾ ਸਿੰਘ ਜੀ ਆਦਿ ਦੇ ਨਾਮ ਵਰਨਣਯੋਗ ਹਨ।

ਸਮੇਂ ਦੇ ਨਾਲ ਹੁਣ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਦਾ ਸ਼ਰੀਰ ਵੀ ਕਾਫੀ ਬ੍ਰਿਧ ਹੋ ਚੁੱਕਿਆ ਸੀ। ਇੱਕ ਦਿਨ ਮਹਾਂਪੁਰਖਾਂ ਨੇ ਅਪਣਾ ਅੰਤਿਮ ਸਮਾਂ ਨਜ਼ਦੀਕ ਜਾਣਕੇ ਆਸ਼ਰਮ ਦੇ ਸਾਰੇ ਅਸਥਾਨਾਂ ਦਾ ਮਹੰਤ,ਸੰਤ ਆਤਮਾ ਸਿੰਘ ਜੀ ਨੂੰ ਥਾਪ ਦਿੱਤਾ ਅਤੇ ਸੰਨ 1937 ਈ. ਨੂੰ ਅੱਸੂ ਵਦੀ 12 ਵਾਲੇ ਦਿਨ ਨਿਰਮਲ ਬਾਗ, ਕਨਖ਼ਲ (ਹਰਿਦੁਆਰ) ਵਿਖੇ ਅਪਣਾ ਪੰਜ ਭੌਤਿਕ ਸ਼ਰੀਰ ਤਿਆਗ ਦਿੱਤਾ। ਉਨ੍ਹਾਂ ਦੀ ਪਵਿੱਤਰ ਯਾਦ ਵਿੱਚ ਹਰ ਸਾਲ ਅੱਸੂ ਵਦੀ 12 ਵਾਲੇ ਦਿਨ ਨਿਰਮਲ ਬਾਗ, ਕਨਖ਼ਲ ਵਿਖੇ ਬਰਸੀ ਸਮਾਗਮ ਬੜੀ ਸ਼ਰਧਾ ਸਹਿਤ ਮਨਾਇਆ ਜਾਂਦਾ ਹੈ। ਇਸ ਸਮਾਗਮ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਇਕੱਤ੍ਰ ਹੁੰਦੀਆਂ ਹਨ। ਵਰਤਮਾਨ ਗੱਦੀ-ਨਸ਼ੀਨ ਪੂਜਨੀਕ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ, ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਉਪਦੇਸ਼ ਅਤੇ ਅਸ਼ੀਰਵਾਦ ਦੀ ਬਖਸ਼ਿਸ਼ ਕਰਦੇ ਹਨ।

**ਸੰਤ ਜੋਧ ਸਿੰਘ**

ਜੂਨ, 2012 ਨਿਰਮਲ ਆਸ਼ਰਮ ਰਿਸ਼ੀਕੇਸ਼